ਰਜਿਸਟਰਡ ਪੋਸਟਲ ਰਜਿ: ਨੰ.
Pb/PTA(0274)/2024-26,
ਸਾਲ (Year) 58
ਅੰਕ ਨੰਬਰ (Volume No.) 90
ਫ਼ੋਨ: +91- 92168-07500
E-mail: news@charhdikala.com
www.charhdikala.com

ਨਾਨਕ ਨਾਮ ਚੜ੍ਹਦੀਕਲਾ ਤੇਰੇ ਭਾਣੇ ਸਰਬਤ ਦਾ ਭਲਾ

# ਚੜ੍ਹਦੀਕਲਾ

DAILY CHARHDIKALA, PATIALA

ਬਾਨੀ : (ਸਵ.) ਗਿ. ਹਰਨਾਮ ਸਿੰਘ ਜੀ | ਮੁੱਖ ਸੰਪਾਦਕ : ਡਾ. ਜਗਜੀਤ ਸਿੰਘ ਦਰਦੀ | ਸੰਪਾਦਕ : ਹਰਪ੍ਰੀਤ ਸਿੰਘ ਦਰਦੀ

ਕੁੱਲ ਪੰਨੇ: 12 (Thursday, 2 April, 2026) ਵੀਰਵਾਰ, 2 ਅਪ੍ਰੈਲ, 2026, 20 ਚੇਤ (ਪੂਰਨਮਾਸ਼ੀ), ਨਾਨਕਸ਼ਾਹੀ ਸੰਮਤ 558, ਬਿਕ੍ਰਮੀ 2083/ PRGI (RNI) Regd. No. 22972/1972/ ਮੁੱਲ: 2 ਰੁਪਏ

## 2,000 ਰੁਪਏ ਦੇ 98.45 ਫ਼ੀਸਦੀ ਨੋਟ ਬੈਂਕਾਂ ਕੋਲ ਵਾਪਸ ਆਏ: ਆਰ.ਬੀ.ਆਈ.

ਮੁੰਬਈ, 1 ਅਪ੍ਰੈਲ (ਚ.ਨ.ਸ.): ਭਾਰਤੀ ਰਿਜ਼ਰਵ ਬੈਂਕ (ਆਰ.ਬੀ.ਆਈ.) ਨੇ ਬੁੱਧਵਾਰ ਨੂੰ ਜਾਣਕਾਰੀ ਸਾਂਝੀ ਕੀਤੀ ਹੈ ਕਿ ਚਲਣ ਵਿੱਚ ਮੌਜੂਦ 2,000 ਰੁਪਏ ਦੇ 98.45 ਫੀਸਦੀ ਨੋਟ ਹੁਣ ਤੱਕ ਵਾਪਸ ਆ ਚੁੱਕੇ ਹਨ। ਕੇਂਦਰੀ ਬੈਂਕ ਨੇ 19 ਮਈ, 2023 ਨੂੰ ਇਨ੍ਹਾਂ ਗੁਲਾਬੀ ਨੋਟਾਂ ਨੂੰ ਚਲਣ ਤੋਂ ਬਾਹਰ ਕਰਨ ਦਾ ਐਲਾਨ ਕੀਤਾ ਸੀ। ਆਰ.ਬੀ.ਆਈ. ਅਨੁਸਾਰ, ਜਿਸ ਸਮੇਂ ਇਨ੍ਹਾਂ ਨੋਟਾਂ ਨੂੰ ਵਾਪਸ ਲੈਣ ਦਾ ਫੈਸਲਾ ਹੋਇਆ ਸੀ, ਉਸ ਵੇਲੇ ਬਾਜ਼ਾਰ ਵਿੱਚ 3.56 ਲੱਖ ਕਰੋੜ ਰੁਪਏ ਦੇ 2,000 ਦੇ ਨੋਟ ਮੌਜੂਦ ਸਨ, ਜੋ 31 ਮਾਰਚ 2026 ਤੱਕ ਘਟ ਕੇ ਸਿਰਫ਼ 5,501 ਕਰੋੜ ਰੁਪਏ ਰਹਿ ਗਏ ਹਨ। (ਬਾਕੀ ਸਫਾ 2 'ਤੇ)

ਆਸਾਮ ਪੁੱਜੇ ਪ੍ਰਧਾਨ ਮੰਤਰੀ, ਚਾਹ ਦੇ ਬਾਗ਼ 'ਚ ਤੋੜੀਆਂ ਪੱਤੀਆਂ

## ਸੂਬੇ ਵਿੱਚ ਇਹ ਚੋਣ ਵਿਕਸਤ ਆਸਾਮ ਨੂੰ ਵਿਕਸਤ ਭਾਰਤ 'ਚ ਬਦਲਣ ਦੀ ਚੋਣ: ਮੋਦੀ



ਚੜ੍ਹਦੀਕਲਾ ਬਿਊਰੋ

================

ਆਸਾਮ, 1 ਅਪ੍ਰੈਲ :ਪੰਜ ਰਾਜਾਂ ਪੱਛਮੀ ਬੰਗਾਲ, ਤਾਮਿਲਨਾਡੂ, ਕੇਰਲ, ਆਸਾਮ ਅਤੇ ਪੁਡੂਚੇਰੀ ਵਿਚ ਵਿਧਾਨ ਸਭਾ ਚੋਣਾਂ ਹੋ ਰਹੀਆਂ ਹਨ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅੱਜ ਅਸਾਮ ਪਹੁੰਚੇ। ਉਨ੍ਹਾਂ ਨੇ ਅੱਜ ਸਵੇਰੇ ਡਿਬਰੂਗੜ੍ਹ ਵਿਚ ਇਕ ਚਾਹ ਦੇ ਬਾਗ ਦਾ ਦੌਰਾ ਕੀਤਾ ਅਤੇ ਉੱਥੇ ਕੰਮ ਕਰਨ ਵਾਲੀਆਂ ਔਰਤਾਂ ਨਾਲ ਗੱਲਬਾਤ ਕੀਤੀ। ਪ੍ਰਧਾਨ ਮੰਤਰੀ ਨੇ ਉੱਥੇ ਚਾਹ ਦੀਆਂ ਪੱਤੀਆਂ ਵੀ ਤੋੜੀਆਂ ਤੇ ਉਨ੍ਹਾਂ ਔਰਤਾਂ ਨਾਲ ਸੈਲਫ਼ੀ ਵੀ ਲਈ।

ਇਸ ਤੋਂ ਬਾਅਦ ਜਨਸਭਾ ਨੂੰ ਸੰਬੋਧਨ ਕਰਦੇ ਹੋਏ ਪ੍ਰਧਾਨ ਮੰਤਰੀ ਨੇ ਕਿਹਾ ਕਿ ਆਸਾਮ ਵਿਚ ਇਹ ਚੋਣ ਇਕ ਵਿਕਸਤ ਆਸਾਮ ਨੂੰ ਵਿਕਸਤ ਭਾਰਤ ਵਿਚ ਬਦਲਣ ਦੀ ਚੋਣ ਹੈ। ਇਸ ਵਾਰ ਭਾਜਪਾ-ਐਨ.ਡੀ.ਏ. ਯਕੀਨੀ ਤੌਰ 'ਤੇ ਹੈਟ੍ਰਿਕ ਲਗਾਉਣਗੇ। ਕਾਂਗਰਸ ਹਾਰਾਂ ਦੀ ਹੈਟ੍ਰਿਕ ਦਾ ਸਾਹਮਣਾ ਕਰਨ ਵਾਲੀ ਹੈ। ਆਸਾਮ ਲਗਾਤਾਰ ਤੀਜੀ ਵਾਰ ਭਾਜਪਾ-ਐਨ.ਡੀ.ਏ. ਸਰਕਾਰ ਬਣਾ ਰਿਹਾ ਹੈ। ਕਾਂਗਰਸ ਦਾ ਅਖੌਤੀ ਰਾਜਕੁਮਾਰ ਹਾਰਾਂ ਦੀ ਸਦੀ ਬਣਾਉਣ ਵਾਲਾ ਹੈ।ਪ੍ਰਧਾਨ ਮੰਤਰੀ ਨੇ ਕਿਹਾ ਕਿ ਆਸਾਮ ਚੋਣਾਂ ਦੇ ਐਲਾਨ ਤੋਂ ਬਾਅਦ ਇਹ ਮੇਰੀ ਪਹਿਲੀ ਜਨਤਕ ਮੀਟਿੰਗ ਹੈ।

ਸਾਡੇ ਸਾਹਮਣੇ ਲੋਕਾਂ ਦਾ ਸਮੁੰਦਰ ਹੈ, ਭੈਣਾਂ-ਧੀਆਂ ਦਾ ਆਸ਼ੀਰਵਾਦ, ਨੌਜਵਾਨਾਂ ਦਾ ਸਮਰਥਨ...ਪੂਰੀ ਸੜਕ ਖਚਾਖਚ ਭਰੀ ਹੋਈ ਹੈ। ਇਹ ਪਿਆਰ ਇਕ ਖੁੱਲ੍ਹਾ ਐਲਾਨ ਹੈ ਕਿ ਇਸ ਵਾਰ ਹੈਟ੍ਰਿਕ ਤੈਅ ਹੈ।ਉਨ੍ਹਾਂ ਕਿਹਾ ਕਿ ਤੁਹਾਡੇ ਆਸ਼ੀਰਵਾਦ ਨਾਲ ਮੈਨੂੰ ਪ੍ਰਧਾਨ ਮੰਤਰੀ ਵਜੋਂ ਹੈਟ੍ਰਿਕ ਬਣਾਉਣ ਦਾ ਮੌਕਾ ਮਿਲਿਆ ਹੈ। ਮੈਂ ਤੀਜੀ ਵਾਰ ਇਸ ਮੈਦਾਨ 'ਤੇ ਆਇਆ ਹਾਂ। ਤੁਹਾਡੇ (ਬਾਕੀ ਸਫਾ 2 'ਤੇ)

## ਪੰਜਾਬ 'ਚ ਬਰਾਬਰ ਵਿਕਾਸ ਯਕੀਨੀ ਬਣਾਉਣ ਲਈ ਪਹਿਲੀ ਵਾਰ ਜਾਤ ਆਧਾਰਤ ਸਮਾਜਿਕ-ਆਰਥਿਕ ਸਰਵੇਖਣ ਕਰਵਾਇਆ ਜਾਵੇਗਾ: ਮਾਨ

ਚੜ੍ਹਦੀਕਲਾ ਬਿਊਰੋ

================

ਚੰਡੀਗੜ੍ਹ, 1 ਅਪ੍ਰੈਲ : ਪੰਜਾਬ ਸਰਕਾਰ ਦੀ 'ਸ਼ਾਨਦਾਰ ਚਾਰ ਸਾਲ ਭਗਵੰਤ ਮਾਨ ਦੇ ਨਾਲ' ਲੜੀ ਦੇ ਹਿੱਸੇ ਵਜੋਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ ਦਾ ਚਾਰ ਸਾਲਾਂ ਦਾ ਵਿਆਪਕ ਰਿਪੋਰਟ ਕਾਰਡ ਪੇਸ਼ ਕੀਤਾ, ਜਿਸ ਵਿੱਚ ਇਹ ਦਰਸਾਇਆ ਗਿਆ ਕਿ ਕਿਵੇਂ ਨਿਰੰਤਰ ਨੀਤੀਗਤ ਦਖਲਅੰਦਾਜ਼ੀ ਨੇ ਪਿੰਡਾਂ ਦੇ ਬੁਨਿਆਦੀ ਢਾਂਚੇ ਨੂੰ ਬਦਲਿਆ ਹੈ, ਜ਼ਮੀਨੀ ਪੱਧਰ 'ਤੇ ਪ੍ਰਸ਼ਾਸਨ ਨੂੰ ਮਜ਼ਬੂਤ ਕੀਤਾ ਹੈ ਅਤੇ ਪੇਂਡੂ ਖ਼ੇਤਰ ਵਿੱਚ ਰੋਜ਼ਗਾਰ ਦੇ ਮੌਕੇ ਵਧਾਏ ਹਨ।



ਪੇਂਡੂ ਵਿਕਾਸ ਨੂੰ ਸਮੁੱਚੇ ਵਿਕਾਸ ਦੇ ਕੇਂਦਰੀ ਥੰਮ੍ਹ ਵਜੋਂ ਦਰਸਾਉਂਦੇ ਹੋਏ ਮੁੱਖ ਮੰਤਰੀ ਨੇ ਪੰਜਾਬ ਦੇ ਪਹਿਲੇ ਜਾਤੀ ਸਮਾਜਿਕ-ਆਰਥਿਕ ਸਰਵੇਖਣ ਦੀ ਸ਼ੁਰੂਆਤ ਤੋਂ ਲੈ ਕੇ ਵੱਡੇ ਪੱਧਰ 'ਤੇ ਬੁਨਿਆਦੀ ਢਾਂਚਾ ਸਿਰਜਣ, ਪਾਰਦਰਸ਼ੀ ਭੂਮੀ ਪ੍ਰਬੰਧਨ ਰਾਹੀਂ ਮਾਲੀਆ ਪੈਦਾ ਕਰਨ ਅਤੇ ਨੌਜਵਾਨ-ਕੇਂਦ੍ਰਿਤ ਵਿਕਾਸ ਪ੍ਰੋਗਰਾਮਾਂ ਸਮੇਤ ਮੁੱਖ ਪਹਿਲਕਦਮੀਆਂ ਦੀ ਰੂਪ-ਰੇਖਾ ਪੇਸ਼ ਕੀਤੀ। ਪਹਿਲੀ ਅਪ੍ਰੈਲ ਤੋਂ ਸ਼ੁਰੂ ਹੋਣ ਵਾਲੇ ਜਾਤੀ ਆਧਾਰਤ ਸਮਾਜਿਕ-ਆਰਥਿਕ ਸਰਵੇਖਣ ਨੂੰ ਬਰਾਬਰੀ ਤੇ ਨੀਤੀ ਨਿਰਮਾਣ ਯਕੀਨੀ ਬਣਾਉਣ ਵਿੱਚ ਮਹੱਤਵਪੂਰਨ ਦੱਸਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਇਸ ਦਾ ਉਦੇਸ਼ ਕਾਰਵਾਈ ਨੂੰ ਗੁਪਤ ਰੱਖਦਿਆਂ ਸਾਰੇ ਭਾਈਚਾਰਿਆਂ ਦੇ ਜੀਵਨ ਪੱਧਰ ਦਾ ਮੁਲਾਂਕਣ ਕਰਨਾ ਹੈ। ਉਨ੍ਹਾਂ ਕਿਹਾ ਕਿ ਪੇਂਡੂ ਵਿਕਾਸ ਰਿਪੋਰਟ ਕਾਰਡ ਇਕ ਵਿਆਪਕ ਸ਼ਾਸਨ ਢਾਂਚੇ ਦਾ ਹਿੱਸਾ ਹੈ, ਜਿਸ ਤਹਿਤ 'ਆਪ' ਸਰਕਾਰ ਸਿੱਖਿਆ, ਸਿਹਤ ਸੰਭਾਲ, ਸਿੰਜਾਈ, ਖੇਤੀਬਾੜੀ ਅਤੇ ਹੋਰ ਮੁੱਖ ਖੇਤਰਾਂ ਵਿੱਚ ਸੈਕਟਰ-ਵਾਰ ਪ੍ਰਦਰਸ਼ਨ ਦੇ ਨਾਲ-ਨਾਲ ਜਵਾਬਦੇਹੀ, ਪਾਰਦਰਸ਼ਤਾ ਅਤੇ ਨਤੀਜਿਆਂ 'ਤੇ ਆਪਣਾ ਧਿਆਨ ਕੇਂਦਰਿਤ ਕਰ ਰਹੀ ਹੈ। (ਬਾਕੀ ਸਫਾ 2 'ਤੇ)

ਆੜ੍ਹਤੀਆਂ ਦੀ ਹੜਤਾਲ ਦਾ ਮਾਮਲਾ

## ਬਲੈਕਮੇਲਿੰਗ ਦੇ ਦਮ 'ਤੇ ਨਹੀਂ ਚੱਲੇਗੀ ਹੜਤਾਲ: ਮੁੱਖ ਮੰਤਰੀ

ਚੜ੍ਹਦੀਕਲਾ ਬਿਊਰੋ

================

ਚੰਡੀਗੜ੍ਹ, 1 ਅਪ੍ਰੈਲ :ਪੰਜਾਬ ਦੀਆਂ ਮੰਡੀਆਂ ਵਿੱਚ ਅੱਜ ਕਣਕ ਦੀ ਖਰੀਦ ਸ਼ੁਰੂ ਹੋ ਗਈ ਹੈ ਪਰ ਕਮਿਸ਼ਨ ਏਜੰਟ ਹੜਤਾਲ 'ਤੇ ਚਲੇ ਗਏ ਹਨ। ਇਸ ਮੁੱਦੇ 'ਤੇ ਹੁਣ ਮੁੱਖ ਮੰਤਰੀ ਭਗਵੰਤ ਮਾਨ ਨੇ ਅੱਜ ਪ੍ਰੈੱਸ ਕਾਨਫਰੰਸ ਦੌਰਾਨ ਵੱਡਾ ਬਿਆਨ ਦਿੱਤਾ। ਉਨ੍ਹਾਂ ਕਿਹਾ ਕਿ ਬਲੈਕਮੇਲਿੰਗ ਦੇ ਦਮ 'ਤੇ ਹੜਤਾਲ ਨਹੀਂ ਚੱਲੇਗੀ। ਆਪਣੀਆਂ ਮੰਗਾਂ ਮਨਵਾਉਣ ਲਈ ਬਲੈਕਮੇਲ ਕਰਨਾ ਸਹੀ ਗੱਲ ਨਹੀਂ ਹੈ। ਮੁੱਖ ਮੰਤਰੀ ਭਗਵੰਤ ਮਾਨ ਨੇ ਸਪਸ਼ਟ ਕੀਤਾ ਹੈ ਕਿ ਆੜ੍ਹਤੀਆਂ ਦੀਆਂ ਮੰਗਾਂ ਕੇਂਦਰ ਨਾਲ ਸਬੰਧਤ ਹਨ। ਜਿਹੜੀ ਚੀਜ਼ ਸਾਡੇ ਹੱਥ ਵਿੱਚ ਨਹੀਂ ਹੈ ਉਸ ਲਈ ਅਸੀਂ ਕੁਝ ਨਹੀਂ ਕਰ ਸਕਦੇ। ਕਮਿਸ਼ਨ ਏਜੰਟਾਂ ਦੇ ਸੱਦੇ ਤੋਂ ਬਾਅਦ, ਪੰਜਾਬ ਸਰਕਾਰ ਨੇ ਇਸ ਮੁੱਦੇ 'ਤੇ ਉਨ੍ਹਾਂ ਨਾਲ ਮੀਟਿੰਗ ਕਰਨ ਦਾ ਫੈਸਲਾ ਕੀਤਾ ਹੈ। ਆੜ੍ਹਤੀਆ ਐਸੋਸੀਏਸ਼ਨ ਦੇ ਪ੍ਰਧਾਨ ਨੇ ਕਿਹਾ ਕਿ ਸਰਕਾਰ ਨੇ ਉਨ੍ਹਾਂ ਨੂੰ ਮੀਟਿੰਗ ਲਈ ਬੁਲਾਇਆ ਹੈ। ਉਨ੍ਹਾਂ ਸਪੱਸ਼ਟ ਕੀਤਾ ਕਿ ਹੜਤਾਲ ਬਲੈਕਮੇਲਿੰਗ 'ਤੇ ਅਧਾਰਤ ਨਹੀਂ ਹੋਵੇਗੀ। ਹਾਲਾਂਕਿ, ਉਨ੍ਹਾਂ ਦੀ ਹੜਤਾਲ (ਬਾਕੀ ਸਫਾ 2 'ਤੇ)

ਡੀ.ਐਮ. ਗਗਨਦੀਪ ਰੰਧਾਵਾ ਖ਼ੁਦਕੁਸ਼ੀ ਮਾਮਲਾ

## ਲਾਲਜੀਤ ਭੁੱਲਰ ਨੂੰ ਅਦਾਲਤ ਨੇ 14 ਦਿਨਾਂ ਦੀ ਨਿਆਂਇਕ ਹਿਰਾਸਤ 'ਚ ਭੇਜਿਆ

ਬਬਲੂ ਮਹਾਜਨ

================



ਅੰਮ੍ਰਿਤਸਰ , 1 ਅਪ੍ਰੈਲ : ਪੰਜਾਬ ਵੇਅਰਹਾਊਸ ਦੇ ਡਿਸਟ੍ਰਿਕਟ ਮੈਨੇਜਰ (ਡੀਐਮ) ਗਗਨਦੀਪ ਸਿੰਘ ਰੰਧਾਵਾ ਦੀ ਮੌਤ ਦੇ ਮਾਮਲੇ ਵਿੱਚ ਅਹਿਮ ਵਿਕਾਸ ਸਾਹਮਣੇ ਆਇਆ ਹੈ। ਇਸ ਸਬੰਧੀ ਗ੍ਰਿਫ਼ਤਾਰ ਕੀਤੇ ਗਏ ਸਾਬਕਾ ਮੰਤਰੀ ਲਾਲਜੀਤ ਸਿੰਘ ਭੁੱਲਰ ਨੂੰ ਅੱਜ ਅੰਮ੍ਰਿਤਸਰ ਦੀ ਅਦਾਲਤ ਵਿੱਚ ਪੇਸ਼ ਕੀਤਾ ਗਿਆ। ਅਦਾਲਤ ਨੇ ਮਾਮਲੇ ਦੀ ਗੰਭੀਰਤਾ ਨੂੰ ਦੇਖਦਿਆਂ ਭੁੱਲਰ ਨੂੰ 14 ਦਿਨਾਂ ਦੀ ਨਿਆਂਇਕ ਹਿਰਾਸਤ ਵਿੱਚ ਭੇਜਣ ਦੇ ਹੁਕਮ ਜਾਰੀ ਕੀਤੇ ਹਨ।

ਜਾਣਕਾਰੀ ਮੁਤਾਬਕ, ਪੁਲਿਸ ਵੱਲੋਂ ਮਾਮਲੇ ਦੀ ਜਾਂਚ ਜਾਰੀ ਹੈ ਅਤੇ ਇਸ ਦੌਰਾਨ ਕਈ ਮਹੱਤਵਪੂਰਨ ਸਬੂਤ ਇਕੱਠੇ ਕੀਤੇ ਜਾ ਰਹੇ ਹਨ। ਜਾਂਚ ਏਜੰਸੀਆਂ ਦਾ ਕਹਿਣਾ ਹੈ ਕਿ ਰੰਧਾਵਾ ਦੀ ਮੌਤ ਦੇ ਪਿੱਛੇ ਦੇ ਹਾਲਾਤਾਂ ਨੂੰ ਪੂਰੀ ਤਰ੍ਹਾਂ ਸਾਫ਼ ਕਰਨ ਲਈ ਹਰ ਪੱਖ ਤੋਂ ਜਾਂਚ ਕੀਤੀ ਜਾ ਰਹੀ ਹੈ। ਇਸ ਮਾਮਲੇ ਨੇ ਸੂਬੇ ਭਰ (ਬਾਕੀ ਸਫਾ 2 'ਤੇ)

## ਫ਼ੱਤੂਢੀਂਗਾ 'ਚ ਬਲਾਕ ਸੰਮਤੀ ਚੋਣ ਦੌਰਾਨ ਹੰਗਾਮਾ: ਚੱਲੀਆਂ ਗੋਲ਼ੀਆਂ, ਚੋਣ ਰੱਦ

ਕਪੂਰਥਲਾ, 1 ਅਪ੍ਰੈਲ (ਚ.ਨ.ਸ.):ਕਪੂਰਥਲਾ ਜ਼ਿਲ੍ਹੇ ਦੇ ਫੱਤੂਢੀਂਗਾ ਵਿੱਚ ਬਲਾਕ ਸੰਮਤੀ ਚੇਅਰਮੈਨ ਦੀ ਚੋਣ ਦੌਰਾਨ ਸਿਆਸੀ ਮਾਹੌਲ ਉਸ ਸਮੇਂ ਭੱਖ ਗਿਆ ਜਦੋਂ ਮੌਕੇ 'ਤੇ ਫਾਇਰਿੰਗ ਹੋਣ ਕਾਰਨ ਦਹਿਸ਼ਤ ਫੈਲ ਗਈ। ਸੁਲਤਾਨਪੁਰ ਲੋਧੀ ਦੇ ਆਜ਼ਾਦ ਵਿਧਾਇਕ ਰਾਣਾ ਇੰਦਰਪ੍ਰਤਾਪ ਸਿੰਘ ਅਤੇ ਆਮ ਆਦਮੀ ਪਾਰਟੀ ਦੇ ਆਗੂਆਂ ਵਿਚਾਲੇ ਹੋਏ ਇਸ ਟਕਰਾਅ ਕਾਰਨ ਚੋਣ ਪ੍ਰਕਿਰਿਆ ਨੂੰ ਤੁਰੰਤ ਰੱਦ ਕਰਨਾ ਪਿਆ। ਰਾਣਾ ਇੰਦਰਪ੍ਰਤਾਪ ਨੇ ਦੋਸ਼ ਲਾਇਆ ਕਿ ਵਿਰੋਧੀ ਧਿਰ ਨੇ ਉਨ੍ਹਾਂ ਦੇ ਮੈਂਬਰਾਂ ਦਾ ਰਾਹ ਰੋਕਿਆ ਅਤੇ ਗੋਲੀ ਚਲਾਈ, ਜਦੋਂਕਿ 'ਆਪ' ਆਗੂ ਸੱਜਣ ਸਿੰਘ ਚੀਮਾ ਨੇ ਇਨ੍ਹਾਂ ਦੋਸ਼ਾਂ ਨੂੰ ਨਕਾਰਦਿਆਂ ਉਲਟਾ ਰਾਣਾ ਧੜੇ 'ਤੇ ਹੀ ਗੋਲੀ ਚਲਾਉਣ ਦਾ ਇਲਜ਼ਾਮ ਲਾਇਆ ਹੈ। ਐਸ.ਪੀ. ਹਰਿੰਦਰ ਸਿੰਘ ਗਿੱਲ ਅਨੁਸਾਰ ਪੁਲਿਸ (ਬਾਕੀ ਸਫਾ 2 'ਤੇ)

## ਚੰਡੀਗੜ੍ਹ 'ਚ ਪੰਜਾਬ ਭਾਜਪਾ ਦੇ ਦ਼ਫਤਰ ਬਾਹਰ ਧਮਾਕਾ, ਜਾਨੀ ਨੁਕਸਾਨ ਤੋਂ ਰਿਹਾ ਬਚਾਅ





ਚੜ੍ਹਦੀਕਲਾ ਬਿਊਰੋ

================

ਚੰਡੀਗੜ੍ਹ, 1 ਅਪ੍ਰੈਲ :ਚੰਡੀਗੜ੍ਹ ਦੇ ਸੈਕਟਰ 37 ਵਿੱਚ ਸਥਿਤ ਪੰਜਾਬ ਭਾਜਪਾ ਦੇ ਦਫਤਰ ਦੇ ਬਾਹਰ ਅੱਜ ਸ਼ਾਮ ਸਮੇਂ ਜ਼ੋਰਦਾਰ ਧਮਾਕਾ ਹੋਇਆ ਹੈ। ਭਾਜਪਾ ਦਫਤਰ ਦੇ ਬਾਹਰ ਧਮਾਕਾ ਹੋਣ ਦੇ ਨਾਲ ਹੀ ਇਲਾਕੇ ਵਿੱਚ ਦਹਿਸ਼ਤ ਦਾ ਮਾਹੌਲ ਬਣ ਗਿਆ। ਜਦੋਂ ਕਿ ਇਸ ਬਾਰੇ ਜਾਣਕਾਰੀ ਮਿਲਦੇ ਹੀ ਚੰਡੀਗੜ੍ਹ ਪੁਲਿਸ ਨੇ ਮੌਕੇ 'ਤੇ ਪਹੁੰਚ ਕੇ ਜਾਂਚ ਸ਼ੁਰੂ ਕਰ ਦਿੱਤੀ। ਜਾਣਕਾਰੀ ਅਨੁਸਾਰ ਇਹ ਧਮਾਕਾ ਅੱਜ ਦਿਨ ਬੁੱਧਵਾਰ ਨੂੰ ਸ਼ਾਮ 5:30 ਵਜੇ ਦੇ ਕਰੀਬ ਹੋਇਆ। ਇਸ ਦੌਰਾਨ ਕਿਸੇ ਕਿਸਮ ਦੇ ਜਾਨੀ ਨੁਕਸਾਨ (ਬਾਕੀ ਸਫਾ 2 'ਤੇ)

### ਧਮਾਕੇ ਦੀ ਭਾਜਪਾ ਆਗੂਆਂ ਵੱਲੋਂ ਨਿਖੇਧੀ

ਚੰਡੀਗੜ੍ਹ, 1 ਅਪ੍ਰੈਲ (ਚ.ਨ.ਸ.): ਚੰਡੀਗੜ੍ਹ ਵਿਚ ਭਾਰਤੀ ਜਨਤਾ ਪਾਰਟੀ ਦੇ ਦਫ਼ਤਰ ਬਾਹਰ ਧਮਾਕੇ ਮਗਰੋਂ ਸਿਆਸੀ ਮਾਹੌਲ ਗਰਮਾ ਗਿਆ ਹੈ। ਇਸ ਦੌਰਾਨ ਇਸ ਘਟਨਾ ਦੀ ਕੇਂਦਰੀ ਮੰਤਰੀ ਰਵਨੀਤ ਬਿੱਟੂ ਸਣੇ ਭਾਜਪਾ ਆਗੂਆਂ ਵੱਲੋਂ ਸਖ਼ਤ ਸ਼ਬਦਾਂ ਵਿਚ ਨਿਖੇਧੀ ਕੀਤੀ ਗਈ ਹੈ।

ਕੇਂਦਰੀ ਮੰਤਰੀ ਰਵਨੀਤ ਸਿੰਘ ਬਿੱਟੂ ਨੇ ਸਖ਼ਤ ਸ਼ਬਦਾਂ ਵਿੱਚ ਇਸ ਦੀ ਨਿੰਦਿਆ ਕਰਦਿਆਂ ਕਿਹਾ ਕਿ ਅਜਿਹੀਆਂ ਕਾਇਰਾਨਾ ਹਰਕਤਾਂ ਨਾਲ (ਬਾਕੀ ਸਫਾ 2 'ਤੇ)

ਪਟਿਆਲਾ ਜੇਲ੍ਹ 'ਚ ਬੰਦ ਭਾਈ ਰਾਜੋਆਣਾ ਨੇ ਜਥੇ. ਗੜਗੱਜ ਨੂੰ ਲਿਖੀ ਚਿੱਠੀ

## ਸ਼੍ਰੋਮਣੀ ਕਮੇਟੀ ਨੂੰ ਫਾਂਸੀ ਸਬੰਧੀ ਪਾਈ ਅਪੀਲ ਵਾਪਸ ਲੈਣ ਦੀ ਕੀਤੀ ਅਪੀਲ

ਬਬਲੂ ਮਹਾਜਨ

================

ਅੰਮ੍ਰਿਤਸਰ , 1 ਅਪ੍ਰੈਲ : ਕੇਂਦਰੀ ਜੇਲ੍ਹ ਪਟਿਆਲਾ ਵਿਚ ਲੰਬੇ ਸਮੇਂ ਤੋਂ ਨਜ਼ਰਬੰਦ ਭਾਈ ਬਲਵੰਤ ਸਿੰਘ ਰਾਜੋਆਣਾ ਵੱਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੂੰ ਇੱਕ ਮਹੱਤਵਪੂਰਨ ਪੱਤਰ ਲਿਖਿਆ ਗਿਆ ਹੈ। ਇਸ ਪੱਤਰ ਵਿੱਚ ਰਾਜੋਆਣਾ ਨੇ ਆਪਣੀ ਫਾਂਸੀ ਦੀ ਸਜ਼ਾ ਨੂੰ ਉਮਰ ਕੈਦ ਵਿੱਚ ਤਬਦੀਲ ਕਰਨ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਦਾਇਰ ਕੀਤੀ ਗਈ ਪਟੀਸ਼ਨ ਨੂੰ ਵਾਪਸ ਲੈਣ ਲਈ 10 ਦਿਨਾਂ ਦੇ ਅੰਦਰ ਹੁਕਮ ਜਾਰੀ ਕਰਨ ਦੀ ਅਪੀਲ ਕੀਤੀ ਹੈ।



ਪੰਜ ਸਫਿਆਂ ਦੇ ਇਸ ਪੱਤਰ ਵਿੱਚ ਰਾਜੋਆਣਾ ਨੇ ਦਰਸਾਇਆ ਕਿ ਸਾਲ 2012 ਵਿੱਚ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਹਦਾਇਤ 'ਤੇ ਹੀ ਸ਼੍ਰੋਮਣੀ ਕਮੇਟੀ ਵੱਲੋਂ ਇਹ ਅਪੀਲ ਦਾਇਰ ਕੀਤੀ ਗਈ ਸੀ। ਉਨ੍ਹਾਂ ਕਿਹਾ ਕਿ ਉਸ ਸਮੇਂ ਦੇ ਹਾਲਾਤ ਵੱਖਰੇ ਸਨ, ਪਰ ਮੌਜੂਦਾ ਪ੍ਰਸੰਗ ਵਿੱਚ ਇਹ ਪਟੀਸ਼ਨ ਵਾਪਸ ਲੈਣੀ ਚਾਹੀਦੀ ਹੈ, ਤਾਂ ਜੋ ਉਨ੍ਹਾਂ ਦੇ ਮਾਮਲੇ 'ਚ ਹੋ ਰਹੀ ਬੇਇਨਸਾਫੀ ਨੂੰ ਇਤਿਹਾਸਕ ਤੌਰ 'ਤੇ ਦਰਜ (ਬਾਕੀ ਸਫਾ 2 'ਤੇ)

## ਰੰਧਾਵਾ ਦੇ ਘਰ ਦੀ ਬਿਜਲੀ ਕੱਟਣ ਦੇ ਦੋਸ਼ 'ਚ ਗ੍ਰਿਫ਼ਤਾਰ ਵਿਅਕਤੀ ਦੀ ਪੁਲਿਸ ਹਿਰਾਸਤ ਦੌਰਾਨ ਮੌਤ

ਅੰਮ੍ਰਿਤਸਰ,1 ਅਪ੍ਰੈਲ (ਚ.ਨ.ਸ.): ਪਿਛਲੇ ਮਹੀਨੇ ਖ਼ੁਦਕੁਸ਼ੀ ਕਰਨ ਵਾਲੇ ਪੰਜਾਬ ਰਾਜ ਗੋਦਾਮ ਨਿਗਮ ਦੇ ਜ਼ਿਲ੍ਹਾ ਅਧਿਕਾਰੀ ਗਗਨਦੀਪ ਸਿੰਘ ਰੰਧਾਵਾ ਦੇ ਘਰ ਦੀ ਬਿਜਲੀ ਕੱਟਣ ਦੇ ਦੋਸ਼ ਹੇਠ ਪੁਲਿਸ ਵੱਲੋਂ ਗ੍ਰਿਫਤਾਰ ਕੀਤੇ ਗਏ ਵਿਅਕਤੀ ਗੁਰਬਖਸ਼ੀਸ਼ ਸਿੰਘ ਦੀ ਪੁਲਿਸ ਹਿਰਾਸਤ ਦੌਰਾਨ ਮੌਤ ਹੋਣ ਦੀ ਸੂਚਨਾ ਮਿਲੀ ਹੈ। ਪੁਲਿਸ ਨੇ ਇਸ ਮਾਮਲੇ ਵਿੱਚ ਦੋ ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਸੀ, ਜਿਨ੍ਹਾਂ ਵਿੱਚ ਗੁਰਬਖਸ਼ੀਸ਼ ਸਿੰਘ ਵੀ ਸ਼ਾਮਿਲ ਸੀ। ਉਹ ਪੰਜ ਦਿਨ ਦੇ ਪੁਲਿਸ ਰਿਮਾਂਡ 'ਤੇ ਸੀ। ਪੁਲਿਸ ਸੂਤਰਾਂ ਮੁਤਾਬਕ ਗੁਰਬਖਸ਼ੀਸ਼ ਸਿੰਘ ਵਾਸੀ ਫੈਜਪੁਰਾ ਐਚ ਆਈ ਵੀ ਨਾਲ ਪੀੜਤ ਸੀ ਅਤੇ ਉਸ ਦੇ ਪਰਿਵਾਰ ਵੱਲੋਂ ਉਸ ਦਾ ਇਲਾਜ ਵੀ ਕਰਵਾਇਆ ਜਾ ਰਿਹਾ ਸੀ। ਹਿਰਾਸਤ ਦੌਰਾਨ ਉਸ ਦੀ ਸਿਹਤ ਵਿਗੜ ਗਈ ਸੀ, ਜਿਸ ਤੋਂ ਬਾਅਦ ਉਸ ਨੂੰ ਸਿਵਲ (ਬਾਕੀ ਸਫਾ 2 'ਤੇ)

## ਰਸੋਈ ਗੈਸ ਦੀਆਂ ਕੀਮਤਾਂ 'ਤੇ ਚਰਚਾ ਨੂੰ ਲੈ ਕੇ ਰਾਜ ਸਭਾ 'ਚ ਖੜਗੇ ਅਤੇ ਰਿਜਿਜੂ ਹੋਏ ਆਹਮੋ-ਸਾਹਮਣੇ

ਚੜ੍ਹਦੀਕਲਾ ਬਿਊਰੋ

================



ਨਵੀਂ ਦਿੱਲੀ, 1 ਅਪ੍ਰੈਲ :ਰਸੋਈ ਗੈਸ (ਐੱਲਪੀਜੀ) ਦੀਆਂ ਕੀਮਤਾਂ 'ਤੇ ਚਰਚਾ ਦੀ ਮੰਗ ਨੂੰ ਲੈ ਕੇ ਰਾਜ ਸਭਾ 'ਚ ਵਿਰੋਧੀ ਧਿਰ ਦੇ ਨੇਤਾ ਮਲਿਕਾਰਜੁਨ ਖੜਗੇ ਅਤੇ ਸੰਸਦੀ ਕਾਰਜ ਮੰਤਰੀ ਕਿਰਨ ਰਿਜਿਜੂ ਵਿਚਾਲੇ ਬੁੱਧਵਾਰ ਨੂੰ ਹਲਕੀ ਬਹਿਸ ਦੇਖਣ ਨੂੰ ਮਿਲੀ। ਸਦਨ 'ਚ ਪ੍ਰਸ਼ਨਕਾਲ ਦੀ ਕਾਰਵਾਈ ਸ਼ੁਰੂ ਹੋਣ ਤੋਂ ਠੀਕ ਪਹਿਲਾਂ ਖੜਗੇ ਨੇ ਕਿਹਾ ਕਿ ਸਰਕਾਰ ਜਦੋਂ ਚਾਹੁੰਦੀ ਹੈ, ਉਦੋਂ ਬਿੱਲ ਲਿਆਂਦੀ ਹੈ, ਜਿਸ ਵੀ ਮੁੱਦੇ 'ਤੇ ਚਾਹੁੰਦੀ ਹੈ ਚਰਚਾ ਕਰਵਾਉਂਦੀ ਹੈ ਅਤੇ ਬਿਆਨ ਦਿੰਦੀ ਹੈ ਪਰ ਵਿਰੋਧੀ ਧਿਰ ਜੇਕਰ ਕਿਸੇ ਵੀ ਮੁੱਦੇ 'ਤੇ ਚਰਚਾ ਦੀ ਮੰਗ ਕਰਦੀ ਹੈ ਤਾਂ ਉਸ ਨੂੰ ਠੁਕਰਾ ਦਿੱਤਾ ਜਾਂਦਾ ਹੈ। ਵਿਰੋਧੀ ਧਿਰ ਦੇ ਨੇਤਾ ਨੇ ਕਿਹਾ ਕਿ ਉਨ੍ਹਾਂ ਨੇ ਖੁਦ 2 ਵਾਰ ਨਿਯਮ 176 ਦੇ ਅਧੀਨ ਥੋੜ੍ਹੇ ਸਮੇਂ ਦੀ ਚਰਚਾ ਲਈ ਨੋਟਿਸ ਦਿੱਤਾ ਸੀ, ਜਿਸ ਨੂੰ ਸਵੀਕਾਰ ਨਹੀਂ ਕੀਤਾ ਗਿਆ। ਉਨ੍ਹਾਂ ਕਿਹਾ ਕਿ ਪੂਰੀ ਦੁਨੀਆਂ ਐੱਲਪੀਜੀ ਅਤੇ ਗੈਸ ਲਈ ਪਰੇਸ਼ਾਨ ਹੈ ਪਰ ਸਰਕਾਰ ਕੋਲ ਇਸ 'ਤੇ ਚਰਚਾ ਲਈ ਸਮਾਂ ਨਹੀਂ ਹੈ, ਜਦੋਂ ਕਿ ਕੀਮਤਾਂ ਤੇਜ਼ੀ ਨਾਲ ਵੱਧ ਰਹੀਆਂ ਹਨ। ਇਸ 'ਤੇ ਰਿਜਿਜੂ ਨੇ ਕਿਹਾ ਕਿ ਸੰਸਦ ਦੇ ਦੋਵਾਂ ਸਦਨਾਂ 'ਚ ਸਬੰਧਤ ਮੰਤਰੀਆਂ ਨੇ ਬਿਆਨ ਦਿੱਤੇ ਹਨ, ਪ੍ਰਧਾਨ ਮੰਤਰੀ ਨੇ ਵੀ ਦੋਵਾਂ ਸਦਨਾਂ 'ਚ ਪੱਛਮੀ ਏਸ਼ੀਆ ਦੀ ਸਥਿਤੀ 'ਤੇ ਬਿਆਨ ਦਿੱਤੇ ਹਨ। ਇੱਥੋਂ ਤੱਕ ਕਿ ਵਿੱਤ ਬਿੱਲ 'ਤੇ ਚਰਚਾ ਦੌਰਾਨ ਵੀ ਜ਼ਿਆਦਾਤਰ ਵਿਰੋਧੀ ਮੈਂਬਰਾਂ ਨੇ ਐੱਲਪੀਜੀ ਦੇ ਮੁੱਦੇ 'ਤੇ ਵੀ ਆਪਣੀ ਗੱਲ ਰੱਖੀ ਸੀ, ਜਿਸ ਦਾ ਵਿੱਤ ਮੰਤਰੀ ਨੇ ਵਿਸਥਾਰਪੂਰਵਕ ਜਵਾਬ ਦਿੱਤਾ ਸੀ। ਉਨ੍ਹਾਂ ਕਿਹਾ ਕਿ ਭਾਰਤ ਨੇ ਸਥਿਤੀ ਨੂੰ ਚੰਗੀ ਤਰ੍ਹਾਂ ਸੰਭਾਲਿਆ ਹੈ ਅਤੇ ਪੈਟਰੋਲ-ਡੀਜ਼ਲ 'ਤੇ ਐਕਸਾਈਜ਼ ਡਿਊਟੀ 10 ਰੁਪਏ ਘਟਾਉਣ ਦਾ ਇਤਿਹਾਸਕ ਕਦਮ ਚੁੱਕਿਆ ਹੈ। ਸੰਸਦੀ ਕਾਰਜ (ਬਾਕੀ ਸਫਾ 2 'ਤੇ)

## ਬੰਗਾਲ 'ਚ ਤੂਫ਼ਾਨ ਕਾਰਨ ਮਮਤਾ ਦਾ ਹੈਲੀਕਾਪਟਰ ਨਹੀਂ ਹੋ ਸਕਿਆ ਲੈਂਡ

ਕੋਲਕਾਤਾ, 1 ਅਪ੍ਰੈਲ (ਚ.ਨ.ਸ.): ਪੱਛਮੀ ਬੰਗਾਲ 'ਚ ਵਿਧਾਨ ਸਭਾ ਚੋਣਾਂ ਦੇ ਪ੍ਰਚਾਰ 'ਚ ਜੁਟੀ ਮੁੱਖ ਮੰਤਰੀ ਮਮਤਾ ਬੈਨਰਜੀ ਦਾ ਹੈਲੀਕਾਪਟਰ ਬੁੱਧਵਾਰ ਨੂੰ ਮੁਰਸ਼ੀਦਾਬਾਦ ਜ਼ਿਲ੍ਹੇ ਦੇ ਨਬਗ੍ਰਾਮ 'ਚ ਅਚਾਨਕ ਆਏ ਤੂਫਾਨ ਕਾਰਨ ਨਹੀਂ ਉਤਰ ਸਕਿਆ। ਅਧਿਕਾਰੀਆਂ ਨੇ ਇਹ ਜਾਣਕਾਰੀ ਦਿੱਤੀ। ਜ਼ਿਲ੍ਹੇ ਦੇ ਇਕ ਅਧਿਕਾਰੀ ਨੇ ਦੱਸਿਆ ਕਿ ਦੁਪਹਿਰ ਕਰੀਬ 2.10 ਵਜੇ ਤੂਫਾਨ ਕਾਰਨ ਹੈਲੀਕਾਪਟਰ ਨੂੰ ਬੁਰਦਵਾਨ ਵਾਪਸ ਆਉਣਾ ਪਿਆ। ਅਧਿਕਾਰੀ ਨੇ ਦੱਸਿਆ, "ਬੁਰਦਵਾਨ ਪਰਤਣ ਤੋਂ ਬਾਅਦ ਬੈਨਰਜੀ ਸੜਕ ਮਾਰਗ ਤੋਂ ਨਬਗ੍ਰਾਮ ਲਈ ਰਵਾਨਾ ਹੋ ਗਈ।" ਬੈਨਰਜੀ ਨੇ ਬੁਰਦਵਾਨ 'ਚ ਇਕ ਸਭਾ ਨੂੰ ਸੰਬੋਧਨ ਕੀਤਾ ਸੀ। ਜਦੋਂ ਉਹ ਨਬਗ੍ਰਾਮ 'ਚ ਇਕ ਹੋਰ ਰੈਲੀ ਨੂੰ ਸੰਬੋਧਨ ਕਰਨ ਜਾ ਰਹੀ ਸੀ, (ਬਾਕੀ ਸਫਾ 2 'ਤੇ)

ਈਰਾਨ ਨੇ ਮੁੜ ਦਿੱਤੀ ਵੱਡੀ ਚੇਤਾਵਨੀ

## 'ਅਮਰੀਕਾ ਨੂੰ ਫ਼ੌਜ ਭੇਜਣ ਦੀ ਗਲਤੀ ਪਵੇਗੀ ਮਹਿੰਗੀ'

ਚੜ੍ਹਦੀਕਲਾ ਬਿਊਰੋ

================



ਤਹਿਰਾਨ, 1 ਅਪ੍ਰੈਲ : ਮਹੀਨਾ ਪਾਰ ਕਰ ਗਈ ਇਸ ਜੰਗ ਵਿਚ ਈਰਾਨ ਨੇ ਅਮਰੀਕਾ ਨੂੰ ਫਿਰ ਤੋਂ ਵੱਡੀ ਧਮਕੀ ਦਿੱਤੀ ਹੈ। ਈਰਾਨ ਵੱਲੋਂ ਕਿਹਾ ਗਿਆ ਹੈ ਕਿ ਨਾ ਹੀ ਸਟ੍ਰੇਟ ਆਫ ਹਾਰਮੁਜ਼ ਖੋਲ੍ਹਿਆ ਜਾਵੇਗਾ ਤੇ ਨਾ ਹੀ ਕਿਸੇ ਕਿਸੇ ਦੀ ਗੱਲਬਾਤ ਹੋਵੇਗੀ।

ਜੇਕਰ ਉਹ ਜ਼ਮੀਨੀ ਹਮਲਾ ਕਰਨ ਲਈ ਫੌਜ ਭੇਜਣ ਦੀ ਗਲਤੀ ਕਰਦਾ ਹੈ ਤਾਂ ਉਸ ਨੂੰ ਭਾਰੀ ਨੁਕਸਾਨ ਝੇਲਣਾ ਪਵੇਗਾ।

ਵਿਦੇਸ਼ ਮੰਤਰੀ ਨੇ ਕਿਹਾ ਕਿ ਜੇਕਰ ਲੋੜ ਪਈ ਤਾਂ ਦੇਸ਼ 6 ਮਹੀਨਿਆਂ ਤੱਕ ਜੰਗ ਜਾਰੀ ਰੱਖ ਸਕਦਾ ਹੈ। ਜੰਗ ਲਈ ਈਰਾਨ ਪੂਰੀ ਤਰ੍ਹਾਂ ਤਿਆਰ ਹੈ ਹਾਲਾਂਕਿ ਮੰਤਰੀ ਨੇ ਸਾਫ ਕਿਹਾ ਕਿ ਜੇਕਰ ਅਮਰੀਕਾ ਵੱਲੋਂ ਜ਼ਮੀਨੀ ਹਮਲਾ ਹੁੰਦਾ ਵੀ ਹੈ ਤਾਂ ਈਰਾਨ ਇਸ ਹਮਲੇ ਦਾ ਜਵਾਬ ਦੇਣ ਦੇ ਸਮਰੱਥ ਹਨ। ਉਨ੍ਹਾਂ ਕਿਹਾ ਕਿ ਦੇਸ਼ ਦੀ ਸੁਰੱਖਿਆ ਸਭ ਤੋਂ ਵੱਧ ਤਰਜੀਹ ਰੱਖਦੀ ਹੈ। ਅਸੀਂ ਆਪਣੇ ਦੇਸ਼ ਲਈ ਕਿਸੇ ਵੀ ਹੱਦ ਤੱਕ ਜਾਵਾਂਗੇ। ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਵੀ (ਬਾਕੀ ਸਫਾ 2 'ਤੇ)

ਭੋਜਸ਼ਾਲਾ ਵਿਵਾਦ

## ਆਸਾਮ-ਮਿਜ਼ੋਰਮ ਸਰਹੱਦ 'ਤੇ ਹਿੰਸਾ 'ਚ ਪੁਲਿਸ ਦੇ 6 ਮੁਲਾਜ਼ਮ ਹਲਾਕ, 50 ਜ਼ਖ਼ਮੀ

ਨਵੀਂ ਦਿੱਲੀ, 1 ਅਪ੍ਰੈਲ (ਚ.ਨ.ਸ.): ਭੋਜਸ਼ਾਲਾ ਵਿਵਾਦ: ਸੁਪਰੀਮ ਕੋਰਟ ਨੇ ਬੁੱਧਵਾਰ ਨੂੰ ਧਾਰ (ਮੱਧ ਪ੍ਰਦੇਸ਼) ਦੇ ਵਿਵਾਦਿਤ ਭੋਜਸ਼ਾਲਾ-ਕਮਾਲ ਮੌਲਾ ਮਸਜਿਦ ਕੰਪਲੈਕਸ ਮਾਮਲੇ ਵਿੱਚ ਮੁਸਲਿਮ ਪੱਖ ਨੂੰ ਵੱਡਾ ਝਟਕਾ ਦਿੱਤਾ ਹੈ। ਚੀਫ਼ ਜਸਟਿਸ ਸੂਰਿਆ ਕਾਂਤ ਦੀ ਅਗਵਾਈ ਵਾਲੇ ਤਿੰਨ ਮੈਂਬਰੀ ਬੈਂਚ ਨੇ ਮੌਲਾਨਾ ਕਮਾਲੂਦੀਨ ਵੈਲਫੇਅਰ ਸੁਸਾਇਟੀ ਦੀਆਂ ਉਨ੍ਹਾਂ ਇਤਰਾਜ਼ ਯੋਗ ਪਟੀਸ਼ਨਾਂ 'ਤੇ ਵਿਚਾਰ ਕਰਨ ਤੋਂ ਨਾਂਹ ਕਰ ਦਿੱਤੀ, ਜੋ ਭਾਰਤੀ ਪੁਰਾਤੱਤਵ ਸਰਵੇਖਣ (ਏ.ਐਸ.ਆਈ.) ਦੀ ਰਿਪੋਰਟ ਵਿਰੁੱਧ ਪਾਈਆਂ ਗਈਆਂ ਸਨ। ਅਦਾਲਤ ਨੇ ਸਪੱਸ਼ਟ (ਬਾਕੀ ਸਫਾ 2 'ਤੇ)

## ਇਜ਼ਰਾਈਲ ਨੇ ਭਾਰਤ ਨੂੰ ਭੇਜੀ ਲਾਈਟ ਮਸ਼ੀਨਗੰਨਾਂ ਦੀ ਪਹਿਲੀ ਖੇਪ

ਚੜ੍ਹਦੀਕਲਾ ਬਿਊਰੋ

================



ਯੇਰੂਸ਼ਲਮ, 1 ਅਪ੍ਰੈਲ : 'ਲਾਈਟ ਮਸ਼ੀਨ ਗੰਨ' (ਐਲ.ਐਮ.ਜੀ.) ਦਾ ਨਿਰਮਾਣ ਕਰਨ ਵਾਲੀ ਇਜ਼ਰਾਈਲ ਦੀ ਇੱਕ ਪ੍ਰਮੁੱਖ ਕੰਪਨੀ ਨੇ 'ਮੇਕ ਇਨ ਇੰਡੀਆ' ਪਹਿਲ ਤਹਿਤ ਭਾਰਤ ਨੂੰ ਤਕਨਾਲੋਜੀ ਟਰਾਂਸਫਰ ਦੇ ਨਾਲ ਹਲਕੀਆਂ ਮਸ਼ੀਨ ਗਨਾਂ ਦੀ ਪਹਿਲੀ ਖੇਪ ਦੀ ਸਪਲਾਈ ਕੀਤੀ ਹੈ। 'ਇਜ਼ਰਾਈਲ ਵੈਪਨਜ਼ ਇੰਡਸਟਰੀਜ਼' (ਆਈ.ਡਬਲਯੂ.ਆਈ.) ਨੇ ਇੱਕ ਬਿਆਨ ਵਿੱਚ ਕਿਹਾ ਕਿ 41,000 ਇਕਾਈਆਂ (ਲਾਈਟ ਮਸ਼ੀਨ ਗੰਨ) ਦੇ ਇੱਕ ਵੱਡੇ ਇਕਰਾਰਨਾਮੇ ਤਹਿਤ ਪਿਛਲੇ ਹਫਤੇ 2,000 ਨੇਗੇਵ (7.62X51) ਐਲ.ਐਮ.ਜੀ. ਦੀ ਪਹਿਲੀ ਖੇਪ ਸਪਲਾਈ ਕੀਤੀ ਗਈ ਸੀ ਅਤੇ ਇਸ ਸਾਲ ਦੇ ਅੰਤ ਵਿੱਚ 4,000 ਹੋਰ ਹਲਕੀਆਂ ਮਸ਼ੀਨ ਗਨਾਂ ਦੀ ਸਪਲਾਈ ਤੈਅ ਹੈ।ਇਹ ਸਪਲਾਈ ਆਈ.ਡਬਲਯੂ. ਆਈ. ਅਤੇ ਅਡਾਨੀ ਗਰੁੱਪ ਦੇ ਸਹਿਯੋਗ ਨਾਲ 'ਪੀ.ਐਲ.ਆਰ. ਸਿਸਟਮਜ਼' ਵੱਲੋਂ ਕੀਤੀ ਗਈ ਹੈ ਜੋ ਭਾਰਤ ਵਿੱਚ ਛੋਟੇ ਹਥਿਆਰ ਅਤੇ ਗੋਲਾ-ਬਾਰੂਦ ਦਾ ਨਿਰਮਾਣ ਕਰਨ ਵਾਲੀ ਪਹਿਲੀ ਨਿੱਜੀ ਕੰਪਨੀ ਹੈ। ਕੰਪਨੀ ਨੇ ਕਿਹਾ, 'ਇਹ ਪ੍ਰਾਪਤੀ ਭਾਰਤ ਦੀ 'ਮੇਕ ਇਨ ਇੰਡੀਆ' ਪਹਿਲ ਦੇ ਤਹਿਤ (ਬਾਕੀ ਸਫਾ 2 'ਤੇ)

ਪੱਛਮੀ ਏਸ਼ੀਆ ਸੰਕਟ ਦਾ ਪ੍ਰਭਾਵ

## ਦੇਸ਼ 'ਚ ਵਪਾਰਕ ਗੈਸ ਸਿਲੰਡਰ 195 ਰੁਪਏ ਹੋਇਆ ਮਹਿੰਗਾ

### ਘਰੇਲੂ ਏਅਰਲਾਈਨਾਂ ਲਈ ਜੈਟ ਈਂਧਣ ਦੀ ਕੀਮਤ ਵਿੱਚ 8.5 ਫ਼ੀਸਦੀ ਵਾਧਾ

ਚੜ੍ਹਦੀਕਲਾ ਬਿਊਰੋ

================




ਨਵੀਂ ਦਿੱਲੀ, 1 ਅਪ੍ਰੈਲ : ਨਵੇਂ ਵਿੱਤੀ ਸਾਲ ਦੇ ਪਹਿਲੇ ਦਿਨ ਹੀ ਆਮ ਜਨਤਾ ਅਤੇ ਕਾਰੋਬਾਰ ਮਹਿੰਗਾਈ ਦੀ ਮਾਰ ਹੇਠ ਆ ਗਏ ਹਨ। ਤੇਲ ਕੰਪਨੀਆਂ ਨੇ ਬੁੱਧਵਾਰ ਨੂੰ ਵਪਾਰਕ ਐਲਪੀਜੀ (19 ਕਿਲੋਗ੍ਰਾਮ) ਸਿਲੰਡਰਾਂ ਦੀ ਕੀਮਤ ਵਿੱਚ 195.50 ਰੁਪਏ ਦਾ ਭਾਰੀ ਵਾਧਾ ਕੀਤਾ ਹੈ। ਇਹ ਵਾਧਾ ਵਿਸ਼ਵ ਪੱਧਰ 'ਤੇ ਕੱਚੇ ਤੇਲ ਦੀਆਂ ਕੀਮਤਾਂ ਵਿੱਚ ਵਾਧੇ ਕਾਰਨ ਕੀਤਾ ਗਿਆ ਹੈ।ਬਾਜ਼ਾਰ ਮਾਹਿਰਾਂ ਦੇ ਅਨੁਸਾਰ, ਪੱਛਮੀ ਏਸ਼ੀਆ ਵਿੱਚ ਵਧ ਰਹੇ ਫੌਜੀ ਟਕਰਾਅ ਅਤੇ ਅਸਥਿਰਤਾ ਕਾਰਨ ਵਿਸ਼ਵ ਪੱਧਰ 'ਤੇ ਤੇਲ ਦੀਆਂ ਕੀਮਤਾਂ ਵਿੱਚ ਵਾਧਾ ਹੋਇਆ ਹੈ। ਇਸ ਵਿਸ਼ਵਵਿਆਪੀ ਦਬਾਅ ਕਾਰਨ ਘਰੇਲੂ ਗੈਸ ਦੀਆਂ ਕੀਮਤਾਂ ਵਿੱਚ ਵਾਧਾ ਹੋਇਆ ਹੈ। ਸਰਕਾਰੀ ਤੇਲ ਕੰਪਨੀਆਂ ਦੁਆਰਾ ਜਾਰੀ ਕੀਤੇ ਗਏ ਤਾਜ਼ਾ ਅੰਕੜਿਆਂ ਅਨੁਸਾਰ, ਰਾਸ਼ਟਰੀ ਰਾਜਧਾਨੀ ਦਿੱਲੀ ਵਿੱਚ 19 ਕਿਲੋਗ੍ਰਾਮ ਦੇ ਵਪਾਰਕ ਐਲਪੀਜੀ ਸਿਲੰਡਰ ਦੀ ਕੀਮਤ ਹੁਣ 2,078.50 ਰੁਪਏ ਹੋ ਗਈ ਹੈ।ਇਸ ਤੋਂ ਪਹਿਲਾਂ, 1 ਮਾਰਚ ਨੂੰ, ਕੀਮਤਾਂ ਵਿੱਚ 114.5 ਰੁਪਏ ਦਾ ਵਾਧਾ ਕੀਤਾ ਗਿਆ ਸੀ, ਭਾਵ ਵਪਾਰਕ ਗੈਸ ਦੀਆਂ ਕੀਮਤਾਂ ਸਿਰਫ਼ ਇੱਕ ਮਹੀਨੇ ਵਿੱਚ 300 ਰੁਪਏ ਤੋਂ ਵੱਧ ਵਧੀਆਂ ਹਨ। ਵਪਾਰਕ ਗੈਸ ਦੀ ਵਧਦੀ ਕੀਮਤ ਰੈਸਟੋਰੈਂਟ, ਢਾਬਾ ਅਤੇ ਕੇਟਰਿੰਗ ਕਾਰੋਬਾਰਾਂ ਲਈ ਲਾਗਤ ਵਧਾਏਗੀ। ਇਹ ਡਰ ਹੈ ਕਿ ਆਉਣ ਵਾਲੇ ਦਿਨਾਂ ਵਿੱਚ ਬਾਹਰ ਖਾਣਾ ਅਤੇ ਹੋਰ ਖਾਣ-ਪੀਣ ਦੀਆਂ ਚੀਜ਼ਾਂ ਵੀ ਮਹਿੰਗੀਆਂ ਹੋ ਸਕਦੀਆਂ ਹਨ। ਹਾਲਾਂਕਿ, ਘਰੇਲੂ ਰਸੋਈ ਗੈਸ (14.2 ਕਿਲੋਗ੍ਰਾਮ) ਦੀ ਕੀਮਤ ਵਿੱਚ ਕਿਸੇ ਬਦਲਾਅ ਦੀ ਤੁਰੰਤ ਕੋਈ ਖ਼ਬਰ ਨਹੀਂ ਹੈ।ਐਵੀਏਸ਼ਨ ਟਰਬਾਈਨ ਫਿਊਲ (ਏ.ਟੀ.ਐਫ.) ਜਾਂ ਜੈੱਟ ਈਂਧਣ ਦੀ ਕੀਮਤ ਬੁੱਧਵਾਰ ਨੂੰ ਪਿਛਲੇ ਮਹੀਨੇ ਵਿਸ਼ਵਵਿਆਪੀ ਤੇਲ ਕੀਮਤਾਂ ਵਿੱਚ ਹੋਏ ਉਛਾਲ ਦੇ ਕਾਰਨ ਦੁੱਗਣੇ ਤੋਂ ਵੱਧ ਹੋ ਕੇ 2.07 ਲੱਖ ਰੁਪਏ ਪ੍ਰਤੀ ਕਿਲੋਲੀਟਰ ਦੇ ਰਿਕਾਰਡ ਪੱਧਰ 'ਤੇ ਪਹੁੰਚ ਗਈ ਹੈ, ਪਰ ਘਰੇਲੂ (ਬਾਕੀ ਸਫਾ 2 'ਤੇ)

## ਬਲਾਤਕਾਰ ਦੇ ਮੁਲਜ਼ਮ ਅਸ਼ੋਕ ਖਰਾਤ ਨੂੰ 14 ਅਪ੍ਰੈਲ ਤੱਕ ਨਿਆਂਇਕ ਹਿਰਾਸਤ 'ਚ ਭੇਜਿਆ

ਚੜ੍ਹਦੀਕਲਾ ਬਿਊਰੋ

================



ਨਾਸਿਕ, 1 ਅਪ੍ਰੈਲ :ਮਹਾਰਾਸ਼ਟਰ ਦੇ ਨਾਸਿਕ ਦੀ ਇਕ ਅਦਾਲਤ ਨੇ ਬੁੱਧਵਾਰ ਨੂੰ ਜਬਰ-ਜਨਾਹ ਦੇ ਮੁਲਜ਼ਮ ਸਵੈ-ਘੋਸ਼ਿਤ ਸਾਧੂ ਅਸ਼ੋਕ ਖਰਾਤ ਨੂੰ 14 ਦਿਨਾਂ ਦੀ ਨਿਆਇਕ ਹਿਰਾਸਤ 'ਚ ਭੇਜ ਦਿੱਤਾ ਹੈ। ਖਰਾਤ ਦੀ ਪੁਲਿਸ ਹਿਰਾਸਤ ਖ਼ਤਮ ਹੋਣ ਤੋਂ ਬਾਅਦ ਵਿਸ਼ੇਸ਼ ਜਾਂਚ ਟੀਮ ('ਸਿਟ') ਨੇ ਉਸ ਨੂੰ ਅਦਾਲਤ 'ਚ ਪੇਸ਼ ਕੀਤਾ ਸੀ, ਜਿੱਥੇ ਸੈਸ਼ਨ ਜੱਜ ਬੀ.ਐਨ. ਇਚਪੁਰਾਨੀ ਨੇ ਉਸ ਨੂੰ 14 ਅਪ੍ਰੈਲ ਤੱਕ ਜੇਲ੍ਹ ਭੇਜਣ ਦੇ ਹੁਕਮ ਦਿੱਤੇ। ਹੁਣ ਉਸ ਨੂੰ ਨਾਸਿਕ ਰੋਡ ਸੈਂਟਰਲ ਜੇਲ੍ਹ 'ਚ ਰੱਖਿਆ ਜਾਵੇਗਾ।

**ਸੈਂਕੜੇ ਸ਼ਿਕਾਇਤਾਂ ਅਤੇ ਕਈ ਐਫ.ਆਈ.ਆਰ. ਦਰਜ :** ਅਸ਼ੋਕ ਖਰਾਤ ਨੂੰ 18 ਮਾਰਚ ਨੂੰ ਇੱਕ 35 ਸਾਲਾ ਔਰਤ ਦੀ ਸ਼ਿਕਾਇਤ 'ਤੇ ਗ੍ਰਿਫ਼ਤਾਰ ਕੀਤਾ ਗਿਆ ਸੀ, ਜਿਸ ਨੇ ਉਸ 'ਤੇ ਤਿੰਨ ਸਾਲਾਂ ਤੱਕ ਵਾਰ-ਵਾਰ ਜਬਰ-ਜਨਾਹ ਕਰਨ ਦਾ ਦੋਸ਼ ਲਗਾਇਆ ਸੀ। ਉਸ ਦੀ ਗ੍ਰਿਫ਼ਤਾਰੀ ਤੋਂ ਬਾਅਦ, ਉਸ ਵਿਰੁੱਧ ਜਬਰ-ਜ਼ਨਾਹ ਦੀਆਂ ਕਈ ਹੋਰ ਸ਼ਿਕਾਇਤਾਂ ਸਾਹਮਣੇ ਆਈਆਂ ਹਨ। ਹੁਣ ਤੱਕ ਉਸ ਦੇ ਖਿਲਾਫ 10 ਐਫ.ਆਈ.ਆਰ. ਦਰਜ ਕੀਤੀਆਂ ਜਾ ਚੁੱਕੀਆਂ ਹਨ, ਜਿਨ੍ਹਾਂ 'ਚੋਂ ਅੱਠ ਜਿਨਸੀ ਸ਼ੋਸ਼ਣ ਅਤੇ ਦੋ ਧੋਖਾਧੜੀ ਨਾਲ ਸਬੰਧਤ ਹਨ। ਇਸ ਤੋਂ ਇਲਾਵਾ, 'ਸਿਟ' ਨੂੰ ਫ਼ੋਨ ਰਾਹੀਂ ਉਸ ਦੇ ਖ਼ਿਲਾਫ਼ 100 ਤੋਂ ਵੱਧ ਸ਼ਿਕਾਇਤਾਂ ਮਿਲੀਆਂ ਹਨ।

**ਨਕਲੀ ਸੱਪ ਨਾਲ ਦਿਖਾਉਂਦਾ ਸੀ 'ਚਮਤਕਾਰ'**

ਜਾਂਚ ਦੌਰਾਨ 'ਸਿਟ' ਨੇ ਖਰਾਤ ਦੇ ਦਫ਼ਤਰ ਤੋਂ (ਬਾਕੀ ਸਫਾ 2 'ਤੇ)

## 2,000 ਰੁਪਏ ਦੇ 98.45 ਫ਼ੀਸਦੀ ਨੋਟ

ਰਿਜ਼ਰਵ ਬੈਂਕ ਨੇ ਦੱਸਿਆ ਕਿ 2,000 ਰੁਪਏ ਦੇ ਨੋਟਾਂ ਨੂੰ ਬਦਲਣ ਜਾਂ ਜਮ੍ਹਾਂ ਕਰਵਾਉਣ ਦੀ ਸਹੂਲਤ ਅਜੇ ਵੀ ਆਰ.ਬੀ.ਆਈ. ਦੇ 19 ਖੇਤਰੀ ਦਫ਼ਤਰਾਂ ਵਿੱਚ ਉਪਲੱਬਧ ਹੈ। ਇਸ ਤੋਂ ਇਲਾਵਾ, ਆਮ ਲੋਕ ਦੇਸ਼ ਦੇ ਕਿਸੇ ਵੀ ਡਾਕਖਾਨੇ ਰਾਹੀਂ ਭਾਰਤੀ ਡਾਕ ਸੇਵਾ ਦੀ ਵਰਤੋਂ ਕਰਕੇ ਇਹ ਨੋਟ ਆਰ.ਬੀ.ਆਈ. ਦੇ ਦਫ਼ਤਰਾਂ ਨੂੰ ਭੇਜ ਸਕਦੇ ਹਨ, ਜਿਸ ਤੋਂ ਬਾਅਦ ਇਹ ਰਾਸ਼ੀ ਸਿੱਧੀ ਉਨ੍ਹਾਂ ਦੇ ਬੈਂਕ ਖਾਤਿਆਂ ਵਿੱਚ ਜਮ੍ਹਾਂ ਕਰ ਦਿੱਤੀ ਜਾਂਦੀ ਹੈ। ਬੈਂਕ ਨੇ ਇੱਕ ਵਾਰ ਫਿਰ ਸਪੱਸ਼ਟ ਕੀਤਾ ਹੈ ਕਿ ਭਾਵੇਂ ਇਹ ਨੋਟ ਚੱਲਣ ਵਿੱਚੋਂ ਬਾਹਰ ਕੀਤੇ ਗਏ ਹਨ, ਪਰ ਇਹ ਅਜੇ ਵੀ ਕਾਨੂੰਨੀ ਤੌਰ 'ਤੇ ਵੈਧ ਮੁਦਰਾ ਬਣੇ ਹੋਏ ਹਨ।

## ਪੰਜਾਬ 'ਚ ਬਰਾਬਰ ਵਿਕਾਸ ਯਕੀਨੀ

ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ ਦਾ ਰਿਪੋਰਟ ਕਾਰਡ ਪੇਸ਼ ਕਰਦੇ ਹੋਏ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, ਪਿਛਲੇ ਚਾਰ ਸਾਲਾਂ ਵਿੱਚ ਪਿੰਡਾਂ ਦਾ ਸੰਪੂਰਨ ਵਿਕਾਸ ਹੋਇਆ ਹੈ, ਜਿਸ ਵਿੱਚ ਵੱਡੇ ਪੱਧਰ 'ਤੇ ਉਸਾਰੀ ਕਾਰਜ, ਛੱਪੜਾਂ ਦੀ ਸਫ਼ਾਈ ਸ਼ਾਮਲ ਹੈ ਕਿਉਂਕਿ ਸੂਬੇ ਨੇ ਸਰਕਾਰੀ ਜ਼ਮੀਨਾਂ ਤੋਂ ਨਾਜਾਇਜ਼ ਕਬਜ਼ੇ ਹਟਾ ਕੇ ਅਤੇ ਹੋਰ ਤਰੀਕਿਆਂ ਨਾਲ ਪੈਸਾ ਕਮਾਇਆ ਹੈ।'

ਮੁੱਖ ਮੰਤਰੀ ਨੇ ਕਿਹਾ, ਸੂਬੇ ਦੇ ਸਖ਼ਤ ਯਤਨਾਂ ਸਦਕਾ ਪੰਚਾਇਤ ਚੋਣਾਂ ਵਿੱਚ ਸਰਬਸੰਮਤੀ ਵਿੱਚ ਵਾਧਾ ਹੋਇਆ ਹੈ। ਪੰਜਾਬ ਵਿੱਚ 13,236 ਪੰਚਾਇਤਾਂ ਲਈ ਚੋਣਾਂ 2024 ਵਿੱਚ ਹੋਈਆਂ ਸਨ, ਜਿਨ੍ਹਾਂ ਵਿੱਚ ਵੱਡੀ ਗਿਣਤੀ ਵਿੱਚ ਪੰਚਾਇਤਾਂ ਸਰਬਸੰਮਤੀ ਨਾਲ ਚੁਣੀਆਂ ਗਈਆਂ। 2018 ਵਿੱਚ ਲਗਪਗ 1,870 ਪੰਚਾਇਤਾਂ ਸਰਬਸੰਮਤੀ ਨਾਲ ਚੁਣੀਆਂ ਗਈਆਂ ਸਨ ਪਰ 2024 ਵਿੱਚ 2,970 ਪੰਚਾਇਤਾਂ ਸਰਬਸੰਮਤੀ ਨਾਲ ਚੁਣੀਆਂ ਗਈਆਂ ਸਨ।'

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, 1,100 ਵੱਧ ਪੰਚਾਇਤਾਂ ਸਰਬਸੰਮਤੀ ਨਾਲ ਚੁਣੀਆਂ ਗਈਆਂ, ਜਿਸ ਨਾਲ ਪਿੰਡਾਂ ਵਿੱਚ ਭਾਈਚਾਰਕ ਸਾਂਝ ਮਜ਼ਬੂਤ ਹੁੰਦੀ ਹੈ ਅਤੇ ਪਿੰਡਾਂ ਦਾ ਸਰਵਪੱਖੀ ਵਿਕਾਸ ਯਕੀਨੀ ਬਣਦਾ ਹੈ। ਉਨ੍ਹਾਂ ਕਿਹਾ, ਪੰਜਾਬ ਸਰਕਾਰ ਨੇ ਸਰਪੰਚਾਂ ਦਾ ਮਾਣਭੱਤਾ 1,200 ਤੋਂ ਵਧਾ ਕੇ 2,000 ਪ੍ਰਤੀ ਮਹੀਨਾ ਕਰ ਦਿੱਤਾ ਹੈ।

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, ਪੇਂਡੂ ਵਿਕਾਸ ਲਈ 15ਵੇਂ ਵਿੱਤ ਕਮਿਸ਼ਨ ਤਹਿਤ 2025-26 ਵਿੱਚ ਪੇਂਡੂ ਵਿਕਾਸ 'ਤੇ 2,367.64 ਕਰੋੜ ਰੁਪਏ ਖਰਚ ਕੀਤੇ ਗਏ ਸਨ, ਜੋ 2024-25 ਦੇ ਮੁਕਾਬਲੇ ਦੁੱਗਣੇ ਸਨ। 2017-22 ਦੌਰਾਨ ਪੰਜ ਸਾਲਾਂ ਵਿੱਚ ਪਿੰਡਾਂ ਦੇ ਵਿਕਾਸ 'ਤੇ 1,883 ਕਰੋੜ ਰੁਪਏ ਖਰਚੇ ਗਏ ਸਨ, ਜਦੋਂ ਕਿ ਸੂਬਾ ਸਰਕਾਰ ਨੇ ਇਸ ਨੇਕ ਕਾਰਜ ਲਈ ਪਿਛਲੇ ਚਾਰ ਸਾਲਾਂ ਵਿੱਚ 3,847 ਕਰੋੜ ਰੁਪਏ ਖਰਚ ਕੀਤੇ ਹਨ।

ਮੁੱਖ ਮੰਤਰੀ ਨੇ ਕਿਹਾ, ਪੰਚਾਇਤ ਇਮਾਰਤਾਂ, ਲਾਇਬ੍ਰੇਰੀਆਂ, ਆਂਗਨਵਾੜੀ ਕੇਂਦਰਾਂ, ਖੇਡ ਮੈਦਾਨਾਂ, ਗਲੀਆਂ, ਨਾਲੀਆਂ ਅਤੇ ਹੋਰ ਵਿਕਾਸ ਕਾਰਜਾਂ 'ਤੇ 1,030.94 ਕਰੋੜ ਰੁਪਏ ਖਰਚ ਕੀਤੇ ਗਏ ਸਨ।

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, ਪੀਣ ਵਾਲੇ ਪਾਣੀ, ਸੈਨੀਟੇਸ਼ਨ, ਠੋਸ ਰਹਿੰਦ-ਖੂੰਹਦ ਪ੍ਰਬੰਧਨ ਅਤੇ ਜ਼ਰੂਰੀ ਸੇਵਾਵਾਂ 'ਤੇ 1,336.70 ਕਰੋੜ ਰੁਪਏ ਖਰਚੇ ਗਏ ਸਨ ਅਤੇ ਇਹ ਫੰਡ ਜ਼ਿਲ੍ਹਾ ਪ੍ਰੀਸ਼ਦਾਂ, ਪੰਚਾਇਤ ਸੰਮਤੀਆਂ ਅਤੇ ਪੰਚਾਇਤਾਂ ਰਾਹੀਂ ਜਾਰੀ ਕੀਤੇ ਗਏ ਸਨ। ਉਨ੍ਹਾਂ ਅੱਗੇ ਕਿਹਾ, ਪੰਜਾਬ ਸਰਕਾਰ ਨੇ ਪਿੰਡਾਂ ਵਿੱਚ ਸ਼ਾਮਲਾਟ ਜ਼ਮੀਨਾਂ ਨੂੰ ਲੀਜ਼ 'ਤੇ ਦੇਣ ਤੋਂ ਆਮਦਨ ਵਿੱਚ ਵਾਧਾ ਕੀਤਾ ਹੈ। ਪੰਚਾਇਤੀ ਜ਼ਮੀਨਾਂ ਤੋਂ ਨਾਜਾਇਜ਼ ਕਬਜ਼ੇ ਹਟਾਏ ਗਏ ਹਨ, ਜਿਸ ਨਾਲ ਸੂਬੇ ਦਾ ਮਾਲੀਆ ਵਧਿਆ ਹੈ। ਚਾਰ ਸਾਲਾਂ ਵਿੱਚ ਰਾਜ ਸਰਕਾਰ ਨੇ ਸ਼ਾਮਲਾਟ ਜ਼ਮੀਨ ਨੂੰ ਲੀਜ਼ 'ਤੇ ਦੇ ਕੇ 1,842.78 ਕਰੋੜ ਰੁਪਏ ਕਮਾਏ ਹਨ।

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, 2025-26 ਵਿੱਚ ਪਿਛਲੇ ਸਾਲ ਦੇ ਮੁਕਾਬਲੇ ਮਾਲੀਆ 50.75 ਕਰੋੜ ਵਧਿਆ। ਲੱਗਭੱਗ 1.35 ਲੱਖ ਏਕੜ ਜ਼ਮੀਨ ਲੀਜ਼ 'ਤੇ ਦਿੱਤੀ ਗਈ, ਜਿਸ ਨਾਲ 520.54 ਕਰੋੜ ਦਾ ਮਾਲੀਆ ਆਇਆ, ਜਦੋਂ ਕਿ 2024-25 ਵਿੱਚ 469.79 ਕਰੋੜ ਆਏ ਸਨ।

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, ਨੌਜਵਾਨਾਂ ਦੀ ਬੇਅੰਤ ਊਰਜਾ ਨੂੰ ਸਕਾਰਾਤਮਕ ਦਿਸ਼ਾ ਵਿੱਚ ਲੈ ਜਾਣ ਲਈ ਲੱਗਭੱਗ 3,000 ਪੇਂਡੂ ਖੇਡ ਮੈਦਾਨ ਵਿਕਸਤ ਕੀਤੇ ਜਾ ਰਹੇ ਹਨ ਅਤੇ ਇਸ 'ਤੇ 1,166 ਕਰੋੜ ਰੁਪਏ ਖਰਚੇ ਜਾ ਰਹੇ ਹਨ। ਇਹ ਮੈਦਾਨ 6,500 ਏਕੜ ਵਿੱਚ ਫੈਲੇ ਹੋਣਗੇ, ਜਿਸ ਲਈ 3,148 ਸਥਾਨਾਂ ਦੀ ਪਛਾਣ ਕੀਤੀ ਗਈ ਹੈ।

ਉਨ੍ਹਾਂ ਕਿਹਾ, 2,400 ਮੈਦਾਨਾਂ 'ਤੇ ਕੰਮ ਪਹਿਲਾਂ ਹੀ ਸ਼ੁਰੂ ਹੋ ਚੁੱਕਾ ਹੈ ਅਤੇ ਇਨ੍ਹਾਂ ਵਿੱਚੋਂ ਜ਼ਿਆਦਾਤਰ ਇਸ ਸਾਲ ਜੂਨ ਤੱਕ ਪੂਰੇ ਹੋ ਜਾਣਗੇ, ਜਿਸ ਵਿੱਚ ਵਾਲੀਬਾਲ ਕੋਰਟ, ਫੁੱਟਬਾਲ ਮੈਦਾਨ, ਬੱਚਿਆਂ ਦੇ ਖੇਡਣ ਦਾ ਸਾਮਾਨ ਅਤੇ ਬੈਠਣ ਦੇ ਪ੍ਰਬੰਧ ਵਰਗੀਆਂ ਸਹੂਲਤਾਂ ਹੋਣਗੀਆਂ।

ਉਨ੍ਹਾਂ ਕਿਹਾ, ਸੂਬੇ ਦੇ ਇਤਿਹਾਸ ਵਿੱਚ ਪਹਿਲੀ ਵਾਰ ਪੰਚਾਇਤ ਘਰਾਂ ਦਾ ਨਿਰਮਾਣ ਕੀਤਾ ਗਿਆ ਹੈ। ਦੂਜੇ ਪੜਾਅ ਵਿੱਚ 125 ਕਰੋੜ ਦੇ ਬਜਟ ਨਾਲ 500 ਆਧੁਨਿਕ ਪੰਚਾਇਤ ਘਰ ਬਣਾਏ ਜਾ ਰਹੇ ਹਨ।

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, ਪ੍ਰਤੀ ਇਮਾਰਤ 25 ਲੱਖ ਰੁਪਏ ਅਲਾਟ ਕੀਤੇ ਗਏ ਹਨ ਅਤੇ ਪਹਿਲੇ ਪੜਾਅ ਵਿੱਚ 373 ਇਮਾਰਤਾਂ ਪਹਿਲਾਂ ਹੀ ਪੂਰੀਆਂ ਹੋ ਚੁੱਕੀਆਂ ਹਨ।

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, ਪੰਜਾਬ ਸਰਕਾਰ ਨੇ ਪਿੰਡਾਂ ਵਿੱਚ 251 ਲਾਇਬ੍ਰੇਰੀਆਂ ਬਣਾਉਣ ਦੀ ਪ੍ਰਕਿਰਿਆ ਵੀ ਸ਼ੁਰੂ ਕਰ ਦਿੱਤੀ ਹੈ, ਜਿਨ੍ਹਾਂ ਵਿੱਚੋਂ 231 ਪਹਿਲਾਂ ਹੀ ਪੂਰੀਆਂ ਹੋ ਚੁੱਕੀਆਂ ਹਨ। ਇਸ ਦਾ ਉਦੇਸ਼ ਪਿੰਡਾਂ ਦੇ ਲੋਕਾਂ ਨੂੰ ਸਾਹਿਤ ਨਾਲ ਜੋੜਨਾ ਅਤੇ ਨੌਜਵਾਨਾਂ ਨੂੰ ਮੁਕਾਬਲੇ ਦੀਆਂ ਪ੍ਰੀਖਿਆਵਾਂ ਦੀ ਤਿਆਰੀ ਵਿੱਚ ਮਦਦ ਕਰਨਾ ਹੈ।

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਮਨਰੇਗਾ ਸਕੀਮ ਬਾਰੇ ਗੱਲ ਕਰਦੇ ਹੋਏ ਕਿਹਾ, 2017-2022 ਤੱਕ ਸਿਰਫ਼ 4,708 ਕਰੋੜ ਖਰਚ ਕੀਤੇ ਗਏ ਸਨ, ਜਦੋਂ ਕਿ 2022 ਤੋਂ ਹੁਣ ਤੱਕ 5,146 ਕਰੋੜ ਖਰਚੇ ਗਏ ਹਨ। 8.96 ਲੱਖ ਲੋਕਾਂ ਨੂੰ ਰੋਜ਼ਗਾਰ ਮਿਲਿਆ ਹੈ ਅਤੇ 2.40 ਕਰੋੜ ਦਿਹਾੜੀਆਂ ਦਾ ਰੋਜ਼ਗਾਰ ਪੈਦਾ ਹੋਇਆ ਹੈ।

ਮੁੱਖ ਮੰਤਰੀ ਨੇ ਕਿਹਾ, 2025-26 ਵਿੱਚ ਲੱਗਭੱਗ 63,357 ਨਵੇਂ ਜੌਬ ਕਾਰਡ ਜਾਰੀ ਕੀਤੇ ਗਏ ਸਨ, ਜਿਨ੍ਹਾਂ ਵਿੱਚੋਂ 2,480 ਦਿਵਿਆਂਗ ਵਿਅਕਤੀਆਂ ਲਈ ਸਨ।

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, ਪੰਜਾਬ ਮਨਰੇਗਾ ਸਕੀਮ ਵਿੱਚ ਤਰਕਹੀਣ ਸੋਧਾਂ ਦਾ ਸਖ਼ਤ ਵਿਰੋਧ ਕਰਦਾ ਹੈ। ਪੰਜਾਬ ਵਿਧਾਨ ਸਭਾ ਨੇ ਕੇਂਦਰ ਸਰਕਾਰ ਵੱਲੋਂ ਕੀਤੀਆਂ ਤਬਦੀਲੀਆਂ ਦਾ ਵਿਰੋਧ ਕੀਤਾ ਸੀ, ਜੋ ਪੇਂਡੂ ਰੋਜ਼ਗਾਰ ਨੂੰ ਘਟਾ ਸਕਦੀਆਂ ਹਨ। ਅਜਿਹੀਆਂ ਪਾਬੰਦੀਆਂ-ਆਧਾਰਤ ਸੋਧਾਂ ਗੈਰ-ਵਾਜਬ ਹਨ ਕਿਉਂਕਿ ਇਹ ਸੋਧਾਂ ਅਜਿਹੀਆਂ ਯੋਜਨਾਵਾਂ ਦੇ ਇਰਾਦੇ 'ਤੇ ਗੰਭੀਰ ਸਵਾਲੀਆ ਨਿਸ਼ਾਨ ਲਗਾਉਂਦੀਆਂਹਨ।

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, ਪੰਜਾਬ ਸਰਕਾਰ ਨੇ ਪੇਂਡੂ ਪਰਿਵਾਰਾਂ ਲਈ ਰਿਹਾਇਸ਼ੀ ਸਹੂਲਤਾਂ ਪ੍ਰਦਾਨ ਕਰਨ ਲਈ ਮਿਸਾਲੀ ਪਹਿਲਕਦਮੀਆਂ ਕੀਤੀਆਂ ਹਨ। ਇਸ ਸਾਲ 76 ਹਜ਼ਾਰ ਘਰਾਂ ਲਈ ਪ੍ਰਵਾਨਗੀ ਦਿੱਤੀ ਗਈ ਸੀ, ਜਿਨ੍ਹਾਂ ਵਿੱਚ 30 ਹਜ਼ਾਰ ਹੜ੍ਹ ਪ੍ਰਭਾਵਿਤ ਪਰਿਵਾਰ ਸ਼ਾਮਲ ਸਨ।

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, 2016-2022 ਤੱਕ ਸੂਬੇ ਵਿੱਚ ਸਿਰਫ਼ 39 ਹਜ਼ਾਰ ਘਰ ਬਣਾਏ ਗਏ ਸਨ, ਜਦੋਂ ਕਿ ਇਸ ਸਾਲ ਸੂਬਾ ਸਰਕਾਰ ਨੇ ਸਮਾਜ ਦੇ ਗਰੀਬ ਵਰਗ ਲਈ ਇਕ ਲੱਖ ਘਰ ਬਣਾਉਣ ਦਾ ਟੀਚਾ ਰੱਖਿਆ ਹੈ।

ਉਨ੍ਹਾਂ ਕਿਹਾ, ਪੰਜਾਬ ਸਰਕਾਰ ਨੇ 17,080 ਪਿੰਡਾਂ ਦੇ ਛੱਪੜਾਂ ਦੀ ਸਫ਼ਾਈ ਲਈ ਵੱਡੀ ਯੋਜਨਾ ਸ਼ੁਰੂ ਕੀਤੀ ਹੈ। 13,414 ਛੱਪੜਾਂ ਵਿੱਚੋਂ ਪਾਣੀ ਕੱਢਿਆ ਗਿਆ ਹੈ ਅਤੇ 4,706 ਛੱਪੜਾਂ ਵਿੱਚੋਂ ਗਾਰ ਕੱਢਣ ਦਾ ਕੰਮ ਪੂਰਾ ਹੋ ਗਿਆ ਹੈ, ਜਿਸ ਲਈ 235 ਕਰੋੜ ਖਰਚ ਕੀਤੇ ਜਾ ਰਹੇ ਹਨ।

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, ਪੰਜਾਬ ਦੇ ਇਤਿਹਾਸ ਵਿੱਚ ਪਹਿਲੀ ਵਾਰ ਜਾਤੀ ਆਧਾਰਤ ਸਮਾਜਿਕ-ਆਰਥਿਕ ਸਰਵੇਖਣ ਕੀਤਾ ਜਾ ਰਿਹਾ ਹੈ। ਇਸ ਦਾ ਉਦੇਸ਼ ਸਾਰੀਆਂ ਜਾਤੀਆਂ ਅਤੇ ਉਪ-ਜਾਤੀਆਂ ਦੇ ਜੀਵਨ ਪੱਧਰ ਦਾ ਮੁਲਾਂਕਣ ਕਰਨਾ ਹੈ ਤਾਂ ਜੋ ਉਨ੍ਹਾਂ ਦੀ ਭਲਾਈ ਲਈ ਨੀਤੀਆਂ ਬਣਾਈਆਂ ਜਾ ਸਕਣ। ਇਸ ਉਦੇਸ਼ ਲਈ 250 ਕਰੋੜ ਦਾ ਬਜਟ ਰੱਖਿਆ ਗਿਆ ਹੈ, ਜਿਸ ਵਿੱਚ 28,000 ਗਿਣਤੀਕਾਰ ਤਾਇਨਾਤ ਕੀਤੇ ਜਾਣਗੇ ਅਤੇ ਹਰੇਕ ਨੂੰ 62,500 ਮਾਣਭੱਤਾ ਮਿਲੇਗਾ।

ਉਨ੍ਹਾਂ ਕਿਹਾ, ਨਸ਼ਿਆਂ ਵਿਰੁੱਧ ਜੰਗ ਨੂੰ ਸੂਬੇ ਦੇ ਸਾਰੇ ਪਿੰਡਾਂ ਨੇ ਆਪਣਾ ਸਮਰਥਨ ਦਿੱਤਾ ਹੈ। ਮੈਂ ਪੰਚਾਇਤਾਂ ਅਤੇ ਵਲੰਟੀਅਰਾਂ ਦਾ ਨਸ਼ਾ ਵਿਰੋਧੀ ਯਤਨਾਂ ਦਾ ਸਰਗਰਮੀ ਨਾਲ ਜੁੜਨ ਲਈ ਤਹਿ ਦਿਲੋਂ ਧੰਨਵਾਦ ਕਰਦਾ ਹਾਂ, ਕਿਉਂਕਿ ਪਹਿਲਾਂ ਹੀ 1.25 ਲੱਖ ਮੈਂਬਰ ਇਸ ਮੁਹਿੰਮ ਵਿੱਚ ਸ਼ਾਮਲ ਹੋ ਚੁੱਕੇ ਹਨ।

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, 12 ਹਜ਼ਾਰ ਵਿਲੇਜ ਡਿਫੈਂਸ ਕਮੇਟੀਆਂ ਬਣਾਈਆਂ ਗਈਆਂ ਹਨ ਅਤੇ ਵਲੰਟੀਅਰ 'ਪਿੰਡ ਦੇ ਸਰਪ੍ਰਸਤ' ਵਜੋਂ ਕੰਮ ਕਰ ਰਹੇ ਹਨ। ਬਹੁਤ ਸਾਰੇ ਨਸ਼ਾ ਤਸਕਰਾਂ ਨੂੰ ਇਨ੍ਹਾਂ ਕਮੇਟੀਆਂ ਦੀਆਂ ਰਿਪੋਰਟਾਂ ਦੇ ਆਧਾਰ 'ਤੇ ਗ੍ਰਿਫ਼ਤਾਰ ਕੀਤਾ ਜਾਂਦਾ ਹੈ।

ਮੁੱਖ ਮੰਤਰੀ ਨੇ ਜ਼ੋਰ ਦੇ ਕੇ ਕਿਹਾ, ਪੰਜਾਬ ਰਾਜ ਪੇਂਡੂ ਆਜੀਵਿਕਾ ਮਿਸ਼ਨ ਤਹਿਤ 23 ਜ਼ਿਲ੍ਹਿਆਂ ਦੀਆਂ 100 ਅਗਾਂਹਵਧੂ ਮਹਿਲਾ ਉੱਦਮੀਆਂ ਨੂੰ ਸਰਟੀਫਿਕੇਟ ਅਤੇ ਯਾਦਗਾਰੀ ਚਿੰਨ੍ਹਾਂ ਨਾਲ ਸਨਮਾਨਿਤ ਕੀਤਾ ਗਿਆ। ਉਨ੍ਹਾਂ ਨੂੰ 25,000 ਰੁਪਏ ਪ੍ਰਤੀ ਵਿਅਕਤੀ ਵੀ ਦਿੱਤੇ ਗਏ।

ਉਨ੍ਹਾਂ ਕਿਹਾ, 117 ਹਲਕਿਆਂ ਵਿੱਚ 11,700 ਔਰਤਾਂ ਨੂੰ ਸਨਮਾਨਿਤ ਕੀਤਾ ਗਿਆ ਹੈ ਅਤੇ 2,300 ਔਰਤਾਂ ਨੂੰ ਜ਼ਿਲ੍ਹਾ ਪੱਧਰੀ ਸਮਾਗਮਾਂ ਵਿੱਚ ਸਨਮਾਨਿਤ ਕੀਤਾ ਗਿਆ। ਮਿਸ਼ਨ ਤਹਿਤ, 58,303 ਸਵੈ-ਸਹਾਇਤਾ ਸਮੂਹ ਬਣਾਏ ਗਏ ਹਨ ਅਤੇ 5.89 ਲੱਖ ਪਰਿਵਾਰਾਂ ਨੂੰ ਜੋੜਿਆ ਗਿਆ ਹੈ, ਜਿਨ੍ਹਾਂ ਨੂੰ 147 ਕਰੋੜ ਰੁਪਏ ਦੀ ਵਿੱਤੀ ਸਹਾਇਤਾ ਪ੍ਰਦਾਨ ਕੀਤੀ ਗਈ ਹੈ।

ਮੁੱਖ ਮੰਤਰੀ ਨੇ ਕਿਹਾ, ਮਹਿਲਾ ਸ਼ਕਤੀਕਰਨ ਪਹਿਲਕਦਮੀਆਂ ਦੇ ਹਿੱਸੇ ਵਜੋਂ ਔਰਤਾਂ ਨੂੰ ਡੇਅਰੀ ਫਾਰਮਿੰਗ ਨਾਲ ਜੋੜਨ ਲਈ ਨਵੀਂ ਯੋਜਨਾ ਸ਼ੁਰੂ ਕੀਤੀ ਗਈ ਹੈ। ਇਸ ਯੋਜਨਾ ਤਹਿਤ 1,100 ਦੁੱਧ ਸਹਿਕਾਰੀ ਸਭਾਵਾਂ ਰਜਿਸਟਰ ਕੀਤੀਆਂ ਗਈਆਂ ਹਨ ਅਤੇ ਔਰਤਾਂ ਨੂੰ 18 ਕਰੋੜ ਰੁਪਏ ਦੇ ਵਿਆਜ ਮੁਕਤ ਕਰਜ਼ੇ ਦਿੱਤੇ ਗਏ ਹਨ।

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, ਇਹ ਸਭਾਵਾਂ ਮਿਲਕਫੈੱਡ ਨੂੰ ਰੋਜ਼ਾਨਾ ਇਕ ਲੱਖ ਲੀਟਰ ਦੁੱਧ ਸਪਲਾਈ ਕਰ ਰਹੀਆਂ ਹਨ। ਪੰਜਾਬ ਭਰ ਵਿੱਚ ਸਖੀ ਸ਼ਕਤੀ ਮੇਲੇ ਲਗਾਏ ਗਏ ਸਨ, ਜਿਸ ਵਿੱਚ 1,500 ਤੋਂ ਵੱਧ ਔਰਤਾਂ ਨੇ ਹਿੱਸਾ ਲਿਆ ਅਤੇ ਉਨ੍ਹਾਂ ਦੁਆਰਾ ਤਿਆਰ ਕੀਤੇ ਨੌਂ ਕਰੋੜ ਦੇ ਉਤਪਾਦ ਵੇਚੇ ਗਏ।

ਉਨ੍ਹਾਂ ਕਿਹਾ, ਤਾਲਮੇਲ ਨੂੰ ਬਿਹਤਰ ਬਣਾਉਣ ਲਈ ਪਹਿਲੀ ਵਾਰ ਵਿਧਾਨ ਸਭਾ ਹਲਕਿਆਂ ਅਨੁਸਾਰ ਬਲਾਕਾਂ ਦਾ ਪੁਨਰਗਠਨ ਕੀਤਾ ਗਿਆ ਹੈ। ਪੇਂਡੂ ਵਿਕਾਸ ਅਧਿਕਾਰੀਆਂ ਅਤੇ ਪੰਚਾਇਤ ਸਕੱਤਰਾਂ ਨੂੰ ਰਾਜ ਕੇਡਰ ਵਿੱਚ ਮਿਲਾ ਦਿੱਤਾ ਗਿਆ ਹੈ। ਕਾਰਜ ਕੁਸ਼ਲਤਾ ਵਿੱਚ ਸੁਧਾਰ ਲਿਆਉਣ ਲਈ ਸੂਬੇ ਵਿੱਚ 3,327 ਪੰਚਾਇਤ ਵਿਕਾਸ ਸਕੱਤਰਾਂ ਲਈ ਸੂਬਾਈ ਕੇਡਰ ਬਣਾਇਆ ਗਿਆ ਹੈ।

ਇਕ ਸਵਾਲ ਦੇ ਜਵਾਬ ਵਿੱਚ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, ਕੇਂਦਰ ਸਰਕਾਰ ਪੰਜਾਬ ਨਾਲ ਮਤਰੇਈ ਮਾਂ ਵਾਲਾ ਸਲੂਕ ਕਰ ਰਹੀ ਹੈ। ਆਰ.ਡੀ.ਐਫ., ਜੀ.ਐਸ.ਟੀ., ਐਨ.ਐਚ.ਐਮ. ਅਤੇ ਹੋਰ ਗ੍ਰਾਂਟਾਂ ਨੂੰ ਕੇਂਦਰ ਨੇ ਰੋਕਿਆ ਹੋਇਆ ਹੈ। ਇਸ ਦਾ ਇਕੋ ਇਕ ਕਾਰਨ ਇਹ ਹੈ ਕਿ ਪੰਜਾਬ ਵਿੱਚ ਭਾਜਪਾ ਨੂੰ ਵੋਟ ਨਹੀਂ ਮਿਲਦੀ, ਜਿਸ ਕਾਰਨ ਕੇਂਦਰ ਸਰਕਾਰ ਪੰਜਾਬ ਨਾਲ ਬੇਇਨਸਾਫ਼ੀ ਕਰ ਰਹੀ ਹੈ।

ਮੁੱਖ ਮੰਤਰੀ ਨੇ ਕਿਹਾ, ਕੇਂਦਰ ਵੱਲੋਂ ਅਲਾਟ ਕੀਤਾ ਗਿਆ ਆਫ਼ਤ ਪ੍ਰਬੰਧਨ ਫੰਡ ਬਹੁਤ ਘੱਟ ਹੈ ਅਤੇ ਜਨਤਾ ਦੇ ਵਡੇਰੇ ਹਿੱਤ ਵਿੱਚ ਇਸ ਵਿੱਚ ਸੋਧ ਕਰਨ ਦੀ ਲੋੜ ਹੈ। ਸੂਬਾ ਇਸ ਵਿਤਕਰੇ ਦਾ ਸਖ਼ਤ ਵਿਰੋਧ ਕਰੇਗਾ ਅਤੇ ਸੂਬੇ ਦਾ ਜਾਇਜ਼ ਹਿੱਸਾ ਪ੍ਰਾਪਤ ਕਰਨ ਲਈ ਕੋਈ ਕਸਰ ਬਾਕੀ ਨਹੀਂ ਛੱਡੀ ਜਾਵੇਗੀ। ਇਸ ਮੁੱਦੇ ਨੂੰ ਕਾਨੂੰਨੀ ਅਤੇ ਪ੍ਰਸ਼ਾਸਕੀ ਤੌਰ 'ਤੇ ਹਰ ਪਲੇਟਫਾਰਮ 'ਤੇ ਚੁੱਕਿਆ ਜਾਵੇਗਾ।

ਇਕ ਹੋਰ ਸਵਾਲ ਦੇ ਜਵਾਬ ਵਿੱਚ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, ਇਹ ਹੈਰਾਨੀ ਵਾਲੀ ਗੱਲ ਹੈ ਕਿ ਪੰਜਾਬ ਕਾਂਗਰਸ ਦੇ ਆਗੂ ਆਪਣੀ ਪਾਰਟੀ ਦੀ ਅਗਵਾਈ ਵਾਲੀ ਹਿਮਾਚਲ ਸਰਕਾਰ ਦੁਆਰਾ ਐਂਟਰੀ ਟੈਕਸ ਲਗਾਉਣ 'ਤੇ ਚੁੱਪ ਧਾਰੀ ਬੈਠੇ ਹਨ, ਜਦੋਂ ਕਿ ਇਹ ਮੁੱਦਾ ਪੰਜਾਬੀਆਂ ਦੇ ਇਕ ਵੱਡੇ ਹਿੱਸੇ ਨਾਲ ਸਬੰਧਤ ਹੈ।

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, ਇੱਕ ਪਾਸੇ ਸੂਬਾ ਸਰਕਾਰ ਟੋਲ ਟੈਕਸ ਖ਼ਤਮ ਕਰ ਰਹੀ ਹੈ ਅਤੇ ਆਮ ਆਦਮੀ ਨੂੰ ਰਾਹਤ ਦੇ ਰਹੀ ਹੈ, ਜਦੋਂ ਕਿ ਦੂਜੇ ਪਾਸੇ ਗੁਆਂਢੀ ਸੂਬੇ ਲੋਕਾਂ 'ਤੇ ਬੇਲੋੜਾ ਟੈਕਸ ਲਗਾ ਰਹੇ ਹਨ।

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, ਸੂਬਾ ਸਰਕਾਰ ਕਣਕ ਦੀ ਫਸਲ ਦੀ ਸੁਚਾਰੂ ਅਤੇ ਮੁਸ਼ਕਲ ਰਹਿਤ ਖਰੀਦ ਅਤੇ ਲਿਫਟਿੰਗ ਲਈ ਵਚਨਬੱਧ ਹੈ ਅਤੇ ਇਸ ਲਈ ਵਿਆਪਕ ਪ੍ਰਬੰਧ ਪਹਿਲਾਂ ਹੀ ਕੀਤੇ ਜਾ ਚੁੱਕੇ ਹਨ। ਸੁਚਾਰੂ ਖਰੀਦ ਨੂੰ ਖਤਰੇ ਵਿੱਚ ਪਾਉਣ ਲਈ ਅਪਣਾਈ ਜਾ ਰਹੀ ਬਲੈਕਮੇਲਿੰਗ ਦੀ ਰਣਨੀਤੀ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ ਅਤੇ ਅਜਿਹੀਆਂ ਤਾਕਤਾਂ ਵਿਰੁੱਧ ਮਿਸਾਲੀ ਕਾਰਵਾਈ ਕੀਤੀ ਜਾਵੇਗੀ।

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, ਪੰਜਾਬ ਦੇ ਇਤਿਹਾਸ ਵਿੱਚ ਪਹਿਲੀ ਵਾਰ ਇਕ ਵਧੀਆ ਸਰਕਾਰ ਕੰਮ ਕਰ ਰਹੀ ਹੈ, ਜਦੋਂ ਕਿ ਪਹਿਲਾਂ ਵਾਲੀਆਂ ਸਰਕਾਰਾਂ ਲੋਕਾਂ ਨੂੰ ਲੁੱਟਣ ਤੱਕ ਸੀਮਤ ਸਨ।

ਉਨ੍ਹਾਂ ਕਿਹਾ, ਪੰਜਾਬ ਸਰਕਾਰ ਕਿਸਾਨਾਂ ਦੀ ਜ਼ਮੀਨ ਵਿੱਚੋਂ ਲੰਘਦੀਆਂ ਹਾਈ ਟੈਨਸ਼ਨ ਤਾਰਾਂ ਨੂੰ ਜ਼ਮੀਨਦੋਜ਼ ਕਰਨ ਦੀ ਸੰਭਾਵਨਾ ਦੀ ਪੜਚੋਲ ਕਰ ਰਹੀ ਹੈ ਅਤੇ ਰਣਨੀਤੀ ਬਣਾਈ ਜਾ ਰਹੀ ਹੈ। ਇਹ ਕਿਸਾਨਾਂ ਲਈ ਰਾਹਤ ਹੋਵੇਗੀ, ਕਿਉਂਕਿ ਇਹ ਤਾਰਾਂ ਫਸਲਾਂ ਲਈ ਬਹੁਤ ਵੱਡਾ ਖ਼ਤਰਾ ਖੜ੍ਹਾ ਕਰਦੀਆਂ ਹਨ।

ਇਸ ਮੌਕੇ ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਤਰੁਣਪ੍ਰੀਤ ਸਿੰਘ ਸੌਂਦ ਅਤੇ ਹੋਰ ਵੀ ਮੌਜੂਦ ਸਨ।

## ਬਲੈਕਮੇਲਿੰਗ ਦੇ ਦਮ 'ਤੇ ਨਹੀਂ

ਕੇਂਦਰ ਸਰਕਾਰ ਦੇ ਵਿਰੁੱਧ ਹੈ। ਅਸੀਂ ਉਨ੍ਹਾਂ ਨਾਲ ਮੁਲਾਕਾਤ ਕਰਾਂਗੇ ਅਤੇ ਉਨ੍ਹਾਂ ਨੂੰ ਇਸ ਬਾਰੇ ਸੂਚਿਤ ਕਰਾਂਗੇ,ਉਨ੍ਹਾਂ ਕਿਹਾ, ਉਨ੍ਹਾਂ ਕਿਹਾ ਕਿ ਉਹ ਪਹਿਲਾਂ ਹੀ ਇਹ ਮੁੱਦਾ ਕੇਂਦਰ ਸਰਕਾਰ ਕੋਲ ਉਠਾ ਚੁੱਕੇ ਹਨ। ਕਮਿਸ਼ਨ ਏਜੰਟਾਂ ਦੇ ਅਨੁਸਾਰ, 2020 ਤੱਕ, ਕਮਿਸ਼ਨ ਏਜੰਟਾਂ ਨੂੰ ਐਮ.ਐਸ.ਪੀ. (ਘੱਟੋ-ਘੱਟ ਸਮਰਥਨ ਮੁੱਲ) 'ਤੇ 2.5% ਕਮਿਸ਼ਨ ਮਿਲਦਾ ਸੀ। ਕਣਕ ਦਾ ਘੱਟੋ-ਘੱਟ ਸਮਰਥਨ ਮੁੱਲ 2585 ਰੁਪਏ ਪ੍ਰਤੀ ਕੁਇੰਟਲ ਹੋਣ ਕਰਕੇ, ਇਹ ਲੱਗਭੱਗ 65 ਰੁਪਏ ਪ੍ਰਤੀ ਕੁਇੰਟਲ ਬਣਦਾ ਹੈ। ਕਮਿਸ਼ਨ 2018-19 ਤੋਂ ਇੱਕ ਨਿਸ਼ਚਿਤ ਦਰ 'ਤੇ ਹੈ। ਇਹ ਪਹਿਲਾਂ 46 ਰੁਪਏ ਪ੍ਰਤੀ ਕੁਇੰਟਲ ਸੀ ਪਰ ਕੇਂਦਰ ਸਰਕਾਰ ਨੇ ਹਾਲ ਹੀ ਵਿੱਚ ਇਸ ਨੂੰ ਵਧਾ ਕੇ 50.75 ਰੁਪਏ ਪ੍ਰਤੀ ਕੁਇੰਟਲ ਕਰ ਦਿੱਤਾ ਹੈ।

## ਸੂਬੇ ਵਿੱਚ ਇਹ ਚੋਣ ਵਿਕਸਤ ਆਸਾਮ

ਆਸ਼ੀਰਵਾਦ ਨਾਲ ਅਸਾਮ ਵਿਚ ਭਾਜਪਾ ਸਰਕਾਰ ਹੈਟ੍ਰਿਕ ਬਣਾਉਣ ਜਾ ਰਹੀ ਹੈ। ਹਰ ਕੋਈ ਕਹਿ ਰਿਹਾ ਹੈ ਕਿ ਅਕੋਏ ਬਾਰ, ਐਨ.ਡੀ.ਏ. ਸਰਕਾਰ, ਭਾਜਪਾ ਸਰਕਾਰ। ਮੈਨੂੰ ਬਹੁਤ ਖੁਸ਼ੀ ਹੈ ਕਿ ਮੈਂ ਗੁਰੂਹਾਡੋਲ ਵਿਚ ਬੈਠੇ ਭਗਵਾਨ ਸ਼ਿਵ ਅਤੇ ਡੋਨੀਪੋਲੋ ਦੇ ਆਸ਼ੀਰਵਾਦ ਨਾਲ ਚੋਣ ਮੁਹਿੰਮ ਸ਼ੁਰੂ ਕਰ ਰਿਹਾ ਹਾਂ।ਮੈਂ ਅਸਾਮ ਭਾਜਪਾ ਦੇ ਸਾਰੇ ਨੇਤਾਵਾਂ ਨੂੰ ਵਧਾਈ ਦਿੰਦਾ ਹਾਂ, ਮੈਂ ਅਸਾਮ ਭਾਜਪਾ ਦੀ ਟੀਮ ਨੂੰ ਵਧਾਈ ਦਿੰਦਾ ਹਾਂ। ਅਸਾਮ ਭਾਜਪਾ ਨੇ ਪਿਛਲੇ 10 ਸਾਲਾਂ ਵਿਚ ਕਈ ਪਹਿਲੂ ਦਿੱਤੇ ਹਨ। ਕੱਲ੍ਹ ਸ਼ਾਮ ਨੂੰ ਸੰਕਲਪ ਪੱਤਰ ਜਾਰੀ ਕੀਤਾ ਗਿਆ। ਮੰਗਲਵਾਰ ਨੂੰ ਜਾਰੀ ਕੀਤਾ ਗਿਆ ਪੱਤਰ ਅਸਾਮ ਵਿਚ ਹੋਰ ਸ਼ੁਭਕਾਮਨਾਵਾਂ ਲਿਆਉਣ ਵਾਲਾ ਹੈ। ਯਾਨੀ ਕਿ ਮੰਗਲਵਾਰ ਨੂੰ ਸ਼ੁਭ ਪੱਤਰ ਆਇਆ ਹੈ। ਇਹ ਇਕ ਸੰਕਲਪ ਪੱਤਰ ਹੈ ਜੋ ਸ਼ੁਭਕਾਮਨਾਵਾਂ ਲਿਆਵੇਗਾ, ਇਸ ਵਿਚ ਸਰਕਾਰੀ ਨੌਕਰੀਆਂ ਅਤੇ ਨੌਜਵਾਨਾਂ ਲਈ ਲੱਖਾਂ ਸਵੈ-ਰੁਜ਼ਗਾਰ ਦੇ ਮੌਕਿਆਂ ਦਾ ਇਕ ਰੋਡ ਮੈਪ ਹੈ। ਬੁਨਿਆਦੀ ਢਾਂਚੇ 'ਤੇ 5 ਲੱਖ ਕਰੋੜ ਰੁਪਏ ਖਰਚ ਕਰਨ ਦਾ ਸੰਕਲਪ ਹੈ। ਹਰ ਖੇਤਰ ਵਿਚ ਰੁਜ਼ਗਾਰ ਦੇ ਬਹੁਤ ਸਾਰੇ ਮੌਕੇ ਪੈਦਾ ਕੀਤੇ ਜਾਣਗੇ।

## ਲਾਲਜੀਤ ਭੁੱਲਰ ਨੂੰ ਅਦਾਲਤ ਨੇ

ਵਿੱਚ ਚਰਚਾ ਨੂੰ ਜਨਮ ਦਿੱਤਾ ਹੈ ਅਤੇ ਵੱਖ-ਵੱਖ ਧਿਰਾਂ ਵੱਲੋਂ ਨਿਆਂ ਦੀ ਮੰਗ ਕੀਤੀ ਜਾ ਰਹੀ ਹੈ।

ਅਦਾਲਤ ਵਿੱਚ ਸੁਣਵਾਈ ਦੌਰਾਨ ਸਰਕਾਰੀ ਵਕੀਲ ਵੱਲੋਂ ਦਲੀਲ ਦਿੱਤੀ ਗਈ ਕਿ ਮਾਮਲਾ ਸੰਵੇਦਨਸ਼ੀਲ ਹੈ ਅਤੇ ਹੋਰ ਜਾਂਚ ਲਈ ਸਮਾਂ ਲੋੜੀਂਦਾ ਹੈ, ਜਿਸ ਕਾਰਨ ਨਿਆਂਇਕ ਹਿਰਾਸਤ ਦੀ ਮੰਗ ਕੀਤੀ ਗਈ। ਦੂਜੇ ਪਾਸੇ, ਬਚਾਅ ਪੱਖ ਵੱਲੋਂ ਜ਼ਮਾਨਤ ਦੀ ਅਰਜ਼ੀ ਦਾਇਰ ਕੀਤੀ ਗਈ, ਪਰ ਅਦਾਲਤ ਨੇ ਇਸਨੂੰ ਇਸ ਮਰਹਲੇ 'ਤੇ ਰੱਦ ਕਰ ਦਿੱਤਾ।

ਪੁਲਿਸ ਅਧਿਕਾਰੀਆਂ ਦਾ ਕਹਿਣਾ ਹੈ ਕਿ ਅਗਲੇ ਦਿਨਾਂ ਵਿੱਚ ਹੋਰ ਗ੍ਰਿਫ਼ਤਾਰੀਆਂ ਵੀ ਹੋ ਸਕਦੀਆਂ ਹਨ ਜੇਕਰ ਜਾਂਚ ਦੌਰਾਨ ਕਿਸੇ ਹੋਰ ਦੀ ਭੂਮਿਕਾ ਸਾਹਮਣੇ ਆਉਂਦੀ ਹੈ। ਇਸ ਮਾਮਲੇ ਵਿੱਚ ਅਗਲੀ ਸੁਣਵਾਈ ਨਿਰਧਾਰਤ ਮਿਤੀ 'ਤੇ ਕੀਤੀ ਜਾਵੇਗੀ। ਇਸੇ ਦੌਰਾਨ ਰੰਧਾਵਾ ਦੇ ਪਰਿਵਾਰ ਵੱਲੋਂ ਇਨਸਾਫ਼ ਦੀ ਮੰਗ ਜਾਰੀ ਹੈ ਅਤੇ ਉਨ੍ਹਾਂ ਨੇ ਸਰਕਾਰ ਤੋਂ ਨਿਰਪੱਖ ਜਾਂਚ ਦੀ ਅਪੀਲ ਕੀਤੀ ਹੈ।

## ਫੱਤੂਢੀਂਗਾ 'ਚ ਬਲਾਕ ਸੰਮਤੀ ਚੋਣ ਦੌਰਾਨ

ਮਾਮਲੇ ਦੀ ਜਾਂਚ ਕਰ ਰਹੀ ਹੈ। ਮਾਮਲੇ ਦੀ ਗੰਭੀਰਤਾ ਨੂੰ ਦੇਖਦਿਆਂ ਰਾਣਾ ਧੜੇ ਨੇ ਮੁੜ ਪੰਜਾਬ ਅਤੇ ਹਰਿਆਣਾ ਹਾਈਕੋਰਟ ਤੱਕ ਪਹੁੰਚ ਕੀਤੀ। ਅਦਾਲਤ ਨੇ ਸੁਣਵਾਈ ਕਰਦਿਆਂ ਹੁਕਮ ਦਿੱਤਾ ਹੈ ਕਿ ਹੁਣ ਇਹ ਚੋਣ 4 ਅਪਰੈਲ ਨੂੰ ਡਿਪਟੀ ਕਮਿਸ਼ਨਰ ਦਫ਼ਤਰ ਵਿਖੇ ਕਰਵਾਈ ਜਾਵੇਗੀ। ਖ਼ਾਸ ਗੱਲ ਇਹ ਹੈ ਕਿ ਪਾਰਦਰਸ਼ਤਾ ਯਕੀਨੀ ਬਣਾਉਣ ਲਈ ਹਾਈਕੋਰਟ ਦਾ ਇੱਕ ਵਿਸ਼ੇਸ਼ ਨੁਮਾਇੰਦਾ ਵੀ ਇਸ ਚੋਣ ਦੌਰਾਨ ਮੌਕੇ 'ਤੇ ਹਾਜ਼ਰ ਰਹੇਗਾ। ਪ੍ਰਸ਼ਾਸਨ ਨੇ ਪਹਿਲਾਂ ਇਹ ਚੋਣ ਅਚਾਨਕ ਅੱਜ ਹੀ ਕਰਵਾਉਣ ਦਾ ਫੈਸਲਾ ਕੀਤਾ ਸੀ, ਜਿਸ ਕਾਰਨ ਇਹ ਸਾਰਾ ਵਿਵਾਦ ਖੜ੍ਹਾ ਹੋਇਆ।

## ਚੰਡੀਗੜ੍ਹ 'ਚ ਪੰਜਾਬ ਭਾਜਪਾ ਦੇ ਦਫਤਰ

ਹੋਣ ਤੋਂ ਬਚਾ ਰਿਹਾ ਕਿਹਾ ਹੈ ਪਰ ਭਾਜਪਾ ਦਫਤਰ ਦੇ ਬਾਹਰ ਖੜ੍ਹੀਆਂ ਕਈ ਗੱਡੀਆਂ 'ਤੇ ਮਾਮੂਲੀ ਝਰੀਟਾਂ ਵੱਜੀਆਂ ਹਨ। ਜ਼ਿਕਰਯੋਗ ਹੈ ਕਿ ਪੰਜਾਬ ਭਾਜਪਾ ਦਾ ਦਫਤਰ ਚੰਡੀਗੜ੍ਹ ਦੇ ਸੈਕਟਰ 37 ਵਿਖੇ ਸਥਿਤ ਹੈ। ਇਸ ਦੇ ਨਾਲ ਪੰਜਾਬ ਅਤੇ ਹਰਿਆਣਾ ਬਾਰ ਕੌਂਸਲ, ਪੈਟਰੋਲ ਪੰਪ ਅਤੇ ਹੋਰ ਕਈ ਵੱਡੇ ਦਫਤਰ ਸਥਿਤ ਹਨ। ਚੰਡੀਗੜ੍ਹ ਪੁਲਿਸ ਦੀਆਂ ਵੱਖ-ਵੱਖ ਕੰਪਨੀਆਂ, ਫਾਇਰ ਬ੍ਰਿਗੇਡ ਅਤੇ ਐਂਬੂਲੈਂਸ ਨੇ ਵੀ ਮੌਕੇ 'ਤੇ ਮੋਰਚਾ ਸਾਂਭ ਲਿਆ ਹੈ। ਪੁਲਿਸ ਵੱਲੋਂ ਘਟਨਾ ਵਾਲੀ ਥਾਂ ਦੇ ਆਲੇ-ਦੁਆਲੇ ਲੱਗੇ ਸੀਸੀਟੀਵੀ ਕੈਮਰਿਆਂ ਦੀ ਫੁਟੇਜ ਵੀ ਖੰਗਾਲੀ ਜਾ ਰਹੀ ਹੈ। ਸੂਬਾ ਭਾਜਪਾ ਆਗੂ ਵਿਨੀਤ ਜੋਸ਼ੀ ਨੇ ਦੱਸਿਆ ਕਿ ਇਹ ਆਵਾਜ਼ਾਂ ਸ਼ਾਮ 5 ਵਜੇ ਦੇ ਕਰੀਬ ਸੁਣੀਆਂ ਗਈਆਂ। ਘਟਨਾ ਸਮੇਂ ਕਈ ਪੰਜਾਬ ਭਾਜਪਾ ਆਗੂ ਦਫ਼ਤਰ ਦੇ ਅੰਦਰ ਮੌਜੂਦ ਸਨ। ਧਮਾਕੇ ਦੀ ਆਵਾਜ਼ ਸੁਣਨ ਤੋਂ ਬਾਅਦ, ਜੋ ਕਿ ਕਥਿਤ ਤੌਰ 'ਤੇ ਰੇਤ ਦੇ ਢੇਰ ਵਿੱਚ ਹੋਇਆ ਸੀ, ਭਾਜਪਾ ਪੰਜਾਬ ਦੇ ਆਗੂਆਂ ਨੇ ਪੁਲਿਸ ਨੂੰ ਸੂਚਨਾ ਦਿੱਤੀ। ਇਲਾਕੇ ਦੀ ਘੇਰਾਬੰਦੀ ਕਰ ਦਿੱਤੀ ਗਈ ਹੈ ਅਤੇ ਪੰਜਾਬ ਭਾਜਪਾ ਦਫ਼ਤਰ ਦੀ ਸੁਰੱਖਿਆ ਲਈ ਬੀ.ਐਸ.ਐਫ. ਦੇ ਜਵਾਨ ਕਥਿਤ ਤੌਰ 'ਤੇ ਤਾਇਨਾਤ ਕੀਤੇ ਗਏ ਹਨ। ਸੀਨੀਅਰ ਪੁਲਿਸ ਅਧਿਕਾਰੀ, ਜਿਨ੍ਹਾਂ ਵਿੱਚ ਸੀਨੀਅਰ ਪੁਲਿਸ ਕਪਤਾਨ ਕੰਵਰਦੀਪ ਕੌਰ ਵੀ ਸ਼ਾਮਲ ਸਨ, ਸਥਿਤੀ ਦਾ ਜਾਇਜ਼ਾ ਲੈਣ ਲਈ ਮੌਕੇ 'ਤੇ ਪਹੁੰਚੇ। ਪੁਲਿਸ ਨੇ ਇਲਾਕੇ ਦੀ ਘੇਰਾਬੰਦੀ ਕਰ ਦਿੱਤੀ ਹੈ। ਜੋਸ਼ੀ ਨੇ ਕਿਹਾ ਕਿ ਪੁਲਿਸ ਮਾਮਲੇ ਦੀ ਜਾਂਚ ਕਰ ਰਹੀ ਹੈ। ਹੋਰ ਵੇਰਵਿਆਂ ਦੀ ਉਡੀਕ ਕੀਤੀ ਜਾ ਰਹੀ ਹੈ।

## ਧਮਾਕੇ ਦੀ ਭਾਜਪਾ ਆਗੂਆਂ ਵੱਲੋਂ ਨਿਖੇਧੀ

ਭਾਜਪਾ ਦੇ ਵਰਕਰਾਂ ਨੂੰ ਡਰਾਇਆ ਨਹੀਂ ਜਾ ਸਕਦਾ। ਉਨ੍ਹਾਂ ਨੇ ਪ੍ਰਸ਼ਾਸਨ ਨੂੰ ਦੋਸ਼ੀਆਂ ਦੇ ਖਿਲਾਫ ਸਖ਼ਤ ਕਾਰਵਾਈ ਕਰਨ ਦੇ ਨਿਰਦੇਸ਼ ਦਿੱਤੇ ਹਨ।

ਦੋਸ਼ੀਆਂ ਖਿਲਾਫ ਹੋਵੇ ਸਖਤ ਕਾਰਵਾਈ : ਆਰ.ਪੀ. ਸਿੰਘ

ਭਾਜਪਾ ਦੇ ਰਾਸ਼ਟਰੀ ਬੁਲਾਰੇ ਨੇ ਕਿਹਾ ਕਿ ਮਾਮਲੇ ਦੀ ਡੂੰਘਾਈ ਨਾਲ ਜਾਂਚ ਹੋਣੀ ਚਾਹੀਦੀ ਹੈ। ਉਨ੍ਹਾਂ ਮੰਗ ਕੀਤੀ ਹੈ ਕਿ ਇਸ ਅੱਤਵਾਦੀ ਕਾਰਵਾਈ ਲਈ ਜ਼ਿੰਮੇਵਾਰ ਲੋਕਾਂ ਦੀ ਜਲਦੀ ਪਛਾਣ ਕੀਤੀ ਜਾਵੇ ਅਤੇ ਉਨ੍ਹਾਂ ਨੂੰ ਸਖ਼ਤ ਸਜ਼ਾ ਦਿੱਤੀ ਜਾਵੇ। ਉਨ੍ਹਾਂ ਸਪੱਸ਼ਟ ਕੀਤਾ ਕਿ ਅਜਿਹੀਆਂ ਅੱਤਵਾਦੀ ਕਾਰਵਾਈਆਂ ਲਈ 'ਜ਼ੀਰੋ ਟਾਲਰੈਂਸ' (ਕੋਈ ਸਹਿਣਸ਼ੀਲਤਾ ਨਹੀਂ) ਦੀ ਨੀਤੀ ਅਪਣਾਈ ਜਾਣੀ ਚਾਹੀਦੀ ਹੈ। ਦੱਸਿਆ ਜਾ ਰਿਹਾ ਹੈ ਕਿ ਧਮਾਕੇ ਤੋਂ ਤੁਰੰਤ ਬਾਅਦ ਪੁਲਿਸ ਪ੍ਰਸ਼ਾਸਨ ਹਰਕਤ ਵਿੱਚ ਆ ਗਿਆ ਹੈ ਅਤੇ ਇਲਾਕੇ ਨੂੰ ਸੀਲ ਕਰ ਦਿੱਤਾ ਗਿਆ ਹੈ। ਫੋਰੈਂਸਿਕ ਟੀਮਾਂ ਮੌਕੇ 'ਤੇ ਪਹੁੰਚ ਕੇ ਸਬੂਤ ਇਕੱਠੇ ਕਰ ਰਹੀਆਂ ਹਨ ਤਾਂ ਜੋ ਇਹ ਪਤਾ ਲਗਾਇਆ ਜਾ ਸਕੇ ਕਿ ਇਹ ਧਮਾਕਾ ਕਿਸ ਤਰ੍ਹਾਂ ਦਾ ਸੀ ਅਤੇ ਇਸ ਪਿੱਛੇ ਕਿਸ ਦਾ ਹੱਥ ਹੈ।

## ਸ਼੍ਰੋਮਣੀ ਕਮੇਟੀ ਨੂੰ ਫਾਂਸੀ ਸਬੰਧੀ ਪਾਈ

ਕੀਤਾ ਜਾ ਸਕੇ।

ਰਾਜੋਆਣਾ ਨੇ ਆਪਣੇ ਪੱਤਰ ਵਿੱਚ ਇਹ ਵੀ ਲਿਖਿਆ ਕਿ ਉਹ ਆਪਣੇ ਮਾਮਲੇ ਵਿੱਚ ਕਿਸੇ ਤਰ੍ਹਾਂ ਦੀ ਰਾਹਤ ਜਾਂ ਸਜ਼ਾ ਵਿੱਚ ਤਬਦੀਲੀ ਨਹੀਂ ਚਾਹੁੰਦੇ, ਸਗੋਂ ਨਿਆਂ ਦੀ ਪ੍ਰਕਿਰਿਆ ਨੂੰ ਆਪਣੇ ਅਸਲੀ ਰੂਪ ਵਿੱਚ ਹੀ ਦਰਜ ਹੋਣ ਦੇ ਹੱਕ ਵਿੱਚ ਹਨ। ਉਨ੍ਹਾਂ ਅਕਾਲ ਤਖ਼ਤ ਸਾਹਿਬ ਤੋਂ ਬੇਨਤੀ ਕੀਤੀ ਹੈ ਕਿ ਸ਼੍ਰੋਮਣੀ ਕਮੇਟੀ ਨੂੰ ਸਪੱਸ਼ਟ ਆਦੇਸ਼ ਜਾਰੀ ਕਰਕੇ ਇਸ ਅਪੀਲ ਨੂੰ ਵਾਪਸ ਲਿਆ ਜਾਵੇ।

ਇਸੇ ਦੌਰਾਨ ਅਕਾਲ ਤਖ਼ਤ ਸਾਹਿਬ ਸਕੱਤਰੇਤ ਵੱਲੋਂ ਵੀ ਇਸ ਗੱਲ ਦੀ ਪੁਸ਼ਟੀ ਕੀਤੀ ਗਈ ਹੈ ਕਿ ਰਾਜੋਆਣਾ ਵੱਲੋਂ ਭੇਜਿਆ ਗਿਆ ਪੱਤਰ ਜਥੇਦਾਰ ਸਾਹਿਬ ਨੂੰ ਮਿਲ ਗਿਆ ਹੈ। ਸਕੱਤਰੇਤ ਦੇ ਅਧਿਕਾਰੀਆਂ ਅਨੁਸਾਰ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਵੱਲੋਂ ਇਸ ਮਾਮਲੇ 'ਤੇ ਜਲਦ ਹੀ ਵਿਚਾਰ-ਵਟਾਂਦਰਾ ਕਰਕੇ ਅਗਲੀ ਕਾਰਵਾਈ ਕੀਤੀ ਜਾਵੇਗੀ।ਇਹ ਮਾਮਲਾ ਇੱਕ ਵਾਰ ਫਿਰ ਸਿੱਖ ਧਾਰਮਿਕ ਅਤੇ ਰਾਜਨੀਤਿਕ ਵਰਗਾਂ ਵਿੱਚ ਚਰਚਾ ਦਾ ਕੇਂਦਰ ਬਣ ਗਿਆ ਹੈ। ਵੱਖ-ਵੱਖ ਧਿਰਾਂ ਵੱਲੋਂ ਇਸ 'ਤੇ ਆਪਣੀ-ਆਪਣੀ ਪ੍ਰਤੀਕਿਰਿਆ ਦਿੱਤੀ ਜਾ ਰਹੀ ਹੈ ਅਤੇ ਅਗਲੇ ਦਿਨਾਂ ਵਿੱਚ ਇਸ ਮਾਮਲੇ ਵਿੱਚ ਹੋਰ ਗਤੀਵਿਧੀਆਂ ਦੇ ਆਸਾਰ ਵੀ ਜਤਾਏ ਜਾ ਰਹੇ ਹਨ।

## ਆਸਾਮ-ਮਿਜ਼ੋਰਮ ਸਰਹੱਦ 'ਤੇ ਹਿੰਸਾ 'ਚ

ਕੀਤਾ ਕਿ ਵੀਡੀਓਗ੍ਰਾਫੀ ਅਤੇ ਸਰਵੇਖਣ ਰਿਪੋਰਟ ਨਾਲ ਸਬੰਧਤ ਸਾਰੇ ਇਤਰਾਜ਼ਾਂ ਦੀ ਸੁਣਵਾਈ ਹੁਣ ਮੱਧ ਪ੍ਰਦੇਸ਼ ਹਾਈ ਕੋਰਟ ਵੱਲੋਂ ਅੰਤਿਮ ਬਹਿਸ ਦੌਰਾਨ ਕੀਤੀ ਜਾਵੇਗੀ। ਸੁਪਰੀਮ ਕੋਰਟ ਨੇ ਕਿਹਾ ਕਿ ਉਨ੍ਹਾਂ ਨੂੰ ਹਾਈ ਕੋਰਟ 'ਤੇ ਪੂਰਾ ਭਰੋਸਾ ਹੈ ਕਿ ਉਹ ਕੁਦਰਤੀ ਨਿਆਂ ਦੇ ਸਿਧਾਂਤਾਂ ਅਨੁਸਾਰ ਸਾਰੇ ਪੱਖਾਂ ਨੂੰ ਸੁਣ ਕੇ ਉਚਿਤ ਫੈਸਲਾ ਲਵੇਗੀ। ਜ਼ਿਕਰਯੋਗ ਹੈ ਕਿ ਏ.ਐਸ.ਆਈ. ਨੇ ਜੁਲਾਈ ਵਿੱਚ ਪੇਸ਼ ਕੀਤੀ ਆਪਣੀ 10-ਜਿਲਦਾਂ ਦੀ ਰਿਪੋਰਟ ਵਿੱਚ ਦਾਅਵਾ ਕੀਤਾ ਸੀ ਕਿ ਮੌਜੂਦਾ ਢਾਂਚਾ ਲਗਭਗ 1,000 ਸਾਲ ਪਹਿਲਾਂ ਪਰਮਾਰ ਕਾਲ ਦੇ ਇੱਕ ਪ੍ਰਾਚੀਨ ਮੰਦਰ ਦੇ ਹਿੱਸਿਆਂ ਤੋਂ ਬਣਾਇਆ ਗਿਆ ਸੀ। ਸਰਵੇਖਣ ਦੌਰਾਨ ਇੱਥੋਂ 94 ਮੂਰਤੀਆਂ, ਦੇਵੀ-ਦੇਵਤਿਆਂ ਦੇ ਚਿੱਤਰ ਅਤੇ ਕਈ ਹਿੰਦੂ ਧਾਰਮਿਕ ਚਿੰਨ੍ਹ ਬਰਾਮਦ ਹੋਏ ਹਨ। ਹਿੰਦੂ ਪੱਖ ਇਸ ਸਥਾਨ ਨੂੰ ਮਾਂ ਸਰਸਵਤੀ ਦਾ ਮੰਦਰ ਮੰਨਦਾ ਹੈ, ਜਦੋਂਕਿ ਮੁਸਲਿਮ ਪੱਖ ਏ.ਐਸ.ਆਈ. ਦੀ ਰਿਪੋਰਟ ਅਤੇ ਸਰਵੇਖਣ ਦੇ ਤਰੀਕਿਆਂ 'ਤੇ ਸਵਾਲ ਚੁਠਾ ਰਿਹਾ ਹੈ। ਫਿਲਹਾਲ, ਅਦਾਲਤ ਨੇ ਦੋਵਾਂ ਪੱਖਾਂ ਨੂੰ ਨਿਰਧਾਰਤ ਸਮੇਂ ਅਨੁਸਾਰ ਪੂਜਾ ਅਤੇ ਨਮਾਜ਼ ਅਦਾ ਕਰਨ ਦੀ ਇਜਾਜ਼ਤ ਜਾਰੀ ਰੱਖੀ ਹੋਈ ਹੈ ਅਤੇ ਅੰਤਿਮ ਫੈਸਲਾ ਹਾਈ ਕੋਰਟ ਦੇ ਹੱਥ ਵਿੱਚ ਹੈ।

## 'ਅਮਰੀਕਾ ਨੂੰ ਫ਼ੌਜ ਭੇਜਣ ਦੀ

ਜੰਗ ਨੂੰ ਲੈ ਕੇ ਵੱਡੇ-ਵੱਡੇ ਦਾਅਵੇ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਈਰਾਨ ਨਾਲ ਚੱਲ ਰਹੀ ਜੰਗ 2 ਤੋਂ 3 ਹਫਤਿਆਂ ਤੱਕ ਖਤਮ ਹੋ ਸਕਦੀ ਹੈ। ਉਨ੍ਹਾਂ ਕਿਹਾ ਕਿ ਅਮਰੀਕਾ ਨੇ ਆਪਣਾ ਉਦੇਸ਼ ਪਹਿਲਾਂ ਹੀ ਹਾਸਲ ਕਰ ਲਿਆ ਹੈ ਤੇ ਮਿਸ਼ਨ ਆਪਣੇ ਆਖਰੀ ਪੜਾਅ 'ਤੇ ਹੈ। ਜੰਗ ਦੇ ਨਾਲ ਮਿਡਲ ਈਸਟ ਨੂੰ 18 ਲੱਖ ਕਰੋੜ ਦਾ ਨੁਕਸਾਨ ਹੋਇਆ ਹੈ ਤੇ ਹੋਰ ਵੀ ਭਾਰੀ ਨੁਕਸਾਨ ਹੋਣ ਦਾ ਖਦਸ਼ਾ ਹੈ। ਈਰਾਨ ਦੇ ਸੀਨੀਅਰ ਸੰਸਦ ਮੈਂਬਰ ਨੇ ਕਿਹਾ ਕਿ ਹੋਰਮੁਜ਼ ਨਹੀਂ ਖੋਲ੍ਹਿਆ ਜਾਵੇਗਾ ਤੇ ਨਾ ਹੀ ਕਿਸੇ ਤਰ੍ਹਾਂ ਦੀ ਗੱਲਬਾਤ ਕੀਤੀ ਜਾਵੇਗਾ।

## ਬੰਗਾਲ'ਚ ਤੂਫ਼ਾਨ ਕਾਰਨ ਮਮਤਾ ਦਾ ਹੈਲੀਕਾਪਟਰ

ਉਦੋਂ ਮੌਸਮ ਦੀ ਸਥਿਤੀ ਵਿਗੜ ਗਈ। ਅਧਿਕਾਰੀਆਂ ਨੇ ਦੱਸਿਆ ਕਿ ਪਿਛਲੇ ਹਫ਼ਤੇ ਪੱਛਮੀ ਬਰਧਮਾਨ ਦੇ ਆਂਦਲ ਤੋਂ ਜਾ ਰਿਹਾ ਬੈਨਰਜੀ ਦਾ ਜਹਾਜ਼ ਕੋਲਕਾਤਾ ਹਵਾਈ ਅੱਡੇ 'ਤੇ ਉਤਰਨ ਦੀ ਕੋਸ਼ਿਸ਼ ਕਰਦੇ ਸਮੇਂ ਖ਼ਰਾਬ ਮੌਸਮ 'ਚ ਫਸ ਗਿਆ ਸੀ ਆਖ਼ਰਕਾਰ ਲਗਭਗ ਇਕ ਘੰਟੇ ਬਾਅਦ ਉਤਰਿਆ ਸੀ। ਪੱਛਮੀ ਬੰਗਾਲ ਦੀ 294 ਮੈਂਬਰੀ ਵਿਧਾਨ ਸਭਾ ਲਈ 2 ਪੜਾਵਾਂ 'ਚ 23 ਅਤੇ 29 ਅਪ੍ਰੈਲ ਨੂੰ ਚੋਣਾਂ ਹੋਣਗੀਆਂ ਅਤੇ ਵੋਟਾਂ ਦੀ ਗਿਣਤੀ 4 ਮਈ ਨੂੰ ਹੋਵੇਗੀ।

## ਰਸੋਈ ਗੈਸ ਦੀਆਂ ਕੀਮਤਾਂ 'ਤੇ

ਮੰਤਰੀ ਨੇ ਵਿਰੋਧੀ ਧਿਰ ਨੂੰ ਇਸ ਮੁੱਦੇ ਨੂੰ ਲੈ ਕੇ ਰਾਜਨੀਤੀ ਨਾ ਕਰਨ ਦੀ ਨਸੀਹਤ ਦਿੰਦੇ ਹੋਏ ਕਿਹਾ ਕਿ ਇਸੇ ਮੁੱਦੇ 'ਤੇ ਸਰਬ-ਪਾਰਟੀ ਮੀਟਿੰਗ 'ਚ ਲੋਕ ਸਭਾ ਅਤੇ ਰਾਜ ਸਭਾ ਦੋਵਾਂ ਦੇ ਵਿਰੋਧੀ ਧਿਰ ਨੇਤਾ (ਰਾਹੁਲ ਗਾਂਧੀ ਅਤੇ ਮਲਿਕਾਰਜੁਨ ਖੜਗੇ) ਨਹੀਂ ਸ਼ਾਮਲ ਹੋਏ।

## ਰੰਧਾਵਾ ਦੇ ਘਰ ਦੀ ਬਿਜਲੀ ਕੱਟਣ ਦੇ

ਹਸਪਤਾਲ ਦਾਖਲ ਕਰਵਾਇਆ ਗਿਆ ਪਰ ਇਲਾਜ ਦੌਰਾਨ ਉਸ ਦੀ ਮੌਤ ਹੋ ਗਈ। ਦੂਜੇ ਪਾਸੇ ਪਰਿਵਾਰ ਨੇ ਦੋਸ਼ ਲਗਾਇਆ ਹੈ ਕਿ ਗੁਰਬਖਸ਼ੀਸ਼ ਸਿੰਘ ਦੀ ਮੌਤ ਪੁਲਿਸ ਹਿਰਾਸਤ ਦੌਰਾਨ ਤਸ਼ੱਦਦ ਕਰਕੇ ਹੋਈ ਹੈ। ਫਿਲਹਾਲ ਪੋਸਟਮਾਰਟਮ ਤੋਂ ਬਾਅਦ ਹੀ ਮੌਤ ਦੇ ਕਾਰਨ ਸਾਹਮਣੇ ਆਉਣਗੇ।ਉੱਥੇ ਹੀ ਰਣਜੀਤ ਐਵੇਨਿਊ ਪੁਲਿਸ ਥਾਣੇ ਦੇ ਇੰਚਾਰਜ ਰੋਬਿਨ ਹੰਸ ਨੇ ਕਿਹਾ ਕਿ ਮਾਮਲਾ ਜਾਂਚ ਅਧੀਨ ਹੈ। ਜ਼ਿਕਰਯੋਗ ਹੈ ਕਿ ਗਗਨਦੀਪ ਸਿੰਘ ਰੰਧਾਵਾ ਦੇ ਘਰ ਦੀ ਬਿਜਲੀ ਦੀ ਸਪਲਾਈ ਕਿਸੇ ਨੇ ਕੱਟ ਦਿੱਤੀ ਸੀ, ਜਿਸ ਤੋਂ ਬਾਅਦ ਪਰਿਵਾਰ ਵੱਲੋਂ ਇਸ ਸਬੰਧੀ ਪੁਲਿਸ ਕੋਲ ਸ਼ਿਕਾਇਤ ਦਰਜ ਕਰਵਾਈ ਗਈ ਸੀ।

## ਇਜ਼ਰਾਈਲ ਨੇ ਭਾਰਤ

ਤਕਨਾਲੋਜੀ ਟਰਾਂਸਫਰ ਪ੍ਰਕਿਰਿਆ ਦੇ ਸਫਲਤਾਪੂਰਵਕ ਮੁਕੰਮਲ ਹੋਣ ਤੋਂ ਬਾਅਦ ਹਾਸਲ ਹੋਈ ਹੈ।

ਇਹ ਇਕਰਾਰਨਾਮੇ ਵਿੱਚ ਤੈਅ ਕੀਤੀ ਗਈ ਸਮਾਂ-ਸਾਰਣੀ ਅਤੇ ਗੁਣਵੱਤਾ ਦੇ ਮਿਆਰਾਂ ਅਨੁਸਾਰ ਉੱਨਤ ਪ੍ਰਣਾਲੀਆਂ ਦੀ ਸਪਲਾਈ ਕਰਨ ਦੀ ਆਈ.ਡਬਲਯੂ.ਆਈ. ਦੀ ਵਚਨਬੱਧਤਾ ਨੂੰ ਦਰਸਾਉਂਦੀ ਹੈ।

ਇਸ ਦੇ ਨਾਲ ਹੀ ਇਹ ਭਾਰਤ ਦੇ ਰੱਖਿਆ ਨਿਰਮਾਣ ਈਕੋਸਿਸਟਮ ਨੂੰ ਸਹਿਯੋਗ ਵੀ ਪ੍ਰਦਾਨ ਕਰਦੀ ਹੈ।' ਨੇਗੇਵ (G.FBxEA) ਆਪਣੀ ਸ਼੍ਰੇਣੀ ਦੀਆਂ ਸਭ ਤੋਂ ਹਲਕੀਆਂ 7.62 ਮਿਲੀਮੀਟਰ ਲਾਈਟ ਮਸ਼ੀਨ ਗਨਾਂ ਵਿੱਚੋਂ ਇੱਕ ਹੈ ਅਤੇ ਇਸ ਵਿੱਚ 'ਸੈਮੀ-ਆਟੋਮੈਟਿਕ' ਤਕਨੀਕ ਹੈ ਜਿਸ ਦੀ ਵਰਤੋਂ ਇਜ਼ਰਾਇਲੀ ਰੱਖਿਆ ਬਲਾਂ (ਆਈ.ਡੀ.ਐਫ.) ਵੱਲੋਂ ਕੀਤੀ ਜਾਂਦੀ ਹੈ। ਇਸ ਨੂੰ ਮੁਸ਼ਕਲ ਹਾਲਾਤਾਂ ਵਿੱਚ ਵੀ ਕੰਮ ਕਰਨ ਦੇ ਉਦੇਸ਼ ਨਾਲ ਡਿਜ਼ਾਈਨ ਕੀਤਾ ਗਿਆ ਹੈ।

ਇਸ ਦੇ ਹਲਕੇ ਹੋਣ ਅਤੇ 7.62 ਮਿਲੀਮੀਟਰ ਗੋਲਾ-ਬਾਰੂਦ ਦੀ ਵਰਤੋਂ ਕਰਨ ਦੀ ਸਮਰੱਥਾ ਕਾਰਨ ਇਹ ਮਜ਼ਬੂਤ ਸੁਰੱਖਿਆ ਘੇਰੇ ਨੂੰ ਤੋੜਨ ਵਿੱਚ ਸਮਰੱਥ ਹੈ, ਜਿਸ ਨਾਲ ਇਹ ਸ਼ਹਿਰੀ ਜੰਗ ਅਤੇ ਮਹੱਤਵਪੂਰਨ ਮੁਹਿੰਮਾਂ ਲਈ ਢੁਕਵੀਂ ਹੈ। ਇਸ ਹਥਿਆਰ ਵਿੱਚ 'ਸੈਮੀ-ਆਟੋਮੈਟਿਕ' ਅਤੇ ਪੂਰੀ 'ਆਟੋਮੈਟਿਕ ਤਕਨੀਕ' ਉਪਲੱਬਧ ਹੈ। ਇਸ ਨੂੰ ਹੈਲੀਕਾਪਟਰ, ਵਾਹਨ ਅਤੇ ਸਮੁੰਦਰੀ ਜਹਾਜ਼ਾਂ 'ਤੇ ਲਗਾਇਆ ਜਾ ਸਕਦਾ ਹੈ। ਭਾਰਤ ਅਤੇ ਇਜ਼ਰਾਈਲ ਨੇ ਪਿਛਲੇ ਸਾਲ ਨਵੰਬਰ ਵਿੱਚ ਰੱਖਿਆ, ਉਦਯੋਗਿਕ ਅਤੇ ਤਕਨਾਲੋਜੀ ਸਹਿਯੋਗ ਨੂੰ ਵਧਾਉਣ ਲਈ ਇੱਕ ਸਮਝੌਤੇ 'ਤੇ ਹਸਤਾਖਰ ਕੀਤੇ ਸਨ, ਜਿਸ ਨਾਲ ਸਹਿ-ਵਿਕਾਸ ਅਤੇ ਸਹਿ-ਉਤਪਾਦਨ ਨੂੰ ਉਤਸ਼ਾਹਿਤ ਕਰਨ ਲਈ ਉੱਨਤ ਤਕਨਾਲੋਜੀ ਨੂੰ ਸਾਂਝਾ ਕਰਨਾ ਸੰਭਵ ਹੋ ਸਕੇਗਾ।

## ਦੇਸ਼ 'ਚ ਵਪਾਰਕ ਗੈਸ ਸਿਲੰਡਰ

ਏਅਰਲਾਈਨਾਂ ਲਈ ਇਹ ਵਾਧਾ ਸਿਰਫ 8.5 ਫੀਸਦੀ ਹੋਵੇਗਾ।ਘਰੇਲੂ ਏਅਰਲਾਈਨਾਂ ਹੋਰ ਕੈਰੀਅਰਾਂ ਜਿਵੇਂ ਕਿ ਨਾਨ-ਸ਼ਡਿਊਲਡ, ਐਡਹਾਕ ਅਤੇ ਚਾਰਟਰ ਦੁਆਰਾ ਅਦਾ ਕੀਤੇ ਜਾਣ ਵਾਲੇ ਭਾਅ ਦਾ ਅੱਧਾ ਭੁਗਤਾਨ ਕਰਨਗੀਆਂ। ਉਨ੍ਹਾਂ (ਹੋਰ ਕੈਰੀਅਰਾਂ) ਲਈ ਕੀਮਤਾਂ 1,10,703.08 ਰੁਪਏ ਪ੍ਰਤੀ ਕਿਲੋਲੀਟਰ ਜਾਂ 114.5 ਫੀਸਦੀ ਵਧ ਕੇ 2,07,341.22 ਰੁਪਏ ਪ੍ਰਤੀ ਕਿਲੋਲੀਟਰ ਹੋ ਗਈਆਂ ਹਨ। ਜੈੱਟ ਈਂਧਣ ਦੀਆਂ ਕੀਮਤਾਂ ਦੋ ਦਹਾਕੇ ਪਹਿਲਾਂ ਕੰਟਰੋਲ ਮੁਕਤ ਕੀਤੀਆਂ ਗਈਆਂ ਸਨ ਅਤੇ ਉਦੋਂ ਤੋਂ ਏਅਰਲਾਈਨਾਂ ਨਾਲ ਲਿਖਤੀ ਸਮਝੌਤੇ ਅਨੁਸਾਰ ਦਰਾਂ ਅੰਤਰਰਾਸ਼ਟਰੀ ਬੈਂਚਮਾਰਕ ਕੀਮਤਾਂ ਦੇ ਅਨੁਸਾਰ ਤੈਅ ਕੀਤੀਆਂ ਜਾਂਦੀਆਂ ਹਨ।ਉਦਯੋਗਿਕ ਸਰੋਤਾਂ ਨੇ ਦੱਸਿਆ ਕਿ ਕਿਉਂਕਿ ਮੱਧ ਪੂਰਬ ਦੀ ਜੰਗ ਕਾਰਨ ਵਿਸ਼ਵਵਿਆਪੀ ਊਰਜਾ ਕੀਮਤਾਂ ਵਿੱਚ ਆਏ ਉਛਾਲ ਕਾਰਨ ਏਟੀਐੱਫ ਕੀਮਤਾਂ ਵਿੱਚ ਹੁਣ ਤੱਕ ਦਾ ਸਭ ਤੋਂ ਵੱਡਾ ਵਾਧਾ ਕਰਨਾ ਜ਼ਰੂਰੀ ਹੋ ਗਿਆ ਸੀ, ਇਸ ਲਈ ਸਰਕਾਰ ਅਤੇ ਸਰਕਾਰੀ ਤੇਲ ਕੰਪਨੀਆਂ ਨੇ ਇੱਕ ਸੰਤੁਲਿਤ ਪਹੁੰਚ ਅਪਣਾਉਣ ਦਾ ਫੈਸਲਾ ਕੀਤਾ ਹੈ। ਉਨ੍ਹਾਂ ਕਿਹਾ ਕਿ ਜਦੋਂ ਕਿ ਵਿਦੇਸ਼ੀ ਏਅਰਲਾਈਨਾਂ ਅਤੇ ਹੋਰ ਕੈਰੀਅਰ ਬਾਜ਼ਾਰ ਦੀਆਂ ਦਰਾਂ ਅਦਾ ਕਰਨਗੇ, ਘਰੇਲੂ ਏਅਰਲਾਈਨਾਂ ਲਈ ਕੀਮਤਾਂ ਨੂੰ ਮੱਧਮ (ਘੱਟ) ਰੱਖਿਆ ਗਿਆ ਹੈ।

## ਬਲਾਤਕਾਰ ਦੇ ਮੁਲਜ਼ਮ ਅਸ਼ੋਕ ਖਰਾਤ

ਕਈ ਅਹਿਮ ਦਸਤਾਵੇਜ਼ ਅਤੇ ਫਾਈਲਾਂ ਬਰਾਮਦ ਕੀਤੀਆਂ ਹਨ। ਹੈਰਾਨੀ ਦੀ ਗੱਲ ਇਹ ਹੈ ਕਿ ਉੱਥੋਂ 20 ਫੁੱਟ ਲੰਬਾ ਰਿਮੋਟ ਕੰਟਰੋਲ ਵਾਲਾ ਮਸ਼ੀਨੀ ਸੱਪ ਵੀ ਮਿਲਿਆ ਹੈ। ਦੋਸ਼ ਹੈ ਕਿ ਖਰਾਤ ਇਸ ਨਕਲੀ ਸੱਪ ਦੀ ਵਰਤੋਂ ਸ਼ਰਧਾਲੂਆਂ ਨੂੰ ਇਹ ਵਿਸ਼ਵਾਸ ਦਿਵਾਉਣ ਲਈ ਕਰਦਾ ਸੀ ਕਿ ਉਸ ਕੋਲ ਅਲੌਕਿਕ ਸ਼ਕਤੀਆਂ ਹਨ ਅਤੇ ਉਹ ਅਸਲੀ ਸੱਪ ਨੂੰ ਕਾਬੂ ਕਰ ਸਕਦਾ ਹੈ।ਪਰਿਵਾਰ 'ਤੇ ਵੀ ਸ਼ਿਕੰਜਾ 'ਸਿਟ' ਨੇ ਖਰਾਤ ਦੇ ਪੁੱਤਰ ਹਰਸ਼ਵਰਧਨ ਨੂੰ ਵੀ ਪੁੱਛ-ਗਿੱਛ ਲਈ ਹਿਰਾਸਤ 'ਚ ਲਿਆ ਸੀ, ਹਾਲਾਂਕਿ ਬਾਅਦ 'ਚ ਉਸ ਨੂੰ ਛੱਡ ਦਿੱਤਾ ਗਿਆ। ਪੁਲਿਸ ਹੁਣ ਖਰਾਤ ਦੀ ਪਤਨੀ ਕਲਪਨਾ ਦੀ ਭਾਲ ਕਰ ਰਹੀ ਹੈ, ਜਿਸ ਦਾ ਨਾਂ ਅਹਿਲਿਆਨਗਰ ਜ਼ਿਲ੍ਹੇ 'ਚ ਧੋਖਾਧੜੀ ਦੇ ਇਕ ਮਾਮਲੇ 'ਚ ਦਰਜ ਹੈ। ਦੱਸਿਆ ਜਾਂਦਾ ਹੈ ਕਿ ਸਿਨਰ ਵਿੱਚ ਇੱਕ ਮੰਦਰ ਟਰੱਸਟ ਦਾ ਮੁਖੀ ਹੋਣ ਦੇ ਨਾਤੇ, ਖਰਾਤ ਦੇ ਕਈ ਸਿਆਸੀ ਆਗੂਆਂ ਨਾਲ ਵੀ ਸਬੰਧ ਸਨ।

### ਦੇਸ਼ 'ਚ ਮਰਦਮਸ਼ੁਮਾਰੀ-2027 ਦਾ ਆਗਾਜ਼

# ਪਹਿਲੀ ਵਾਰ ਹੋਵੇਗੀ 'ਡਿਜੀਟਲ ਮਰਦਮਸ਼ੁਮਾਰੀ'; ਅੱਜ ਤੋਂ 'ਸੈਲਫ-ਐਨਿਊਮਰੇਸ਼ਨ' ਦੀ ਸਹੂਲਤ ਸ਼ੁਰੂ

ਨਵੀਂ ਦਿੱਲੀ, 1 ਅਪ੍ਰੈਲ (ਚ.ਨ.ਸ.) : ਭਾਰਤ ਦੇ ਰਜਿਸਟਰਾਰ ਜਨਰਲ ਅਤੇ ਮਰਦਮਸ਼ੁਮਾਰੀ ਕਮਿਸ਼ਨਰ, ਸ੍ਰੀ ਮ੍ਰਿਤੁੰਜੇ ਕੁਮਾਰ ਨਾਰਾਇਣ ਨੇ ਅੱਜ ਨਵੀਂ ਦਿੱਲੀ ਵਿਖੇ ਇੱਕ ਅਹਿਮ ਪ੍ਰੈੱਸ ਕਾਨਫਰੰਸ ਦੌਰਾਨ 'ਮਰਦਮਸ਼ੁਮਾਰੀ-2027' ਦੇ ਰੂਪ ਰੇਖਾ ਦਾ ਐਲਾਨ ਕੀਤਾ। ਵਿਸ਼ਵ ਦੀ ਇਹ ਸਭ ਤੋਂ ਵੱਡੀ ਮਰਦਮਸ਼ੁਮਾਰੀ ਦੋ ਪੜਾਵਾਂ ਵਿੱਚ ਕਰਵਾਈ ਜਾਵੇਗੀ, ਜਿਸ ਦਾ ਪਹਿਲਾ ਪੜਾਅ ਅੱਜ ਯਾਨੀ 1 ਅਪ੍ਰੈਲ 2026 ਤੋਂ ਸ਼ੁਰੂ ਹੋ ਗਿਆ ਹੈ।

ਪਹਿਲੀ ਵਾਰ ਡਿਜੀਟਲ ਅਤੇ ਸੈਲਫ-ਐਨਿਊਮਰੇਸ਼ਨ (ਖ਼ੁਦ ਵੇਰਵੇ ਭਰਨ) ਦੀ ਸਹੂਲਤ

ਇਸ ਵਾਰ ਦੀ ਮਰਦਮਸ਼ੁਮਾਰੀ ਵਿੱਚ ਕਈ ਇਤਿਹਾਸਕ ਬਦਲਾਅ ਕੀਤੇ ਗਏ ਹਨ। ਪਹਿਲੀ ਵਾਰ ਸਾਰਾ ਡਾਟਾ ਮੋਬਾਈਲ ਐਪ ਰਾਹੀਂ ਇਕੱਠਾ ਕੀਤਾ ਜਾਵੇਗਾ। ਗਣਨਾਕਾਰ ਆਪਣੇ ਸਮਾਰਟਫੋਨ ਦੀ ਵਰਤੋਂ ਕਰਕੇ ਜਾਣਕਾਰੀ ਦਰਜ ਕਰਨਗੇ। ਨਾਗਰਿਕਾਂ ਨੂੰ ਪਹਿਲੀ ਵਾਰ ਇਹ



ਸਹੂਲਤ ਦਿੱਤੀ ਗਈ ਹੈ ਕਿ ਉਹ ਗਣਨਾਕਾਰ ਦੇ ਘਰ ਆਉਣ ਤੋਂ ਪਹਿਲਾਂ ਹੀ ਆਨਲਾਈਨ ਪੋਰਟਲ (se.census.gov.in) ਰਾਹੀਂ ਆਪਣੇ ਪਰਿਵਾਰ ਦੇ ਵੇਰਵੇ ਖ਼ੁਦ ਭਰ ਸਕਦੇ ਹਨ। ਇਹ ਸਹੂਲਤ ਪੰਜਾਬੀ ਸਮੇਤ 16 ਭਾਸ਼ਾਵਾਂ ਵਿੱਚ ਉਪਲੱਬਧ ਹੈ।ਮਰਦਮਸ਼ੁਮਾਰੀ ਦੇ ਦੋ ਪੜਾਅ

ਪਹਿਲਾ ਪੜਾਅ (ਅਪ੍ਰੈਲ-ਸਤੰਬਰ 2026): ਇਸ ਵਿੱਚ ਘਰਾਂ ਦੀ ਸੂਚੀ ਅਤੇ ਰਿਹਾਇਸ਼ੀ ਗਣਨਾ ਕੀਤੀ ਜਾਵੇਗੀ। ਇਸ ਦੌਰਾਨ ਮਕਾਨਾਂ ਦੀ ਹਾਲਤ, ਉਪਲੱਬਧ ਸਹੂਲਤਾਂ ਅਤੇ ਸੰਪਤੀਆਂ ਬਾਰੇ ਜਾਣਕਾਰੀ ਲਈ ਜਾਵੇਗੀ।ਦੂਜਾ ਪੜਾਅ (ਫਰਵਰੀ 2027): ਇਸ ਵਿੱਚ ਆਬਾਦੀ ਦੀ ਗਣਨਾ ਕੀਤੀ ਜਾਵੇਗੀ। ਖ਼ਾਸ ਗੱਲ ਇਹ ਹੈ ਕਿ ਇਸ ਪੜਾਅ ਦੌਰਾਨ ਜਾਤੀ ਅਧਾਰਤ ਮਰਦਮਸ਼ੁਮਾਰੀ ਵੀ ਕਰਵਾਈ ਜਾਵੇਗੀ।ਮਹੱਤਵਪੂਰਨ ਤਰੀਕਾਂ ਅਤੇ ਖੇਤਰ 1 ਤੋਂ 15 ਅਪ੍ਰੈਲ 2026 ਤਕ ਅੰਡੇਮਾਨ ਅਤੇ ਨਿਕੋਬਾਰ, ਗੋਆ, ਕਰਨਾਟਕ, ਮਿਜ਼ੋਰਮ, ਓਡੀਸ਼ਾ, ਸਿੱਕਮ ਅਤੇ ਦਿੱਲੀ ਦੇ ਕੁਝ ਹਿੱਸਿਆਂ ਵਿੱਚ 'ਸੈਲਫ-ਐਨਿਊਮਰੇਸ਼ਨ' ਚੱਲੇਗੀ। 16 ਅਪ੍ਰੈਲ ਤੋਂ 15 ਮਈ 2026 ਤਕ ਇਨ੍ਹਾਂ ਰਾਜਾਂ ਵਿੱਚ ਘਰਾਂ ਦੀ ਸੂਚੀ ਬਣਾਉਣ ਦਾ ਕੰਮ ਸ਼ੁਰੂ ਹੋਵੇਗਾ। ਮੱਧ ਪ੍ਰਦੇਸ਼, ਹਰਿਆਣਾ, ਆਂਧਰਾ ਪ੍ਰਦੇਸ਼ ਅਤੇ ਚੰਡੀਗੜ੍ਹ ਵਿੱਚ ਇਹ ਪ੍ਰਕਿਰਿਆ 1 ਮਈ ਤੋਂ 30 ਮਈ 2026 ਤੱਕ ਚੱਲੇਗੀ। ਲਦਾਖ, ਜੰਮੂ-ਕਸ਼ਮੀਰ, ਉੱਤਰਾਖੰਡ ਅਤੇ ਹਿਮਾਚਲ ਪ੍ਰਦੇਸ਼ ਦੇ ਬਰਫ਼ੀਲੇ ਇਲਾਕਿਆਂ ਲਈ ਮਰਦਮਸ਼ੁਮਾਰੀ ਦੀ ਤਰੀਕ 1 ਮਾਰਚ 2027 ਦੀ ਬਜਾਏ 1 ਅਕਤੂਬਰ 2026 ਰੱਖੀ ਗਈ ਹੈ।ਕੇਂਦਰ ਸਰਕਾਰ ਨੇ ਇਸ ਮਰਦਮਸ਼ੁਮਾਰੀ ਲਈ 11,718.24 ਕਰੋੜ ਰੁਪਏ ਦਾ ਬਜਟ ਪ੍ਰਵਾਨ ਕੀਤਾ ਹੈ। ਦੇਸ਼ ਭਰ ਵਿੱਚ ਲੱਗਭੱਗ 31 ਲੱਖ ਗਣਨਾਕਾਰ ਅਤੇ ਸੁਪਰਵਾਈਜ਼ਰ ਇਸ ਕੰਮ ਵਿੱਚ ਜੁਟੇ ਹੋਣਗੇ। ਡਾਟਾ ਦੀ ਸੁਰੱਖਿਆ ਲਈ ਪੁਖ਼ਤਾ ਇੰਤਜ਼ਾਮ ਕੀਤੇ ਗਏ ਹਨ ਤਾਂ ਜੋ ਨਾਗਰਿਕਾਂ ਦੀ ਨਿੱਜੀ ਜਾਣਕਾਰੀ ਸੁਰੱਖਿਅਤ ਰਹੇ।ਜ਼ਿਕਰਯੋਗ ਹੈ ਕਿ ਭਾਰਤ ਦੀ ਆਖਰੀ ਮਰਦਮਸ਼ੁਮਾਰੀ 2011 ਵਿੱਚ ਹੋਈ ਸੀ। 2027 ਦੀ ਇਹ ਮਰਦਮਸ਼ੁਮਾਰੀ ਭਾਰਤ ਦੀ 16ਵੀਂ ਅਤੇ ਆਜ਼ਾਦੀ ਤੋਂ ਬਾਅਦ ਦੀ 8ਵੀਂ ਮਰਦਮਸ਼ੁਮਾਰੀ ਹੋਵੇਗੀ।

# ਰੂਸੀ ਫ਼ੌਜੀ ਜਹਾਜ਼ ਹਾਦਸਾਗ੍ਰਸਤ, ਹਾਦਸੇ 'ਚ 29 ਮੌਤਾਂ

### ਜਹਾਜ਼ 'ਚ ਸਵਾਰ ਸਨ 23 ਯਾਤਰੀ ਤੇ 6 ਚਾਲਕ ਦਲ ਦੇ ਮੈਂਬਰ

ਕਰਾਈਮੀਆ, 1 ਅਪ੍ਰੈਲ (ਚ.ਨ.ਸ.) : ਰੂਸ ਦਾ ਇੱਕ ਏ.ਐਨ-26 ਫੌਜੀ ਟਰਾਂਸਪੋਰਟ ਜਹਾਜ਼ ਕਰਾਈਮੀਆ ਵਿਚ ਹਾਦਸਾਗ੍ਰਸਤ ਹੋ ਗਿਆ ਹੈ, ਜਿਸ ਵਿਚ 29 ਲੋਕਾਂ ਦੀ ਮੌਤ ਹੋ ਗਈ ਹੈ। ਰੂਸੀ ਰੱਖਿਆ ਮੰਤਰਾਲੇ ਨੇ ਘਟਨਾ ਦੀ ਪੁਸ਼ਟੀ ਕਰਦੇ ਹੋਏ ਕਿਹਾ ਕਿ 23 ਯਾਤਰੀਆਂ ਅਤੇ ਛੇ ਚਾਲਕ ਦਲ ਦੇ ਮੈਂਬਰਾਂ ਦੀ ਮੌਤ ਹੋ ਗਈ ਹੈ। ਇਸ ਘਟਨਾ ਵਿੱਚ ਕਿਸੇ ਦੇ ਬਚਣ ਦੀ ਕੋਈ ਰਿਪੋਰਟ ਨਹੀਂ ਹੈ। ਮੀਡੀਆ ਰਿਪੋਰਟਾਂ ਦੇ ਅਨੁਸਾਰ, ਇਹ ਉਹੀ ਜਹਾਜ਼ ਸੀ ਜਿਸ ਨੂੰ ਰੂਸ ਨੇ 2014 ਵਿੱਚ ਯੂਕਰੇਨ ਤੋਂ ਖੋਹਿਆ ਸੀ।ਰੱਖਿਆ ਮੰਤਰਾਲੇ ਦੇ ਅਨੁਸਾਰ, ਜਹਾਜ਼ 'ਤੇ 'ਬਾਹਰੀ ਪ੍ਰਭਾਵ ਦੇ ਕੋਈ ਸੰਕੇਤ' ਨਹੀਂ ਮਿਲੇ, ਜਿਸ ਦਾ ਅਰਥ ਹੈ ਕਿ ਇਸ ਨੂੰ ਯੂਕਰੇਨ ਨੇ ਨਹੀਂ ਡੇਗਿਆ। ਰੱਖਿਆ ਮੰਤਰਾਲੇ ਨੇ ਕਿਹਾ ਕਿ ਜਹਾਜ਼ ਨਾਲ ਸੰਪਰਕ ਸਥਾਨਕ ਸਮੇਂ ਅਨੁਸਾਰ ਸ਼ਾਮ 6 ਵਜੇ ਦੇ ਕਰੀਬ ਟੁੱਟ ਗਿਆ ਸੀ। ਸ਼ੁਰੂਆਤੀ ਅੰਕੜਿਆਂ ਤੋਂ ਪਤਾ ਚੱਲਿਆ ਹੈ ਕਿ ਜਹਾਜ਼ ਵਿੱਚ ਤਕਨੀਕੀ ਨੁਕਸ ਆਇਆ ਹੋਣਾ।ਰੂਸੀ ਰੱਖਿਆ ਮੰਤਰਾਲੇ ਨੇ ਕਿਹਾ ਕਿ ਇਹ ਹਾਦਸਾ ਤਕਨੀਕੀ ਖਰਾਬੀ ਕਾਰਨ ਹੋਇਆ ਹੋਣ ਦੀ ਸੰਭਾਵਨਾ ਹੈ। ਹਾਦਸੇ ਦੇ ਕਾਰਨਾਂ ਦੀ ਜਾਂਚ ਲਈ ਇੱਕ ਫੌਜੀ ਕਮਿਸ਼ਨ ਭੇਜਿਆ ਗਿਆ ਹੈ। ਮੰਤਰਾਲੇ ਨੇ ਇਹ ਵੀ ਕਿਹਾ ਕਿ ਜਹਾਜ਼ 'ਤੇ ਬਾਹਰੀ ਪ੍ਰਭਾਵ ਦੇ ਕੋਈ ਸੰਕੇਤ ਨਹੀਂ ਮਿਲੇ, ਜਿਸ ਤੋਂ ਪਤਾ ਲੱਗਦਾ ਹੈ ਕਿ ਮਿਜ਼ਾਈਲਾਂ, ਡਰੋਨ ਜਾਂ ਪੰਛੀਆਂ ਦੇ ਟਕਰਾਉਣ ਵਰਗੇ ਕਾਰਕ ਸ਼ਾਮਲ ਨਹੀਂ ਸਨ।

### ਪੈਟਰੋਲੀਅਮ ਮੰਤਰਾਲੇ ਦੀ ਸੰਯੁਕਤ ਸਕੱਤਰ ਵੱਲੋਂ ਵਿਸ਼ੇਸ਼ ਬ੍ਰੀਫਿੰਗ

# ਭਾਰਤ ਕੋਲ ਅਗਲੇ ਦੋ ਮਹੀਨੇ ਲਈ ਕੱਚੇ ਤੇਲ ਦਾ ਲੋੜੀਂਦਾ ਭੰਡਾਰ ਮੌਜੂਦ: ਸੁਜਾਤਾ ਸ਼ਰਮਾ

ਨਵੀਂ ਦਿੱਲੀ, 1 ਅਪ੍ਰੈਲ (ਚ.ਨ.ਸ.) : ਮਿਡਲ ਈਸਟ 'ਚ ਜਾਰੀ ਜੰਗ ਕਾਰਨ ਜਿੱਥੇ ਦੁਨੀਆਂ ਭਰ 'ਚ ਤੇਲ-ਗੈਸ ਦੀ ਕਿੱਲਤ ਹੋ ਗਈ ਹੈ,ਉੱਥੇ ਹੀ ਭਾਰਤ ਸਰਕਾਰ ਨੇ ਦੇਸ਼ ਵਾਸੀਆਂ ਨੂੰ ਭਰੋਸਾ ਦਿੱਤਾ ਹੈ ਕਿ ਦੇਸ਼ ਵਿੱਚ ਪੈਟਰੋਲ, ਡੀਜ਼ਲ ਅਤੇ ਐੱਲ.ਪੀ.ਜੀ. ਦੀ ਕੋਈ ਕਿੱਲਤ ਨਹੀਂ ਹੈ। ਪੈਟਰੋਲੀਅਮ ਮੰਤਰਾਲੇ ਦੀ ਸੰਯੁਕਤ ਸਕੱਤਰ ਸੁਜਾਤਾ ਸ਼ਰਮਾ ਨੇ ਬੁੱਧਵਾਰ ਨੂੰ ਇੱਕ ਵਿਸ਼ੇਸ਼ ਬ੍ਰੀਫਿੰਗ ਦੌਰਾਨ ਦੱਸਿਆ ਕਿ ਭਾਰਤ ਕੋਲ ਅਗਲੇ ਦੋ ਮਹੀਨਿਆਂ ਲਈ ਕੱਚੇ ਤੇਲ ਦਾ ਲੋੜੀਂਦਾ ਭੰਡਾਰ ਮੌਜੂਦ ਹੈ। ਭਾਵੇਂ ਅੰਤਰਰਾਸ਼ਟਰੀ ਬਾਜ਼ਾਰ ਵਿੱਚ ਕੱਚੇ ਤੇਲ ਦੀ ਕੀਮਤ 70 ਡਾਲਰ ਤੋਂ ਵੱਧ ਕੇ 100 ਡਾਲਰ ਪ੍ਰਤੀ ਬੈਰਲ ਨੂੰ ਪਾਰ ਕਰ ਗਈ ਹੈ, ਪਰ ਭਾਰਤ ਸਰਕਾਰ ਨੇ ਘਰੇਲੂ ਖਪਤਕਾਰਾਂ ਲਈ ਪੈਟਰੋਲ ਅਤੇ ਡੀਜ਼ਲ ਦੀਆਂ ਕੀਮਤਾਂ ਵਿੱਚ ਕੋਈ ਵਾਧਾ ਨਹੀਂ ਕੀਤਾ ਹੈ। ਦੇਸ਼ ਦੀਆਂ ਸਾਰੀਆਂ ਰਿਫਾਇਨਰੀਆਂ ਪੂਰੀ ਸਮਰੱਥਾ ਨਾਲ ਕੰਮ ਕਰ ਰਹੀਆਂ ਹਨ। ਦੇਸ਼ ਦੇ ਕਿਸੇ ਵੀ ਹਿੱਸੇ ਵਿੱਚ ਪੈਟਰੋਲ ਪੰਪਾਂ 'ਤੇ ਤੇਲ ਖ਼ਤਮ ਹੋਣ ਦੀ ਕੋਈ ਖ਼ਬਰ ਨਹੀਂ ਹੈ। ਭਾਰਤ ਆਪਣੀ 60 ਫ਼ੀਸਦੀ ਲੋੜ ਲਈ ਆਯਾਤ 'ਤੇ ਨਿਰਭਰ ਹੈ। ਅੰਤਰਰਾਸ਼ਟਰੀ ਕੀਮਤਾਂ 522 ਡਾਲਰ ਤੋਂ ਵੱਧ ਕੇ 780 ਡਾਲਰ ਹੋਣ ਦੇ ਬਾਵਜੂਦ ਘਰੇਲੂ ਰਸੋਈ ਗੈਸ ਸਿਲੰਡਰ ਦੀਆਂ ਕੀਮਤਾਂ ਨਹੀਂ ਵਧਾਈਆਂ ਗਈਆਂ। ਲੋਕਾਂ 'ਤੇ ਬੋਝ ਘਟਾਉਣ ਲਈ ਸਰਕਾਰ ਨੇ ਟੈਕਸ ਘਟਾਏ ਹਨ ਤੇ ਅੰਤਰਰਾਸ਼ਟਰੀ ਕੀਮਤਾਂ ਵਧਣ ਕਾਰਨ ਤੇਲ ਕੰਪਨੀਆਂ ਨੂੰ ਹੋਣ ਵਾਲੇ ਨੁਕਸਾਨ ਦੀ ਭਰਪਾਈ ਲਈ ਸਰਕਾਰ ਨੇ 30,000 ਕਰੋੜ ਰੁਪਏ ਮਨਜ਼ੂਰ ਕੀਤੇ ਹਨ। ਦੇਸ਼ ਵਿੱਚ ਡੀਜ਼ਲ ਅਤੇ ਹਵਾਈ ਈਂਧਨ ਦੀ ਕਮੀ ਨਾ ਆਵੇ, ਇਸ ਲਈ ਇਨ੍ਹਾਂ ਦੇ ਨਿਰਯਾਤ 'ਤੇ 'ਐਕਸਪੋਰਟ ਲੈਵੀ' ਲਗਾਈ ਗਈ ਹੈ। ਇਸ ਤੋਂ ਇਲਾਵਾ ਸਰਕਾਰ ਨੇ ਹੁਣ ਤੱਕ 2,800 ਛਾਪੇਮਾਰੀ ਕੀਤੀ ਹੈ ਅਤੇ ਕਾਲਾਬਾਜ਼ਾਰੀ ਕਰਨ ਵਾਲਿਆਂ ਤੋਂ 500 ਸਿਲੰਡਰ ਜ਼ਬਤ ਕੀਤੇ ਹਨ। ਸੁਜਾਤਾ ਸ਼ਰਮਾ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਅਫਵਾਹਾਂ 'ਤੇ ਵਿਸ਼ਵਾਸ ਨਾ ਕਰਨ ਅਤੇ ਜ਼ਰੂਰਤ ਤੋਂ ਵੱਧ ਤੇਲ ਜਾਂ ਗੈਸ ਸਟੋਰ ਨਾ ਕਰਨ।

**ਚੜ੍ਹਦੀਕਲਾ**

ਪਰਮਜੀਤ ਸਿੰਘ, ਪ੍ਰਿੰਟਰ ਪਬਲਿਸ਼ਰ ਨੇ ਰੋਜ਼ਾਨਾ ਚੜ੍ਹਦੀਕਲਾ, ਚੜ੍ਹਦੀਕਲਾ ਪ੍ਰਿੰਟਿੰਗ ਪ੍ਰੈੱਸ ਪ੍ਰਾਈਵੇਟ ਲਿਮਟਿਡ ਲਈ ਦਲਜੀਤ ਪ੍ਰਿੰਟਰਜ਼, 593 ਐਸ.ਐਸ.ਟੀ. ਨਗਰ ਪਟਿਆਲਾ ਤੋਂ ਛਪਵਾ ਕੇ ਦਫ਼ਤਰ ਰੋਜ਼ਾਨਾ ਚੜ੍ਹਦੀਕਲਾ, 577, ਐਸ.ਐਸ.ਟੀ. ਨਗਰ, ਪਟਿਆਲਾ ਤੋਂ ਪ੍ਰਕਾਸ਼ਿਤ ਕੀਤਾ। ਮੁੱਖ ਸੰਪਾਦਕ : ਜਗਜੀਤ ਸਿੰਘ 'ਦਰਦੀ'।

PRGI (RNI) Regd. No. 22972/1972

Printed & Published by Paramjit Singh on behalf of Charhdikala Printing Press Pvt. Ltd., Patiala & Printed at Daljit Printers 593, SST Nagar Patiala. Published at Office Daily Charhdikala 577, SST Nagar Patiala.
Chief Editor : Jagjit Singh Dardi
PRGI (RNI) Regd. No. 22972/1972

## ਸੰਪਾਦਕੀ

# ਇੱਕ ਹੋਰ ਦੁਖਾਂਤ

ਕੇਂਦਰ ਅਤੇ ਰਾਜ ਸਰਕਾਰਾਂ ਦੇ ਦਾਅਵਿਆਂ ਦੇ ਬਾਵਜੂਦ, ਦੇਸ਼ ਵਿੱਚ ਭਗਦੜਾਂ ਦਾ ਸਿਲਸਿਲਾ ਲਗਾਤਾਰ ਜਾਰੀ ਹੈ। ਮੰਗਲਵਾਰ ਨੂੰ ਬਿਹਾਰ ਦੇ ਨਾਲੰਦਾ ਜ਼ਿਲ੍ਹੇ ਦੇ ਮਘਰਾ ਪਿੰਡ ਵਿੱਚ ਪ੍ਰਾਚੀਨ ਸ਼ੀਤਲਾ ਮਾਤਾ ਮੰਦਰ ਵਿੱਚ ਇੱਕ ਦਿਲ ਦਹਿਲਾ ਦੇਣ ਵਾਲੀ ਘਟਨਾ ਵਿੱਚ, ਘੱਟੋ-ਘੱਟ ਅੱਠ ਸ਼ਰਧਾਲੂਆਂ, ਜਿਨ੍ਹਾਂ ਵਿੱਚ ਜ਼ਿਆਦਾਤਰ ਔਰਤਾਂ ਸਨ, ਦੀ ਮੌਤ ਹੋ ਗਈ। ਇਹ ਦੁਖਾਂਤ ਦਰਸਾਉਂਦਾ ਹੈ ਕਿ ਪਿਛਲੀਆਂ ਘਟਨਾਵਾਂ ਤੋਂ ਕੋਈ ਸਬਕ ਨਹੀਂ ਸਿੱਖਿਆ ਗਿਆ ਹੈ। ਮੁੱਢਲੀ ਜਾਂਚ ਵਿੱਚ ਭਗਦੜ ਦਾ ਕਾਰਨ ਮੰਦਰ ਵਿੱਚ ਸ਼ਰਧਾਲੂਆਂ ਦੇ ਭਾਰੀ ਇਕੱਠ ਨੂੰ ਮੰਨਿਆ ਜਾਂਦਾ ਹੈ, ਹਾਲਾਂਕਿ ਅਸਲ ਕਾਰਨ ਪੂਰੀ ਜਾਂਚ ਤੋਂ ਬਾਅਦ ਹੀ ਸਾਹਮਣੇ ਆਵੇਗਾ। ਸਵਾਲ ਇਹ ਹੈ ਕਿ ਸਰਕਾਰ ਅਤੇ ਪ੍ਰਸ਼ਾਸਨ ਨੇ ਧਾਰਮਿਕ ਸਥਾਨਾਂ ਅਤੇ ਵੱਡੇ ਸਮਾਗਮਾਂ ਵਿੱਚ ਭੀੜ ਨੂੰ ਕਾਬੂ ਕਰਨ ਅਤੇ ਪ੍ਰਬੰਧਨ ਲਈ ਢੁਕਵੇਂ ਪ੍ਰਬੰਧ ਕਿਉਂ ਨਹੀਂ ਕੀਤੇ ਹਨ। ਸਭ ਤੋਂ ਚਿੰਤਾਜਨਕ ਗੱਲ ਇਹ ਹੈ ਕਿ ਭਗਦੜਾਂ ਪਿਛਲੀਆਂ ਘਟਨਾਵਾਂ ਵਾਂਗ ਹੀ ਕਾਰਨਾਂ ਕਰਕੇ ਹੁੰਦੀਆਂ ਹਨ। ਹਰ ਵਾਰ, ਜਾਂਚ, ਸਖ਼ਤ ਕਾਰਵਾਈ ਅਤੇ ਸਬਕ ਸਿੱਖਣ ਦੀਆਂ ਗੱਲਾਂ ਹੁੰਦੀਆਂ ਹਨ, ਪਰ ਨਤੀਜਾ ਉਹੀ ਰਹਿੰਦਾ ਹੈ। ਇਹ ਧਿਆਨ ਦੇਣ ਯੋਗ ਹੈ ਕਿ ਪਿਛਲੇ ਕੁਝ ਮਹੀਨਿਆਂ ਵਿੱਚ ਕਈ ਵੱਡੀਆਂ ਭਗਦੜਾਂ ਹੋਈਆਂ ਹਨ। ਕੁੰਭ ਮੇਲੇ ਵਿੱਚ ਭਗਦੜ ਵਿੱਚ ਕਈ ਲੋਕ ਮਾਰੇ ਗਏ ਸਨ। ਇਸ ਤੋਂ ਬਾਅਦ, ਬੰਗਲੁਰੂ ਵਿੱਚ ਆਰਸੀਬੀ ਦੀ ਜਿੱਤ ਦੇ ਜਸ਼ਨ ਵਿੱਚ ਭਗਦੜ ਨੇ ਕਈ ਜਾਨਾਂ ਲਈਆਂ। ਇਸ ਤੋਂ ਇਲਾਵਾ ਪੁਰੀ ਵਿੱਚ ਇੱਕ ਭਗਦੜ ਨੇ ਕਈ ਜਾਨਾਂ ਲਈਆਂ। ਹਾਥਰਸ ਦੇ ਇੱਕ ਆਸ਼ਰਮ ਵਿੱਚ ਹੋਈ ਭਗਦੜ, ਜਿਸ ਵਿੱਚ ਵੱਡੀ ਗਿਣਤੀ ਵਿੱਚ ਜਾਨਾਂ ਗਈਆਂ, ਇਹ ਵੀ ਅਭੁੱਲਣਯੋਗ ਹੈ। ਅਜਿਹੀਆਂ ਕਿੰਨੀਆਂ ਘਟਨਾਵਾਂ ਤੋਂ ਬਾਅਦ ਸਰਕਾਰ ਅਤੇ ਪ੍ਰਸ਼ਾਸਨ ਨੂੰ ਜਾਗਣ ਵਿੱਚ ਸਮਾਂ ਲੱਗੇਗਾ? ਕਿਹਾ ਜਾ ਰਿਹਾ ਹੈ ਕਿ ਨਾਲੰਦਾ ਜ਼ਿਲ੍ਹੇ ਦੇ ਸ਼ੀਤਲਾ ਮਾਤਾ ਮੰਦਰ ਵਿੱਚ ਸ਼ਰਧਾਲੂਆਂ ਦੀ ਇੱਕ ਵੱਡੀ ਭੀੜ ਇਕੱਠੀ ਹੋ ਗਈ, ਜਿਸ ਕਾਰਨ ਭਗਦੜ ਮਚੀ। ਸਵਾਲ ਇਹ ਹੈ ਕਿ ਸਥਾਨਕ ਪ੍ਰਸ਼ਾਸਨ ਧਾਰਮਿਕ ਸਥਾਨਾਂ 'ਤੇ ਸੰਭਾਵੀ ਭੀੜ ਦਾ ਅੰਦਾਜ਼ਾ ਲਗਾਉਣ ਵਿੱਚ ਇੰਨਾ ਅਸਮਰੱਥ ਕਿਉਂ ਹੈ? ਕੀ ਇਹ ਉਨ੍ਹਾਂ ਦੀ ਅਸੰਵੇਦਨਸ਼ੀਲਤਾ ਕਾਰਨ ਹੈ, ਜਾਂ ਸਬੰਧਤ ਅਧਿਕਾਰੀ ਸੰਤੁਸ਼ਟ ਹਨ, ਇਸ ਗੱਲ 'ਤੇ ਯਕੀਨ ਰੱਖਦੇ ਹਨ ਕਿ ਕੁਝ ਵੀ ਹੋਵੇ, ਉਨ੍ਹਾਂ ਨੂੰ ਕੋਈ ਨੁਕਸਾਨ ਨਹੀਂ ਹੋਵੇਗਾ? ਅਕਸਰ ਦੇਖਿਆ ਗਿਆ ਹੈ ਕਿ ਅਜਿਹੇ ਮਾਮਲਿਆਂ ਵਿੱਚ, ਹੇਠਲੇ ਪੱਧਰ ਦੇ ਅਧਿਕਾਰੀਆਂ ਵਿਰੁੱਧ ਤੁਰੰਤ ਕਾਰਵਾਈ ਕੀਤੀ ਜਾਂਦੀ ਹੈ, ਪਰ ਸਬੰਧਤ ਅਧਿਕਾਰੀਆਂ ਨੂੰ ਜਵਾਬਦੇਹ ਨਹੀਂ ਠਹਿਰਾਇਆ ਜਾਂਦਾ। ਧਾਰਮਿਕ ਸਥਾਨਾਂ ਅਤੇ ਵੱਡੇ ਸਮਾਗਮਾਂ 'ਤੇ ਭਗਦੜ ਕਈ ਕਾਰਨਾਂ ਕਰਕੇ ਹੋ ਸਕਦੀ ਹੈ, ਜਿਸ ਵਿੱਚ ਵੱਡੀ ਭੀੜ, ਨਾਕਾਫ਼ੀ ਨਿਕਾਸ ਪ੍ਰਬੰਧ, ਭੀੜ ਪ੍ਰਬੰਧਨ ਦੀ ਘਾਟ ਅਤੇ ਸਥਾਨ 'ਤੇ ਬੁਨਿਆਦੀ ਸਹੂਲਤਾਂ ਦੀ ਘਾਟ ਸ਼ਾਮਲ ਹਨ। ਕਈ ਵਾਰ, ਅਫਵਾਹਾਂ ਅਜਿਹੀਆਂ ਘਟਨਾਵਾਂ ਦਾ ਕਾਰਨ ਹੁੰਦੀਆਂ ਹਨ। ਅਜਿਹਾ ਨਹੀਂ ਹੈ ਕਿ ਸਥਾਨਕ ਪ੍ਰਸ਼ਾਸਨ ਇਨ੍ਹਾਂ ਕਾਰਨਾਂ ਤੋਂ ਅਣਜਾਣ ਹੈ। ਫਿਰ ਵੀ, ਜੇਕਰ ਭਗਦੜ ਦੇ ਨਤੀਜੇ ਵਜੋਂ ਮਾਸੂਮ ਜਾਨਾਂ ਜਾਂਦੀਆਂ ਹਨ, ਤਾਂ ਜ਼ਿੰਮੇਵਾਰ ਕੌਣ ਹੈ? ਕੀ ਸਿਰਫ਼ ਸਬੰਧਤ ਕਰਮਚਾਰੀਆਂ ਨੂੰ ਮੁਅੱਤਲ ਕਰਨਾ ਹੀ ਕਾਫ਼ੀ ਹੈ? ਕੀ ਅਧਿਕਾਰੀਆਂ ਨੂੰ ਜਵਾਬਦੇਹ ਨਹੀਂ ਠਹਿਰਾਇਆ ਜਾਣਾ ਚਾਹੀਦਾ? ਅਜਿਹਾ ਲੱਗਦਾ ਹੈ ਕਿ ਨਾ ਤਾਂ ਸਰਕਾਰ ਅਤੇ ਨਾ ਹੀ ਪ੍ਰਸ਼ਾਸਨ ਪਿਛਲੀਆਂ ਘਟਨਾਵਾਂ ਤੋਂ ਕੋਈ ਸਬਕ ਸਿੱਖ ਰਿਹਾ ਹੈ ਅਤੇ ਨਾ ਹੀ ਜਨਤਾ ਨੂੰ ਸੰਜਮ ਅਤੇ ਅਨੁਸ਼ਾਸਨ ਵਰਤਣ ਦੀ ਜ਼ਰੂਰਤ ਮਹਿਸੂਸ ਹੁੰਦੀ ਹੈ। ਫਿਰ ਵੀ, ਇਹ ਉਮੀਦ ਕੀਤੀ ਜਾਂਦੀ ਹੈ ਕਿ ਨਾਲੰਦਾ ਘਟਨਾ ਦੇ ਅਸਲ ਕਾਰਨਾਂ ਦਾ ਪਤਾ ਲਗਾਉਣ ਲਈ ਇੱਕ ਪੂਰੀ ਜਾਂਚ ਕੀਤੀ ਜਾਵੇਗੀ ਅਤੇ ਦੋਸ਼ੀਆਂ ਨੂੰ ਨਿਆਂ ਦੇ ਕਟਹਿਰੇ ਵਿੱਚ ਲਿਆਂਦਾ ਜਾਵੇਗਾ।

-ਜਗਜੀਤ ਸਿੰਘ ਦਰਦੀ

## ਭਾਰਤ ਵਿੱਚੋਂ ਨਕਸਲੀ ਜ਼ਮੀਨ ਖ਼ਤਮ ਕਰਨ ਦਾ ਸਰਕਾਰੀ ਐਲਾਨ

# ਕੀ ਹੁਣ ਨਕਸਲ ਖ਼ਤਰਾ ਜੰਗਲ ਤੋਂ ਯੂਨੀਵਰਸਿਟੀਆਂ ਵਿੱਚ ਆ ਗਿਐ



ਪ੍ਰੋ. ਡਾ. ਕ੍ਰਿਸ਼ਨ ਕੁਮਾਰ ਰੱਤੂ
ਮੋ: 9478730156
ਉੱਘੇ ਲੇਖਕ ਤੇ ਮੀਡੀਆ ਵਿਸ਼ਲੇਸ਼ਕ

ਭਾਰਤੀ ਗ੍ਰਹਿ ਮੰਤਰੀ ਸ੍ਰੀ ਅਮਿਤ ਸ਼ਾਹ ਦੀ ਪਾਰਲੀਮੈਂਟ ਵਿੱਚ ਐਲਾਨ ਕਿ ਭਾਰਤ ਵਿੱਚ ਨਕਸਲਵਾਦ ਖ਼ਤਮ ਕਰ ਦਿੱਤਾ ਗਿਆ ਹੈ ਅਤੇ ਹੁਣ ਖ਼ਤਰਾ ਅਰਬਨ ਨਕਸਲੀਆਂ ਤੋਂ ਅਜੇ ਵੀ ਹੈ, ਜਿਸ 'ਤੇ ਸਰਕਾਰ ਸਖ਼ਤੀ ਕਰੇਗੀ।ਅੱਜ ਇਹ ਉਪਰਾਲੇ ਦੱਸਦੇ ਹਨ ਕਿ ਸਰਕਾਰ ਦੀ ਸਾਰਥਿਕ ਸੋਚ ਨਾਲ ਇਹ ਸਭ ਕੁਝ ਸੰਭਵ ਹੋਇਆ ਹੈ ਕਿ ਹਜ਼ਾਰਾਂ ਆਡ ਕੋਰ ਨਕਸਲਵਾਦੀਆਂ ਨੇ ਸਰਕਾਰ ਕੋਲ ਸਰੰਡਰ ਕੀਤਾ ਹੈ ਅਤੇ ਨਵੀਂ ਜ਼ਿੰਦਗੀ ਦੀ ਭਾਰੀ ਦਾ ਅਹਿਦ ਲਿਆ ਹੈ ਭਾਰਤ ਵਿੱਚ ਨਕਸਲਵਾਦ (ਲੈਫਟ ਵਿੰਗ ਐਕਸਟ੍ਰੀਮਿਜ਼ਮ - LWE) ਇੱਕ ਲੰਬੀ ਚੱਲੀ ਆਈ ਸੱਤਾ ਵਿਰੋਧੀ ਅੰਦੋਲਨ ਹੈ, ਜੋ 1967 ਵਿੱਚ ਪੱਛਮੀ ਬੰਗਾਲ ਦੇ ਛੋਟੇ ਜਿਹੇ ਪਿੰਡ ਨਕਸਲਬਾੜੀ ਤੋਂ ਸ਼ੁਰੂ ਹੋਇਆ।

ਇਸ ਨੇ ਤਿੰਨ ਦਹਾਕਿਆਂ ਤੋਂ ਵੱਧ ਸਮੇਂ ਤੱਕ ਭਾਰਤ ਦੀ ਅੰਦਰੂਨੀ ਸੁਰੱਖਿਆ ਲਈ ਵੱਡੀ ਚੁਣੌਤੀ ਪੇਸ਼ ਕੀਤੀ। ਇਸ ਵਿੱਚ ਹਜ਼ਾਰਾਂ ਨੌਜਵਾਨਾਂ ਦੀਆਂ ਜਾਨਾਂ ਗਈਆਂ, ਆਰਥਿਕ ਤਬਾਹੀ ਹੋਈ ਅਤੇ ਵਿਕਾਸ ਰੁਕਿਆ। ਸਰਕਾਰੀ ਅੰਕੜਿਆਂ ਅਨੁਸਾਰ, ਪਿਛਲੇ ਤਿੰਨ ਦਹਾਕਿਆਂ ਵਿੱਚ ਇਸ ਸਮੱਸਿਆ ਨੂੰ ਬਹੁਤ ਹੱਦ ਤੱਕ ਘਟਾਇਆ ਗਿਆ ਹੈ ਅਤੇ ਮਾਰਚ 2026 ਤੱਕ ਇਸ ਨੂੰ ਪੂਰੀ ਤਰ੍ਹਾਂ ਖਤਮ ਕਰਨ ਦਾ ਟੀਚਾ ਰੱਖਿਆ ਗਿਆ ਹੈ ਹਾਲਾਂਕਿ, ਰੂੜ੍ਹੀਵਾਦੀ ਵਿਚਾਰਧਾਰਾ ਅਤੇ ਅਰਬਨ ਨਕਸਲੀਜ਼ਮ (ਸ਼ਹਿਰੀ ਨਕਸਲਵਾਦ) ਦੇ ਰੂਪ ਵਿੱਚ ਇਸ ਦੀ ਛਾਇਆ ਯੂਨੀਵਰਸਿਟੀਆਂ, ਅਦਾਰਿਆਂ ਅਤੇ ਰਾਜਨੀਤੀ ਵਿੱਚ ਅਜੇ ਵੀ ਮੌਜੂਦ ਹੈ।

ਅੱਜ ਅਸੀਂ ਇਸ ਕਹਾਣੀ ਨੂੰ ਇਤਿਹਾਸ, ਅੰਕੜਿਆਂ, ਸਰਕਾਰੀ ਨੀਤੀਆਂ ਅਤੇ ਵਰਤਮਾਨ ਚੁਣੌਤੀਆਂ ਰਾਹੀਂ ਵਿਸਥਾਰ ਨਾਲ ਚਰਚਾ ਕਰਦਿਆਂ ਨਕਸਲਵਾਦ ਦੀ ਉਤਪੱਤੀ ਅਤੇ ਇਤਿਹਾਸਕ ਪਿਛੋਕੜ ਨਕਸਲਵਾਦ ਦੀ ਸ਼ੁਰੂਆਤ 25 ਮਈ 1967 ਨੂੰ ਨਕਸਲਬਾੜੀ ਪਿੰਡ ਵਿੱਚ ਇੱਕ ਕਿਸਾਨ ਵਿਦਰੋਹ ਤੋਂ ਹੋਈ। ਚਾਰੂ ਮਜ਼ੂਮਦਾਰ, ਕਾਨੂ ਸਨਿਆਲ ਅਤੇ ਜੰਗਲ ਸੰਤਾਲ ਵਰਗੇ ਆਗੂਆਂ ਨੇ ਭੂਮੀ ਸੁਧਾਰ ਦੀ ਮੰਗ ਨੂੰ ਲੈ ਕੇ ਭੂਮੀ ਮਾਲਕਾਂ ਵਿਰੋਧੀ ਬਗਾਵਤ ਨੂੰ ਉਕਸਾਇਆ। ਇਹ ਮਾਓਵਾਦੀ ਵਿਚਾਰਧਾਰਾ ਤੋਂ ਪ੍ਰਭਾਵਿਤ ਸੀ, ਜਿਸ ਵਿੱਚ ਕਿਸਾਨਾਂ ਅਤੇ ਆਦਿਵਾਸੀਆਂ ਨੂੰ ਸੱਤਾ ਵਿਰੋਧੀ ਇਨਕਲਾਬ ਰਾਹੀਂ ਉਭਾਰਨਾ ਸੀ। ਇਸ ਬਗਾਵਤ ਨੂੰ ਦਬਾਇਆ ਗਿਆ, ਪਰ ਇਸ ਨੇ ਸੀਪੀਆਈ (ਐੱਮ-ਐੱਲ) ਵਰਗੀਆਂ ਧਿਰਾਂ ਨੂੰ ਜਨਮ ਦਿੱਤਾ।1970ਵਿਆਂ ਵਿੱਚ ਇਹ ਅੰਦੋਲਨ ਬਿਹਾਰ, ਆਂਧਰਾ ਪ੍ਰਦੇਸ਼ ਅਤੇ ਹੋਰ ਰਾਜਾਂ ਵਿੱਚ ਫੈਲਿਆ। 1980-90ਵਿਆਂ ਵਿੱਚ ਇਸ ਨੇ ਗੁਆਂਢੀ ਰਾਜਾਂ ਵਿੱਚ ਆਪਣੀ ਜੜ੍ਹਾਂ ਮਜ਼ਬੂਤ ਕੀਤੀਆਂ। 2004 ਵਿੱਚ ਮਾਓਇਸਟ ਕਮਿਊਨਿਸਟ ਸੈਂਟਰ ਅਤੇ ਪੀਪਲਜ਼ ਵਾਰ ਗਰੁੱਪ ਦੇ ਵਿਲੀਨੀਕਰਨ ਨਾਲ ਸੀਪੀਆਈ (ਮਾਓਇਸਟ) ਬਣੀ, ਜੋ ਅੱਜ ਵੀ ਮੁੱਖ ਧਿਰ ਹੈ। ਇਸ ਨੇ ਗਰੀਬੀ, ਭੂਮੀ ਅਸਮਾਨਤਾ ਅਤੇ ਆਦਿਵਾਸੀਆਂ ਦੇ ਸ਼ੋਸ਼ਣ ਨੂੰ ਆਪਣਾ ਮੁੱਖ ਮੁੱਦਾ ਬਣਾਇਆ, ਪਰ ਅਸਲ ਵਿੱਚ ਇਹ ਲੋਕਤੰਤਰੀ ਵਿਵਸਥਾ ਵਿਰੋਧੀ ਬਣ ਗਿਆ। ਇਹ ਸੱਚ ਹੈ ਕਿ ਹਜ਼ਾਰਾਂ ਨੌਜਵਾਨ ਇਸ ਵਿਚਾਰਧਾਰਾ ਨਾਲ ਆਕਰਸ਼ਿਤ ਹੋਏ ਅਤੇ ਯੂਨੀਵਰਸਿਟੀਆਂ ਤੋਂ ਲੈ ਕੇ ਗਰੀਬ ਪਰਿਵਾਰਾਂ ਤੱਕ ਤੋਂ ਭਰਤੀ ਹੋਏ। ਇਸ ਨੇ ਉਨ੍ਹਾਂ ਦੀ ਜਵਾਨੀ ਤਬਾਹ ਕਰ ਦਿੱਤੀ - ਬਹੁਤ ਸਾਰੇ ਜੰਗਲਾਂ ਵਿੱਚ ਗਏ, ਬੰਦੂਕ ਚੁੱਕੀ ਅਤੇ ਖ਼ੂਨੀ ਖੇਲ ਵਿੱਚ ਫਸ ਗਏ।ਇਸ ਅੰਦੋਲਨ ਨੇ ਰੈੱਡ ਕੌਰੀਡੋਰ (ਲਾਲ ਗਲਿਆਰਾ) ਬਣਾਇਆ, ਜੋ ਛੱਤੀਸਗੜ੍ਹ, ਝਾਰਖੰਡ, ਓਡੀਸ਼ਾ, ਆਂਧਰਾ ਪ੍ਰਦੇਸ਼, ਮਹਾਰਾਸ਼ਟਰ ਅਤੇ ਬਿਹਾਰ ਵੱਲ ਫੈਲਿਆ। ਇਸ ਖੇਤਰ ਵਿੱਚ ਨਕਸਲੀ ਆਪਣੀ ਆਪਣੀ 'ਸੱਤਾ' ਚਲਾਉਂਦੇ ਸਨ - ਟੈਕਸ ਵਸੂਲਦੇ, ਭੂਮੀ ਕਬਜ਼ਾ ਕਰਦੇ ਅਤੇ ਵਿਕਾਸ ਯੋਜਨਾਵਾਂ ਨੂੰ ਰੋਕਦੇ। ਇਸ ਨੇ ਭਾਰਤ ਦੇ ਵਿਕਾਸ ਨੂੰ ਰੋਕਿਆ ਅਤੇ ਆਦਿਵਾਸੀ ਖੇਤਰਾਂ ਨੂੰ ਗਰੀਬੀ ਵਿੱਚ ਰੱਖਿਆ। ਪਿਛਲੇ ਤਿੰਨ ਦਹਾਕਿਆਂ (1996-2026) ਵਿੱਚ ਇਸ ਨੇ ਹਜ਼ਾਰਾਂ ਜਾਨਾਂ ਲਈਆਂ ਅਤੇ ਅਰਬਾਂ ਰੁਪਏ ਦੀ ਆਰਥਿਕ ਤਬਾਹੀ ਕੀਤੀ।

ਅੱਜ ਇਤਿਹਾਸਕ ਤੌਰ ਉੱਤੇ ਇਸ ਅੰਦੋਲਨ ਨੂੰ ਦੋ ਫੇਜ਼ਾਂ ਵਿੱਚ ਵੰਡਿਆ ਜਾ ਸਕਦਾ ਹੈ: ਪਹਿਲਾ ਫੇਜ਼ (1967-1970ਵਿਆਂ) ਜੋ ਤੀਖਾ ਵਿਦਰੋਹ ਵਾਲਾ ਸੀ ਅਤੇ ਦੂਜਾ ਫੇਜ਼ (2000 ਤੋਂ ਬਾਅਦ) ਜੋ ਵਧੇਰੇ ਸੰਸਥਾਪਕ ਅਤੇ ਖ਼ੂਨੀ ਸੀ। 2010 ਤੱਕ ਇਹ ਆਪਣੀ ਉਚਾਈ ਉੱਤੇ ਸੀ। ਫਿਰ ਸੁਰੱਖਿਆ ਬਲਾਂ ਅਤੇ ਵਿਕਾਸ ਯੋਜਨਾਵਾਂ ਨੇ ਇਸ ਨੂੰ ਘਟਾਉਣਾ ਸ਼ੁਰੂ ਕੀਤਾ। ਅੱਜ ਅੰਕੜਿਆਂ ਰਾਹੀਂ ਨਕਸਲ ਵਾਇਲੈਂਸ ਦੀ ਤਸਵੀਰ ਸਰਕਾਰੀ ਅਤੇ ਸੁਤੰਤਰ ਅੰਕੜਿਆਂ ਤੋਂ ਸਪੱਸ਼ਟ ਹੈ ਕਿ ਨਕਸਲਵਾਦ ਨੇ ਭਾਰੀ ਖ਼ੂਨ ਖਰਾਬਾ ਕੀਤਾ। ਗ੍ਰਹਿ ਮੰਤਰਾਲੇ ਅਤੇ ਸਾਊਥ ਏਸ਼ੀਆ ਟੈਰਰਿਜ਼ਮ ਪੋਰਟਲ ਦੇ ਅੰਕੜਿਆਂ ਅਨੁਸਾਰ:2004 ਤੋਂ ਨਵੰਬਰ 2025 ਤੱਕ ਕੁੱਲ ਮੌਤਾਂ: ਲਗਭਗ 8,956 (ਜਿਨ੍ਹਾਂ ਵਿੱਚ ਬਹੁਤੇ ਆਦਿਵਾਸੀ ਨਾਗਰਿਕ ਸਨ, ਜਿਨ੍ਹਾਂ ਨੂੰ 'ਪੁਲਿਸ ਇਨਫਾਰਮਰ' ਬਣਾ ਕੇ ਮਾਰਿਆ ਗਿਆ)। 2025 ਵਿੱਚ: ਵਾਇਲੈਂਸ ਵਿੱਚ ਹੋਰ ਘਟਾਅ, 300 ਤੋਂ ਵੱਧ ਨਕਸਲੀ ਨਿਊਟ੍ਰਲਾਈਜ਼ਡ, 800+ ਗ੍ਰਿਫ਼ਤਾਰ ਅਤੇ 1,000+ ਆਤਮਸਮਰਪਣ। ਛੱਤੀਸਗੜ੍ਹ ਵਿੱਚ ਇੱਕਲੇ 300+ ਨਕਸਲੀ ਮਾਰੇ ਗਏ।

ਹੁਣ ਪ੍ਰਭਾਵਿਤ ਜ਼ਿਲ੍ਹਿਆਂ ਦੀ ਗਿਣਤੀ ਵੀ ਘਟੀ ਹੈ। 2014 ਵਿੱਚ 126 ਪ੍ਰਭਾਵਿਤ ਜ਼ਿਲ੍ਹੇ ਸਨ, ਜੋ 2024 ਵਿੱਚ 38 ਤੱਕ ਘਟੇ, ਮਾਰਚ 2025 ਵਿੱਚ 18 ਤੱਕ ਅਤੇ ਫਰਵਰੀ 2026 ਤੱਕ ਸਿਰਫ 7-11 ਰਹਿ ਗਏ (ਛੱਤੀਸਗੜ੍ਹ ਵਿੱਚ ਬਹੁਤੇ, ਝਾਰਖੰਡ ਅਤੇ ਓਡੀਸ਼ਾ ਵਿੱਚ ਘੱਟ)। 'ਮੋਸਟ ਅਫੈਕਟਿਡ' ਜ਼ਿਲ੍ਹਿਆਂ ਦੀ ਗਿਣਤੀ 12 ਤੋਂ ਘਟ ਕੇ 3 ਰਹਿ ਗਈ (ਸੁਕਮਾ, ਬਿਜਾਪੁਰ, ਨਰਾਇਣਪੁਰ ਵਰਗੇ)। ਰੈੱਡ ਕੌਰੀਡੋਰ ਹੁਣ ਲਗਭਗ ਖਤਮ ਹੋ ਚੁੱਕਿਆ ਹੈ ਅਤੇ ਇਸ ਨੂੰ 'ਰੈੱਡ ਪਾਕੇਟ' ਕਿਹਾ ਜਾ ਰਿਹਾ ਹੈ।

ਅੱਜ ਇਹ ਅੰਕੜੇ ਦਰਸਾਉਂਦੇ ਹਨ ਕਿ ਸੁਰੱਖਿਆ ਬਲਾਂ (CRPF, ਰਾਜ ਪੁਲਿਸ, ਬੀਐੱਸਐੱਫ) ਅਤੇ ਵਿਕਾਸ ਯੋਜਨਾਵਾਂ ਨੇ ਮਿਲ ਕੇ ਨਕਸਲਵਾਦ ਨੂੰ ਕਮਜ਼ੋਰ ਕੀਤਾ ਹੈ। ਘਟਨਾਵਾਂ ਵਿੱਚ 77-81% ਘਟਾਅ ਅਤੇ ਮੌਤਾਂ ਵਿੱਚ 85-90% ਘਟਾਅ ਇੱਕ ਵੱਡੀ ਸਫਲਤਾ ਹੈ। 2025 ਵਿੱਚ ਇੱਕਲੇ ਛੱਤੀਸਗੜ੍ਹ ਵਿੱਚ ਓਪਰੇਸ਼ਨ ਬਲੈਕ ਫਾਰੈਸਟ ਵਰਗੀਆਂ ਕਾਰਵਾਈਆਂ ਵਿੱਚ ਵੱਡੀਆਂ ਸਫਲਤਾਵਾਂ ਹਾਸਲ ਹੋਈਆਂ।ਸਰਕਾਰੀ ਨੀਤੀ ਅਤੇ ਵਿਕਾਸ ਉਪਰਾਲੇ: ਖ਼ਤਮੀ ਵੱਲ ਵਧਦਾ ਕਦਮਮੋਦੀ ਸਰਕਾਰ ਨੇ 2015 ਵਿੱਚ ਨੈਸ਼ਨਲ ਪਾਲਿਸੀ ਐਂਡ ਐਕਸ਼ਨ ਪਲਾਨ ਤਹਿਤ ਤਿੰਨ ਪਹਿਲੂਆਂ ਉੱਤੇ ਧਿਆਨ ਕੇਂਦਰਿਤ ਕੀਤਾ: ਸੁਰੱਖਿਆ, ਵਿਕਾਸ ਅਤੇ ਰਿਹੈਬਿਲੀਟੇਸ਼ਨ।

ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਵਾਰ-ਵਾਰ ਮਾਰਚ 2026 ਤੱਕ ਨਕਸਲਵਾਦ ਖਤਮ ਕਰਨ ਦਾ ਟੀਚਾ ਰੱਖਿਆ ਹੈ ਅਤੇ ਇਸ ਲਈ ਇੱਕ 10-ਪੁਆਇੰਟ ਪਲਾਨ ਵੀ ਤਿਆਰ ਕੀਤਾ ਗਿਆ ਹੈ।ਮੁੱਖ ਉਪਰਾਲੇ:ਸੁਰੱਖਿਆ: ਫੋਰਟੀਫਾਈਡ ਪੁਲਿਸ ਸਟੇਸ਼ਨਾਂ ਦੀ ਗਿਣਤੀ ਵਧੀ। ਨਵੀਆਂ ਕੈਂਪਾਂ ਬਣੀਆਂ। ਓਪਰੇਸ਼ਨ ਬਲੈਕ ਫਾਰੈਸਟ, ਓਪਰੇਸ਼ਨ ਕਾਗਰ ਵਰਗੀਆਂ ਕਾਰਵਾਈਆਂ ਵਿੱਚ ਲੀਡਰਸ਼ਿਪ ਟਾਰਗੇਟ ਕੀਤੀ ਗਈ। 2025 ਵਿੱਚ ਹੀ 300+ ਨਕਸਲੀ ਨਿਊਟ੍ਰਲਾਈਜ਼ਡ ਅਤੇ ਹਜ਼ਾਰਾਂ ਗ੍ਰਿਫ਼ਤਾਰ ਕੀਤੇ ਗਏ।

ਇਸ ਨਤੀਜੇ ਵਜੋਂ ਪ੍ਰਭਾਵਿਤ ਖੇਤਰਾਂ ਵਿੱਚ ਵਿਕਾਸ ਹੋ ਰਿਹਾ ਹੈ ਅਤੇ ਨੌਜਵਾਨ ਰੁਜ਼ਗਾਰ ਵੱਲ ਮੁੜ ਰਹੇ ਹਨ। ਸਰਕਾਰ ਦਾ ਦਾਅਵਾ ਹੈ ਕਿ ਇਹ ਉਪਰਾਲਾ ਨਫ਼ਰਤ ਅਤੇ ਖ਼ੂਨੀ ਖੇਲ ਨੂੰ ਖਤਮ ਕਰਕੇ ਮੁਕਤਧਾਰਾ ਵੱਲ ਲੈ ਆਇਆ ਹੈ। ਰਾਜਾਂ ਵਿੱਚ ਸੈਂਟਰ-ਸਟੇਟ ਕੋਆਰਡੀਨੇਸ਼ਨ ਵੀ ਮਜ਼ਬੂਤ ਹੋਇਆ ਹੈ।ਅਰਬਨ ਨਕਸਲੀਜ਼ਮ: ਨਵੀਂ ਚੁਣੌਤੀ ਅਤੇ ਖਤਰਾਸਰਕਾਰ ਅਤੇ ਬਹੁਤ ਸਾਰੇ ਵਿਸ਼ਲੇਸ਼ਕਾਂ ਅਨੁਸਾਰ, ਜੰਗਲੀ ਨਕਸਲਵਾਦ ਘਟ ਰਿਹਾ ਹੈ ਪਰ ਅਰਬਨ ਨਕਸਲੀਜ਼ਮ ਉਭਰ ਰਿਹਾ ਹੈ। ਇਸ ਨੂੰ 'ਨਕਸਲਵਾਦ ਬਿਨਾਂ AK-47' ਕਿਹਾ ਜਾਂਦਾ ਹੈ। ਇਹ ਸ਼ਹਿਰੀ ਖੇਤਰਾਂ ਵਿੱਚ ਬੁੱਧੀਜੀਵੀਆਂ, ਪ੍ਰੋਫੈਸਰਾਂ, ਵਕੀਲਾਂ, ਐਕਟਿਵਿਸਟਾਂ, ਡਾਕਟਰਾਂ ਅਤੇ ਯੂਨੀਵਰਸਿਟੀਆਂ ਰਾਹੀਂ ਫੈਲਦਾ ਹੈ।

ਅੱਜ ਉਦਾਹਰਨ ਲਈ ਯੂਨੀਵਰਸਿਟੀਆਂ ਜਿਵੇਂ ਜੇਐਨਯੂ, ਡੀਯੂ, ਮੁੰਬਈ ਯੂਨੀਵਰਸਿਟੀ ਵਿੱਚ ਵਿਦਿਆਰਥੀ ਸੰਘ ਅਤੇ ਕੁਝ ਪ੍ਰੋਫੈਸਰਾਂ ਵੱਲੋਂ ਮਾਓਵਾਦੀ ਵਿਚਾਰਧਾਰਾ ਨੂੰ 'ਕ੍ਰਿਟੀਕਲ ਥਿੰਕਿੰਗ' ਜਾਂ 'ਅਕਾਦਮਿਕ ਆਜ਼ਾਦੀ' ਦੇ ਨਾਮ ਉੱਤੇ ਉਤਸ਼ਾਹਿਤ ਕੀਤਾ ਜਾਂਦਾ ਹੈ। ਡੀਯੂ ਵੀਸੀ ਯੋਗੇਸ਼ ਸਿੰਘ ਨੇ 2025 ਵਿੱਚ ਇੱਕ ਭਾਸ਼ਣ ਵਿੱਚ ਕਿਹਾ ਕਿ 'ਨਕਸਲਵਾਦ ਹੁਣ ਜੰਗਲਾਂ ਤੋਂ ਯੂਨੀਵਰਸਿਟੀਆਂ ਅਤੇ ਸ਼ਹਿਰਾਂ ਵਿੱਚ ਆ ਗਿਆ ਹੈ' ਅਤੇ ਪ੍ਰੋਫੈਸਰਾਂ ਉੱਤੇ 'ਮਾਈਂਡ ਪੋਲਿਊਟ' ਕਰਨ ਦਾ ਇਲਜ਼ਾਮ ਲਗਾਇਆ। ਉਨ੍ਹਾਂ ਨੇ ਪਿਨਜਰਾ ਤੋੜ ਵਰਗੀਆਂ ਮੂਵਮੈਂਟਾਂ ਨੂੰ ਵੀ ਇਸ ਨਾਲ ਜੋੜਿਆ। ਭੀਮਾ ਕੋਰੇਗਾਓ ਕੇਸ ਵਿੱਚ ਡੀਯੂ ਪ੍ਰੋਫੈਸਰ ਐਚ.ਐਨ. ਬਾਬੂ, ਗਣੇਸ਼ ਸਾਈਬਾਬਾ ਵਰਗੇ ਮਾਮਲੇ ਆਏ ਹਨ, ਜਿਨ੍ਹਾਂ ਵਿੱਚ ਯੂਨੀਵਰਸਿਟੀ ਫੈਕਲਟੀ ਨੂੰ ਮਾਓਇਸਟ ਲਿੰਕਸ ਦਾ ਇਲਜ਼ਾਮ ਲੱਗਾ। ਐਨਜੀਓਜ਼, ਮੀਡੀਆ ਅਤੇ ਰਾਜਨੀਤਿਕ ਧਿਰਾਂ ਵਿੱਚ ਵੀ ਇਸ ਵਿਚਾਰਧਾਰਾ ਦਾ ਪ੍ਰਭਾਵ ਦੇਖਿਆ ਜਾਂਦਾ ਹੈ। ਕੁਝ ਗਰੁੱਪ ਓਪਰੇਸ਼ਨ ਬਲੈਕ ਫਾਰੈਸਟ ਵਰਗੀਆਂ ਕਾਰਵਾਈਆਂ ਵਿਰੋਧੀ ਬਿਆਨਬਾਜ਼ੀ ਕਰਦੇ ਹਨ। ਅੱਜ ਇਸ ਨੂੰ ਖਤਰਨਾਕ ਮੰਨਿਆ ਜਾਂਦਾ ਹੈ ਕਿਉਂਕਿ ਇਹ ਲੋਕਤੰਤਰੀ ਵਿਵਸਥਾ ਵਿੱਚ ਰਹਿ ਕੇ ਹੀ ਇਸ ਨੂੰ ਕਮਜ਼ੋਰ ਕਰਦਾ ਹੈ ਅਤੇ ਨੌਜਵਾਨਾਂ ਨੂੰ ਗਲਤ ਰਾਹ ਉੱਤੇ ਲੈ ਜਾਂਦਾ ਹੈ। ਕੁਝ ਆਲੋਚਕ ਇਸ ਟਰਮ ਨੂੰ ਰਾਜਨੀਤਿਕ ਟੂਲ ਵਜੋਂ ਵਰਤਣ ਦਾ ਇਲਜ਼ਾਮ ਲਗਾਉਂਦੇ ਹਨ ਅਤੇ ਅਕਾਦਮਿਕ ਆਜ਼ਾਦੀ ਉੱਤੇ ਖਤਰਾ ਬਤਾਉਂਦੇ ਹਨ। ਪਰ ਅੰਕੜੇ ਅਤੇ ਘਟਨਾਵਾਂ ਦਰਸਾਉਂਦੀਆਂ ਹਨ ਕਿ ਯੂਨੀਵਰਸਿਟੀਆਂ ਵਿੱਚ ਰੈਡੀਕਲ ਵਿਚਾਰਧਾਰਾ ਅਜੇ ਵੀ ਨੌਜਵਾਨਾਂ ਨੂੰ ਪ੍ਰਭਾਵਿਤ ਕਰ ਰਹੀ ਹੈ।

ਅੱਜ ਰਾਜਨੀਤਿਕ ਪਾਰਟੀਆਂ ਵਿੱਚ ਵੀ ਇਸ ਦੀ ਛਾਇਆ ਦੇਖੀ ਜਾ ਸਕਦੀ ਹੈ, ਜਿੱਥੇ ਸੱਤਾ ਵਿਰੋਧੀ ਅਭਿਆਨ ਨੂੰ ਭੜਕਾਇਆ ਜਾਂਦਾ ਹੈ।ਅਰਬਨ ਨਕਸਲੀਜ਼ਮ ਦਾ ਖਤਰਾ ਇਸ ਲਈ ਵੱਧ ਹੈ ਕਿਉਂਕਿ ਇਹ ਬੰਦੂਕਾਂ ਤੋਂ ਬਿਨਾਂ ਨਫ਼ਰਤ ਫੈਲਾਉਂਦਾ ਹੈ, ਰਾਸ਼ਟਰੀ ਏਕਤਾ ਨੂੰ ਚੁਣੌਤੀ ਦਿੰਦਾ ਹੈ ਅਤੇ ਨਵੀਂ ਪੀੜ੍ਹੀ ਨੂੰ ਗੁਮਰਾਹ ਕਰਦਾ ਹੈ। ਇਸ ਲਈ ਸਰਕਾਰ ਨੂੰ ਸੁਰੱਖਿਆ ਤੋਂ ਇਲਾਵਾ ਵਿਚਾਰਧਾਰਕ ਲੜਾਈ ਵੀ ਲੜਨੀ ਪਵੇਗੀ - ਸਿੱਖਿਆ ਵਿੱਚ ਸੰਤੁਲਿਤ ਵਿਚਾਰਧਾਰਾ, ਰੁਜ਼ਗਾਰ ਅਤੇ ਰਾਸ਼ਟਰੀ ਏਕਤਾ ਨੂੰ ਉਤਸ਼ਾਹਿਤ ਕਰਕੇ।ਸਿੱਟਾ: ਖਤਮ ਹੋਇਆ ਆਤੰਕ ਜਾਂ ਅਜੇ ਵੀ ਖਤਰਾ? ਸਰਕਾਰੀ ਅੰਕੜਿਆਂ ਅਤੇ ਉਪਰਾਲਿਆਂ ਅਨੁਸਾਰ, ਰਵਾਇਤੀ ਨਕਸਲਵਾਦ (ਜੰਗਲੀ ਆਤੰਕ) ਲਗਭਗ ਖਤਮ ਹੋ ਚੁੱਕਿਆ ਹੈ। ਵਾਇਲੈਂਸ ਵਿੱਚ ਭਾਰੀ ਘਟਾਅ, ਘਟਦੇ ਜ਼ਿਲ੍ਹੇ, ਵਧਦੀਆਂ ਸੁਰੱਖਿਆ-ਵਿਕਾਸ ਪਹਿਲਕਦਮੀਆਂ ਅਤੇ ਆਤਮਸਮਰਪਣ ਇਸ ਗੱਲ ਦੀ ਗਵਾਹੀ ਦਿੰਦੀਆਂ ਹਨ ਕਿ ਭਾਰਤ ਮਾਰਚ 2026 ਤੱਕ ਨਕਸਲ-ਮੁਕਤ ਹੋਣ ਵੱਲ ਵਧ ਰਿਹਾ ਹੈ। ਇਸ ਨੇ ਹਜ਼ਾਰਾਂ ਨੌਜਵਾਨਾਂ ਨੂੰ ਤਬਾਹੀ ਤੋਂ ਬਚਾਇਆ ਅਤੇ ਖੇਤਰਾਂ ਵਿੱਚ ਸ਼ਾਂਤੀ ਲਿਆਂਦੀ।

ਅੱਜ ਅਰਬਨ ਨਕਸਲੀਜ਼ਮ ਇੱਕ ਨਵੀਂ ਚੁਣੌਤੀ ਹੈ। ਯੂਨੀਵਰਸਿਟੀਆਂ, ਅਦਾਰੇ ਅਤੇ ਰਾਜਨੀਤੀ ਵਿੱਚ ਇਸ ਦੀ ਮੌਜੂਦਗੀ ਨਫ਼ਰਤ ਦਾ ਮਾਹੌਲ ਬਣਾ ਸਕਦੀ ਹੈ ਅਤੇ ਨੌਜਵਾਨਾਂ ਨੂੰ ਗਲਤ ਰਾਹ ਉੱਤੇ ਲੈ ਜਾ ਸਕਦੀ ਹੈ। ਇਸ ਲਈ ਸਰਕਾਰੀ ਨੀਤੀ ਨੂੰ ਵਿਕਾਸ ਤੋਂ ਇਲਾਵਾ ਵਿਚਾਰਧਾਰਕ ਜਾਗਰੂਕਤਾ ਅਤੇ ਸੰਤੁਲਿਤ ਸਿੱਖਿਆ ਉੱਤੇ ਵੀ ਧਿਆਨ ਦੇਣਾ ਚਾਹੀਦਾ ਹੈ।ਨਕਸਲਵਾਦ ਇੱਕ ਚੇਤਾਵਨੀ ਹੈ ਕਿ ਗਰੀਬੀ ਅਤੇ ਅਸਮਾਨਤਾ ਨੂੰ ਨਜ਼ਰਅੰਦਾਜ਼ ਨਾ ਕੀਤਾ ਜਾਵੇ। ਜੇਕਰ ਵਿਕਾਸ ਸਾਰਿਆਂ ਤੱਕ ਪਹੁੰਚੇ ਅਤੇ ਰਾਸ਼ਟਰੀ ਏਕਤਾ ਮਜ਼ਬੂਤ ਹੋਵੇ ਤਾਂ ਇਸ ਤਰ੍ਹਾਂ ਦੀਆਂ ਸਮੱਸਿਆਵਾਂ ਆਪਣੇ ਆਪ ਖਤਮ ਹੋ ਜਾਣਗੀਆਂ। ਭਾਰਤ ਨੂੰ ਇੱਕ ਮਜ਼ਬੂਤ, ਵਿਕਸਿਤ ਅਤੇ ਏਕਤਾਵਾਨ ਰਾਸ਼ਟਰ ਬਣਾਉਣ ਲਈ ਇਹ ਲੜਾਈ ਅਜੇ ਵੀ ਜਾਰੀ ਰੱਖਣੀ ਪਵੇਗੀ - ਨਾ ਸਿਰਫ ਬੰਦੂਕਾਂ ਨਾਲ, ਬਲਕਿ ਵਿਕਾਸ, ਸਿੱਖਿਆ ਅਤੇ ਵਿਚਾਰਧਾਰਾ ਰਾਹੀਂ ਵੀ।

# ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਬਨਾਮ ਬੇਅਦਬੀਆਂ ਦਾ ਨਿਰੰਤਰ ਸਿਲਸਿਲਾ



ਡਾ. ਕੁਲਵੰਤ ਕੌਰ
ਮੋ: 98156-20515

ਇਹ ਨਾਂ ਜ਼ਿਹਨ ਵਿਚ ਆਉਂਦਿਆਂ ਹੀ ਜਿਸ ਵੱਕਾਰੀ, ਇਤਿਹਾਸਕ, ਮਹਾਨ, ਮਹੱਤਵਪੂਰਨ ਅਤੇ ਕਦੇ ਬੁਲੰਦੀਆਂ 'ਤੇ ਰਹੀ ਸੰਸਥਾ ਦਾ ਚਿੱਤਰ ਉਭਰਦਾ ਹੈ, ਉਸ ਨੇ ਬਿਨਾਂ ਸ਼ੱਕ ਜ਼ਮਾਨੇ ਵਿਚ ਧੁੰਮਾਂ ਪਾਈ ਰੱਖੀਆਂ ਸਨ। ਨਵੇਂ ਕੀਰਤੀਮਾਨ ਸਥਾਪਿਤ ਕੀਤੇ ਸਨ। ਭ੍ਰਿਸ਼ਟਾਚਾਰੀ ਅੰਗ੍ਰੇਜ਼-ਪਿੱਠੂ ਮਹੰਤਾਂ ਨਾਲ ਲੋਹਾ ਲੈ ਕੇ ਆਪਣੇ ਗੁਰਧਾਮ ਆਜ਼ਾਦ ਕਰਾਏ ਸਨ। ਉਨ੍ਹਾਂ ਦੀ ਮਹੱਤਤਾ ਉਜਾਗਰ ਕਰਦਿਆਂ, ਉਨ੍ਹਾਂ ਦੀ ਬਾਕਾਇਦਾ ਸਾਂਭ ਸੰਭਾਲ ਕਰਵਾਈ ਸੀ। ਆਪਣੀ ਸ਼ਾਨਾਮੱਤੀ ਵਿਰਾਸਤ ਨੂੰ ਬਚਾਇਆ ਸੀ ਅਤੇ ਮਹਿੰਗੇ ਮੁੱਲ ਵਿਹਾਜੀ ਸਿੱਖੀ ਦੇ ਪ੍ਰਚਾਰ ਤੇ ਪ੍ਰਸਾਰ ਲਈ ਨਿਰੰਤਰ ਯਤਨ ਆਰੰਭੇ ਸਨ। ਵਿਦਿਅਕ ਸੰਸਥਾਵਾਂ ਤੇ ਹਸਪਤਾਲ ਖੋਲ੍ਹ ਕੇ, ਗੁਰੂ-ਪਰੰਪਰਾ 'ਤੇ ਪਹਿਰਾ ਦੇਣ ਦੇ ਸਾਰੇ ਹੀਲੇ ਵਸੀਲੇ ਕਰਦਿਆਂ ਮਾਣ ਮੱਤੀਆਂ ਪ੍ਰਾਪਤੀਆਂ ਵੀ ਕੀਤੀਆਂ ਸਨ। ਬੇਸ਼ਕੀਮਤੀ ਸਿੱਖ ਇਤਿਹਾਸ ਨੂੰ ਜੀਵੰਤ ਕਰਦੀਆਂ ਜ਼ਿਕਰਯੋਗ ਯਾਦਗਾਰਾਂ ਉਸਾਰੀਆਂ ਵੀ ਤੇ ਸੰਭਾਲੀਆਂ ਵੀ। ਅੰਗਰੇਜ਼ੀ ਰਾਜ ਨਾਲ ਟੱਕਰ ਲੈਂਦਿਆਂ ਤੇ ਫਰੰਗੀ ਸਭਿਆਚਾਰ ਨਾਲ ਦੋ ਚਾਰ ਹੁੰਦਿਆਂ ਵੀ ਸ਼੍ਰੋਮਣੀ ਕਮੇਟੀ ਤੇ ਇਸ ਵਿੱਚੋਂ ਨਿਕਲੇ ਰਾਜਨੀਤਕ ਦਲ- ਸ਼੍ਰੋਮਣੀ ਅਕਾਲੀ ਦਲ ਦਾ ਇਤਿਹਾਸ, ਪ੍ਰਾਪਤੀਆਂ, ਦੇਣ ਅਤੇ ਸੇਧ ਵਾਕਈ ਰਸ਼ਕਯੋਗ, ਮਾਣਯੋਗ ਅਤੇ ਪ੍ਰੇਰਨਾਯੋਗ ਰਹੀ ਹੈ। ਐਵੇਂ ਤਾਂ ਨਹੀਂ, ਫ਼ਿਰਕਾਪ੍ਰਸਤ ਗਾਂਧੀ ਵਰਗਿਆਂ ਨੇ ਵੀ 'ਚਾਬੀਆਂ ਦੇ ਮੋਰਚੇ' ਦੀ ਜਿੱਤ ਮੌਕੇ ਐਲਾਨ ਕਰ ਦਿੱਤਾ ਸੀ ਕਿ 'ਦੇਸ਼ ਦੀ ਆਜ਼ਾਦੀ ਦੀ ਅੱਧੀ ਜੰਗ ਜਿੱਤ ਲਈ ਗਈ ਹੈ।' ਆਓ, ਵਿਚਾਰੀਏ ਕਿ ਇਕ ਸਦੀ ਦੇ ਬੀਤ ਜਾਣ 'ਤੇ, ਅੱਜ ਇਹੀ ਸੰਸਥਾ ਕਿੱਥੇ ਤੋਂ ਕਿੱਥੇ ਪਹੁੰਚ ਗਈ ਹੈ।

2026 ਤੱਕ ਪਹੁੰਚਦਿਆਂ, ਸਾਡੀਆਂ ਇਹ ਦੋਵੇਂ ਸ਼੍ਰੋਮਣੀ ਸੰਸਥਾਵਾਂ, ਸੰਗਤੀ-ਵਿਸ਼ਵਾਸ ਤੇ ਲੋਕ -ਤਵੱਜੋਂ ਤੋਂ ਲਗਭਗ ਵਿਰਵੀਆਂ ਹੋ ਚੁੱਕੀਆਂ ਹਨ- ਪੱਟਾ-ਪੱਟਾ ਕੱਟੜ ਅਕਾਲੀ ਪਰਿਵਾਰ, ਪ੍ਰਤਿਬੱਧ ਰਹੇ ਮੈਂਬਰ, ਪੀੜ੍ਹੀਆਂ ਤੋਂ ਜੁੜੇ ਆ ਰਹੇ ਲੋਕ ਵੀ ਅੱਜ ਡਾਹਢੀ ਨਿਰਾਸ਼ਾ ਦੇ ਆਲਮ ਵਿਚ ਹਨ ਅਤੇ ਬਹੁਤ ਸਾਰੇ ਦੂਸਰੀਆਂ ਰਾਜਨੀਤਕ ਪਾਰਟੀਆਂ ਵਲ ਰੁਖ ਕਰ ਚੁੱਕੇ ਤੇ ਕਰ ਰਹੇ ਹਨ। ਬਾਬਾ ਖੜਕ ਸਿੰਘ ਜੀ, ਸ੍ਰ. ਸੁੰਦਰ ਸਿੰਘ ਮਜੀਠੀਆ ਤੇ ਮਾਸਟਰ ਤਾਰਾ ਸਿੰਘ ਜੀ ਜਿਹੇ ਸਾਫ਼-ਸ਼ਫਾਫ ਕਿਰਦਾਰਾਂ ਵਾਲੇ, ਕਰਨੀ ਤੇ ਕਥਨੀ ਦੇ ਸੂਰਮੇ, ਨਿਰਸਵਾਰਥ ਸੋਚ ਵਾਲੇ ਤੇ ਗੁਰੂ ਦੇ ਸੱਚੇ ਸੇਵਕ ਅੱਜ ਦੀਵਾ ਲੈ ਕੇ ਲੱਭਦਿਆਂ ਵੀ ਨਹੀਂ ਲੱਭ ਰਹੇ ਕਿਉਂਕਿ ਇਤਿਹਾਸਕ ਮਹੱਤਵ ਵਾਲੀਆਂ ਇਹ ਦੋਵੇਂ ਸੰਸਥਾਵਾਂ ਅੱਜ ਮੌਕਾਪ੍ਰਸਤ, ਲਾਲਚੀ, ਦੰਭੀ ਤੇ ਘਟੀਆ ਕਿਰਦਾਰ ਵਾਲੇ ਲੋਕਾਂ ਨੇ ਹਥਿਆ ਲਈਆਂ ਹਨ। 2011 ਤੋਂ ਬਾਅਦ, ਕਮੇਟੀ ਦੀ ਚੋਣ ਨਹੀਂ ਹੋ ਸਕੀ। ਮਿਆਦ ਪੁੱਗ ਜਾਣ ਦੇ ਬਾਵਜੂਦ ਵੀ, ਉਹੀ ਲੋਕ ਕਾਬਜ਼ ਚਲੇ ਆ ਰਹੇ ਹਨ ਜਿਨ੍ਹਾਂ ਦੀ ਭੂਮਿਕਾ ਕਦੇ ਵੀ ਸਹੀ ਨਹੀਂ ਰਹੀ। ਲਿਹਾਜ਼ਾ, ਐਨਾ ਕੁਝ ਨਿੰਦਣਯੋਗ ਵਾਪਰ ਚੁੱਕਾ ਹੈ ਤੇ ਵਾਪਰ ਰਿਹਾ ਹੈ ਕਿ ਜ਼ਮਾਨਾ ਥੂਹ ਥੂਹ ਕਰਨ ਲੱਗ ਪਿਆ ਹੈ। ਜਿਸ ਬਾਣੀ ਤੇ ਸਿੱਖ-ਕਿਰਦਾਰ ਨੇ ਆਰਥਰ ਮੈਕਾਲਿਫ ਵਰਗੇ ਅੰਗਰੇਜ਼-ਅਫ਼ਸਰ ਨੂੰ ਆਪਣਾ ਵਿਸ਼ਵਾਸ, ਧਰਮ, ਅਕੀਦਾ ਤੇ ਪਰੰਪਰਾ ਛੱਡ ਕੇ ਸਿੱਖੀ ਤੇ ਬਾਣੀ ਨਾਲ ਜੋੜਿਆ ਸੀ ਤੇ ਉਸ ਨੂੰ 'ਸਿੱਖ ਰਿਲੀਜ਼ਨ' ਛੇ ਵੱਡੀਆਂ ਜਿਲਦਾਂ ਵਿਚ ਲਿਖਣ ਲਈ ਪ੍ਰੇਰਿਤ ਕੀਤਾ ਸੀ, ਅੱਜ ਉਸੇ ਬਾਣੀ ਨੂੰ ਪੈਰਾਂ ਹੇਠ ਰੋਲਣਾ, ਮਧੋਲਣਾ ਤੇ ਬੇਇੱਜ਼ਤ ਕਰਨ ਦੇ ਅਨੇਕ-ਅਨੇਕ ਕਾਂਡ ਵਾਪਰ ਰਹੇ ਹਨ। ਬੇਅਦਬੀ ਦਰ ਬੇਅਦਬੀ ਕੀਤੀ ਤੇ ਕਰਵਾਈ ਜਾ ਰਹੀ ਹੈ- ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦਾ ਨਿਰੰਤਰ ਸਿਲਸਿਲਾ ਸਾਡੇ ਸਮਾਜ ਦੀ ਗੰਦੀ ਜ਼ਹਿਨੀਅਤ, ਘਟੀਆ ਸੋਚ ਅਤੇ ਨਿੰਦਣੀਯ ਵਿਵਹਾਰ ਦਾ ਪ੍ਰਤੀਕ ਹੈ ਕਿਉਂਕਿ ਜਿਸ ਬਾਣੀ ਨੂੰ ਇਕੱਲੇ ਸਿੱਖਾਂ ਨਾਲ ਜੋੜ ਕੇ ਇਸ ਨੂੰ ਛੁਟਿਆਉਣ ਦੇ ਯਤਨ ਜਾਰੀ ਹਨ, ਉਹ ਤਾਂ ਸਮੁੱਚੀ ਮਨੁੱਖਤਾ, ਹਰੇਕ ਵਿਅਕਤੀ ਤੇ ਸਾਰੇ ਜ਼ਮਾਨੇ ਦੇ ਉਧਾਰ ਤੇ ਸੁਧਾਰ ਲਈ ਬਖਸ਼ਿਸ਼ ਹੋਈ ਸੀ।

ਬੀਤੇ ਦਿਨੀਂ, ਸਮਾਣਾ ਵਿਚ, ਹਾਲ ਹੀ ਵਿਚ ਸ਼ੁਰੂ ਹੋਏ 'ਧਰਮ ਯੁੱਧ ਮੋਰਚੇ' ਦੀ ਇਕ ਵੀਡੀਓ ਵਿਚ, ਇਕ ਬਾਲੜੀ ਦੇ ਮੂੰਹੋਂ, ਬਹੁਤ ਵੱਡੀਆਂ ਲਾਹਨਤਾਂ, ਦਿਲ ਦੀ ਵੇਦਨਾ ਅਤੇ ਸੰਗਤੀ-ਰੁਦਨ ਦੀ ਗਾਥਾ ਦੇ ਆਰੰਭੇ ਮਿਸ਼ਨ 'ਚ ਭਾਈਵਾਲ ਬਣਨ ਲਈ, ਇਕੱਤਰ ਹੋਈਆਂ ਬੇਸ਼ੁਮਾਰ ਸੰਗਤਾਂ ਨਾਲ ਵਿਚਾਰਧਾਰਕ ਸਾਂਝ ਪਾਉਂਦਿਆਂ, ਹਥਲਾ ਆਰਟੀਕਲ ਲਿਖਣ ਦੀ ਪ੍ਰੇਰਣਾ ਮਿਲੀ। ਬਾਲਗਾਂ ਦੀ ਖੁੰਢੀ ਹੋ ਗਈ ਸੋਚ, ਯਤਨਾਂ ਤੇ ਇਰਾਦਿਆਂ ਨੂੰ ਜੁੰਬਸ਼ ਦੇਣ ਲਈ ਇਸ ਨਾਬਾਲਗ ਬੱਚੀ ਦੇ ਵਲਵਲਿਆਂ ਨੇ ਜੋ ਚਿੰਗਾਰੀ ਬਾਲੀ ਹੈ ਉਹ ਵਾਕਈ ਲਾਮਿਸਾਲ ਹੈ। ਭਾਈ ਖਾਲਸਾ ਜੀ, ਨਵੰਬਰ 2024 ਤੋਂ, ਇਕ ਉੱਚੇ ਟਾਵਰ 'ਤੇ ਅਤਿਅੰਤ ਮੁਸ਼ਕਲ ਭਰੀ ਜ਼ਿੰਦਗੀ ਕੱਟ ਰਹੇ, ਇਕ ਬੇਹੱਦ ਅਹਿਮ ਮੰਗ ਲਈ ਬਜ਼ਿੱਦ ਹਨ ਕਿ ਨਾ ਕੇਵਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹੀ ਬਲਕਿ ਹੋਰ ਪ੍ਰਵਾਨਿਤ ਤੇ ਸਥਾਪਿਤ ਧਾਰਮਿਕ ਗ੍ਰੰਥਾਂ ਦੀ ਬੇਅਦਬੀ ਕਰਨ ਵਾਲਿਆਂ ਲਈ ਵੀ ਸਖਤ ਕਾਨੂੰਨ ਬਣਾਓ। ਸ਼ਰਾਰਤੀਆਂ, ਮਨਚਲਿਆਂ ਅਤੇ ਸਮਾਜਿਕ ਪਾੜਾਂ ਵਧਾਉਣ ਵਾਲਿਆਂ ਨੂੰ ਲੰਮੇ ਹੱਥੀਂ ਲੈਣ ਲਈ ਸਰਕਾਰਾਂ ਸੰਜੀਦਾ ਕੰਮ ਕਰਨ ਤਾਂ ਜੋ ਨਿੱਤ ਦਿਹਾੜੇ ਦਿਲ ਵਲੂੰਧਰਨ ਵਾਲੇ ਕਾਂਡ ਨਾ ਵਾਪਰ ਸਕਣ। ਕੁੱਤੀ ਤੇ ਚੋਰ ਦੇ ਰਲ ਜਾਣ ਕਾਰਨ, ਜੋ ਕੁਝ ਪਿਛਲੇ ਦੋ ਦਹਾਕਿਆਂ ਤੋਂ ਵਾਪਰ ਰਿਹਾ ਹੈ, ਉਸ ਦਾ ਅੰਤ ਕਰਕੇ, ਕਾਨੂੰਨੀ ਸਜ਼ਾਵਾਂ ਨਿਰਧਾਰਤ ਕੀਤੀਆਂ ਜਾਣੀਆਂ ਅੱਜ ਸਮੇਂ, ਸਮਾਜ ਅਤੇ ਪਰਿਸਥਿਤੀਆਂ ਦੀ ਫੌਰੀ ਮੰਗ ਹੈ।

ਆਪਾਂ ਸਾਰੇ ਜਾਣਦੇ ਹਾਂ ਕਿ ਸਾਡੀਆਂ ਸ਼੍ਰੋਮਣੀ ਸੰਸਥਾਵਾਂ ਅੱਜ ਜਿਨ੍ਹਾਂ ਦੀ ਸਪੁਰਦਗੀ ਵਿਚ ਕਾਰਜਸ਼ੀਲ ਹਨ, ਓਹੀ ਇਸ ਦੇ ਸਰਬਨਾਸ਼ ਦੇ ਜ਼ਿੰਮੇਵਾਰ ਹਨ। ਸ਼੍ਰੋਮਣੀ ਕਮੇਟੀ ਤੋਂ ਜਨਮਿਆ ਅਕਾਲੀ ਦਲ, ਅੱਜ ਇਸੇ ਨੂੰ ਨੇਸਤੋ ਨਾਬੂਦ ਕਰ ਦੇਣ ਲਈ ਬਜ਼ਿੱਦ ਹੈ ਤੇ ਇਸ ਦੇ ਝੋਲੀ ਚੁੱਕ ਪ੍ਰਧਾਨ ਤੇ ਮੈਂਬਰਜ਼ ਆਪਣੇ-ਆਪਣੇ ਨਿਜੀ ਸਵਾਰਥਾਂ ਖ਼ਾਤਿਰ ਮਹਾਨ ਆਦਰਸ਼ਾਂ, ਗੌਰਵਮਈ ਪਰੰਪਰਾਵਾਂ ਅਤੇ ਉਚੇ ਮਾਨਵੀ ਮੁੱਲਾਂ ਨੂੰ ਤਿਲਾਂਜਲੀ ਦੇ ਰਹੇ ਹਨ। ਦੁਨੀਆਂ ਨੂੰ ਰਾਹ ਦਿਖਾਉਣ ਵਾਲੇ ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਉਨ੍ਹਾਂ ਦੀ ਉੱਚਤਾ, ਸੁੱਚਤਾ ਤੇ ਗੌਰਵ ਨੂੰ ਕਾਇਮ ਦਾਇਮ ਰੱਖਣ ਵਾਲੇ ਜ਼ਿੰਮੇਵਾਰ ਅਹੁਦੇਦਾਰ, ਜੇਕਰ ਚੰਦ ਵੋਟਾਂ ਦੀ ਖ਼ਾਤਿਰ ਡੇਰਿਆਂ 'ਚ ਜਾ ਕੇ ਗਿੜਗਿੜਾਉਂਦੇ ਹਨ ਤਾਂ ਬੇਅਦਬੀਆਂ ਨੂੰ ਸ਼ਹਿ ਮਿਲਣੀ ਸੁਭਾਵਿਕ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ 2016 ਵਿਚ 350ਵਾਂ ਪ੍ਰਕਾਸ਼ ਦਿਹਾੜਾ, ਸ੍ਰੀ ਪਟਨਾ ਸਾਹਿਬ ਮਨਾਉਣ ਉਪਰੰਤ ਪੂਰੀ ਦੀ ਪੂਰੀ ਜੁੰਡਲੀ ਦਾ ਸਿਰਸੇ ਵਾਲੇ ਸਾਧ ਦੇ ਪਾਖੰਡੀ ਡੇਰੇ ਪੁੱਜਣਾ ਤੇ 2017 ਦੀ ਚੋਣ ਸਮੇਂ ਵੋਟਾਂ ਦੀ ਭੀਖ ਮੰਗਣਾ ਕਿਸੇ ਤੋਂ ਭੁੱਲਿਆ ਹੋਇਆ ਹੈ ਭਲਾ? ਦਾਗੀ ਤੇ ਬਾਗ਼ੀ ਸਭ ਇਕੱਠੇ ਭੁਗਦੇ ਸਨ, ਉਦੋਂ, ਹਾਲਾਂ ਕਿ 2015 ਦੀਆਂ ਰੂਹ ਕੰਬਾਊ ਵਾਰਦਾਤਾਂ, ਕਾਲੀਆਂ ਕਰਤੂਤਾਂ ਤੇ ਸੰਗਤੀ-ਜ਼ੁਲਮ ਨੂੰ ਅਜੇ ਜ਼ਿਆਦਾ ਵਕਤ ਨਹੀਂ ਸੀ ਬੀਤਿਆ। ਬੇਅਦਬੀ ਦਾ ਵਿਰੋਧ ਕਰਦੀਆਂ ਸ਼ਾਂਤਮਈ ਸੰਗਤਾਂ 'ਤੇ ਗੋਲੀਆਂ ਦੀ ਬੁਛਾੜ ਕਰਨ ਤੇ ਕਰਵਾਉਣ ਵਾਲੇ ਅੱਜ ਵੀ ਦਨਦਨਾਉਂਦੇ ਘੁੰਮਦੇ ਹਨ ਜਦੋਂ ਕਿ ਬੇਕਸੂਰੇ, ਭੋਲੇ ਭਾਲੇ ਤੇ ਵਚਨਬੱਧ ਗੁਰਸਿੱਖ ਸ਼ਹੀਦੀਆਂ ਵੀ ਪਾ ਗਏ ਤੇ ਬਚੇ ਹੋਏ, ਦਹਾਕਿਆਂ ਤੋਂ ਇਨਸਾਫ ਦੀ ਮੰਗ ਕਰਦੇ-ਕਰਦੇ 'ਬਿਰਖ' ਬਣ ਬੈਠੇ ਹਨ।


2007 ਤੋਂ ਵਧਦੀ ਵਬਾ ਨੇ 2015 ਨੂੰ ਅੰਜ਼ਾਮ ਦਿੱਤਾ ਤੇ 2015 ਦੇ ਕਹਿਰ ਨੇ ਹੁਣ ਤੱਕ ਲਾਂਬੂ ਲਾਏ ਹੋਏ ਹਨ। ਇਥੋਂ ਤਕ ਕਿ ਸ੍ਰੀ ਕੇਸਗੜ੍ਹ ਸਾਹਿਬ, ਸ੍ਰੀ ਦਰਬਾਰ ਸਾਹਿਬ (ਅੰਮ੍ਰਿਤਸਰ), ਸ੍ਰੀ ਫਤਹਿਗੜ੍ਹ ਸਾਹਿਬ, ਗੁਰਦੁਆਰਾ ਕੋਤਵਾਲੀ ਸਾਹਿਬ ਮੋਰਿੰਡਾ ਤੇ ਗੁਰਦੁਆਰਾ ਦੂਖ ਨਿਵਾਰਣ ਸਾਹਿਬ ਪਟਿਆਲਾ ਆਦਿ ਵਿਚ ਬੇਅਦਬੀ ਦੇ ਕੇਡੇ ਵੱਡੇ-ਵੱਡੇ ਕਾਂਡ ਵਾਪਰ ਚੁੱਕੇ ਹਨ। ਕੋਈ ਤਫਤੀਸ਼ੀ ਨਤੀਜੇ ਸਾਹਮਣੇ ਨਹੀਂ ਆਏ, ਕਿਸੇ ਨੂੰ ਮਿਸਾਲੀ ਸਜ਼ਾ ਨਹੀਂ ਮਿਲੀ। ਸਭ ਕੇਸ ਅੰਦਰ ਖਾਤੇ ਦਬਾਅ ਦਿੱਤੇ ਗਏ ਹਨ। ਅਜਿਹੇ ਆਲਮ ਵਿਚ ਗੁਰੂ ਦੀਆਂ ਸਚਿਆਰ ਸੰਗਤਾਂ ਕੀ ਕਰਨ? ਕਿਸ ਕੋਲ ਦੁੱਖ ਫੋਲਣ? ਕਿਸ ਨੂੰ ਫਰਿਆਦ ਕਰਨ? ਕੋਈ ਵੀ, ਕਿਤੇ ਵੀ, ਕਿਸੇ ਦੀ ਸੁਣਵਾਈ ਨਹੀਂ -ਬੇਅਦਬੀਆਂ ਬਾਦਸਤੂਰ ਜਾਰੀ ਹਨ, ਨਿੱਤ ਦਿਹਾੜੇ ਹੋ ਰਹੀਆਂ ਜਾਂ ਕਰਵਾਈਆਂ ਜਾ ਰਹੀਆਂ ਹਨ। ਸਾਡੀ ਮਿੰਨੀ ਪਾਰਲੀਮੈਂਟ ਅਖਵਾਉਂਦੀ ਸ਼੍ਰੋਮਣੀ ਸੰਸਥਾ 'ਤੇ ਕਾਬਜ਼ ਲੋਕ ਸਿਰਫ਼ ਨਿੰਦਾ ਮਤਾ ਪਾਸ ਕਰਕੇ ਚੁੱਪੀ ਧਾਰ ਲੈਂਦੇ ਹਨ। ਕਦੇ ਇਸੇ ਸ਼੍ਰੋਮਣੀ ਕਮੇਟੀ ਦੇ ਡੰਕੇ ਗੂੰਜਦੇ ਰਹੇ ਹਨ ਤੇ ਗੁਲਾਮ ਦੇਸ਼ ਵਿਚ ਵੀ ਕਾਂਗਰਸ ਇਸਦੇ ਸਹਿਯੋਗ ਤੋਂ ਬਿਨਾਂ ਇਕ ਕਦਮ ਨਹੀਂ ਸੀ ਚੁੱਕਦੀ ਹੁੰਦੀ ਪਰ ਹੁਣ ਇਸ ਦੇ ਆਕਾਵਾਂ ਨੇ ਇਸਦਾ ਹਸ਼ਰ ਇਹ ਕਰ ਦਿੱਤਾ ਹੈ ਕਿ ਦੇਸ਼ ਦੇ ਪ੍ਰਧਾਨ ਮੰਤਰੀ ਨਾਲ ਮੁਲਾਕਾਤ ਦਾ ਵਕਤ ਤੱਕ ਨਹੀਂ ਮਿਲਦਾ?

ਸਾਡੀ ਜਾਚੇ, ਜਦੋਂ ਤਕ ਧਰਮ (ਜਾਂ ਧਾਰਮਿਕ ਸੰਸਥਾ) ਭਾਵ ਸ਼੍ਰੋਮਣੀ ਕਮੇਟੀ ਨਿਰੋਲ ਆਪਣੀਆਂ ਜ਼ਿੰਮੇਵਾਰੀਆਂ ਨਾਲ ਓਤਪੋਤ ਨਹੀਂ ਹੁੰਦੀ ਭਾਵ ਸਿਆਸੀ ਦਾਅ ਪੇਚਾਂ ਤੇ ਸਿਆਸਤ ਨਾਲੋਂ ਨਾਤਾ ਨਹੀਂ ਤੋੜਦੀ, ਉਦੋਂ ਤਕ ਧਰਮ ਦੇ ਖੇਤਰ ਵਿਚ ਕਿਸੇ ਸੁਧਾਰ ਦੀ ਕੋਈ ਉਮੀਦ ਨਹੀਂ ਕੀਤੀ ਜਾ ਸਕਦੀ ਕਿਉਂਕਿ ਸ਼੍ਰੋਮਣੀ ਅਕਾਲੀ ਦਲ (ਜੋ ਇਸ ਵੇਲੇ ਪੂਰੇ ਪੰਥ ਦੀ ਨੁਮਾਇੰਦਗੀ ਨਹੀਂ ਕਰ ਰਿਹਾ) ਦਾ ਵਫ਼ਾਦਾਰ ਸਿਪਾਹੀ ਅਖਵਾਉਣ ਵਾਲਾ, ਸ਼੍ਰੋਮਣੀ ਕਮੇਟੀ ਦੀ ਪ੍ਰਧਾਨਗੀ ਨਿਭਾਉਂਦਿਆਂ ਕਿਵੇਂ ਵਧੀਆ ਕਾਰਗੁਜ਼ਾਰੀ ਵਿਖਾ ਸਕਦਾ ਹੈ? ਕਿਤੇ ਗੁਰਦੁਆਰਿਆਂ ਦੇ ਅੰਦਰ ਝਗੜੇ ਹੋ ਰਹੇ ਹਨ ਤੇ ਕਿਤੇ ਬਾਹਰ। ਇਉਂ ਜਾਪਦਾ ਹੈ ਜਿਵੇਂ ਸੁੰਗੜਦੀ ਸੁੰਗੜਦੀ ਸ਼੍ਰੋਮਣੀ ਕਮੇਟੀ ਹੁਣ ਹੋਰ ਵੀ ਪਤਲੀ ਪੈ ਰਹੀ ਹੈ। ਦਿੱਲੀ ਤੇ ਹਰਿਆਣਾ 'ਤੇ ਅਧਿਕਾਰ ਗਵਾ ਲੈਣ ਮਗਰੋਂ ਉਂਝ ਵੀ ਇਸਦੀ ਹੈਸੀਅਤ ਪਹਿਲਾਂ ਵਾਲੀ ਨਹੀਂ ਰਹੀ ਤੇ ਸਵਾ ਸਾਲ ਤੋਂ ਹੋਈ ਟੁੱਟ-ਭੱਜ ਪਿਛੋਂ ਇਸਦਾ ਅਕਸ ਅਸਲੋਂ ਹੀ ਖਰਾਬ ਹੋ ਗਿਆ ਹੈ। ਬੇਅਦਬੀਆਂ ਦਾ ਸਿਲਸਿਲਾ ਹੁਣ ਹੋਰ ਗੰਭੀਰ ਹੁੰਦਾ ਜਾ ਰਿਹਾ ਹੈ।

ਸਮੁੱਚੇ ਤੌਰ 'ਤੇ ਕਿਹਾ ਜਾ ਸਕਦਾ ਹੈ ਕਿ ਬਾਬਾ ਖੜਕ ਸਿੰਘ ਜੀ, ਸ੍ਰ. ਤੇਜਾ ਸਿੰਘ ਸਮੁੰਦਰੀ, ਸ੍ਰ. ਸੁੰਦਰ ਸਿੰਘ ਮਜੀਠੀਆ ਤੇ ਮਾਸਟਰ ਤਾਰਾ ਸਿੰਘ ਜਿਹੇ ਉੱਦਮੀਆਂ, ਨਿਸ਼ਕਾਮ ਪੰਥ ਸੇਵਕਾਂ, ਦੂਰ ਅੰਦੇਸ਼ ਹਸਤੀਆਂ ਅਤੇ ਹਰ ਪ੍ਰਕਾਰੀ ਵਿਤਕਰਿਆਂ ਤੋਂ ਨਿਰਲੇਪ ਸੱਜਣਾਂ ਨੇ ਜਿਸ ਮਹਾਨ ਸੰਸਥਾ ਨੂੰ 1920 ਵਿਚ ਖੜ੍ਹਾ ਕੀਤਾ ਸੀ, ਉਹ 2026 ਤੱਕ ਪਹੁੰਚਦਿਆਂ ਲੜਖੜਾ ਰਹੀ ਹੈ। ਡਾਵਾਂਡੋਲ ਹੋ ਰਹੀ ਹੈ ਤੇ ਅਪੰਥਕ ਵੀ ਹੁੰਦੀ ਜਾ ਰਹੀ ਹੈ। ਪੰਥ ਨੂੰ ਦਰਪੇਸ਼ ਅਨੰਤ ਮਸਲਿਆਂ ਵੰਨੀ ਇਸਦੀ ਪਹੁੰਚ ਬਹੁਤ ਸੌੜੀ ਹੈ, ਵਕਤੀ ਹੈ ਤੇ ਘਟੀਆ ਵੀ। ਹੋਰ ਤਾਂ ਹੋਰ, ਸਾਡੇ ਇਸ਼ਟ, ਨਿਰੰਕਾਰੀ ਤੇ ਧੁਰ ਕੀ ਬਾਣੀ ਦੇ 328 ਸਰੂਪਾਂ ਦੇ ਮਾਮਲੇ ਵਿਚ ਜੋ ਕੜ੍ਹੀ ਘੋਲੀ ਜਾ ਰਹੀ ਹੈ, ਉਸਨੂੰ ਜਿੰਨਾ ਵੀ ਨਿੰਦਿਆ ਜਾਵੇ, ਘੱਟ ਹੈ। ਪਰਮਾਤਮਾ ਇਨ੍ਹਾਂ ਨੂੰ ਸੁਮਤਿ ਬਖਸ਼ੇ, ਤਾਂ ਜੋ ਐਨੇ ਜ਼ਿੰਮੇਵਾਰ, ਅਹਿਮ ਅਤੇ ਪੰਥਕ ਅਹੁਦਿਆਂ 'ਤੇ ਬੈਠਿਆਂ ਦੀ ਸੌਂ ਚੁੱਕੀ ਜ਼ਮੀਰ ਜਾਗ ਪਵੇ।

# ਖੁੱਲ੍ਹਾ ਖ਼ਤ ਮੁੱਖ ਮੰਤਰੀ ਪੰਜਾਬ ਦੇ ਨਾਮ

ਬਘੇਲ ਸਿੰਘ ਧਾਲੀਵਾਲ
99142-58142



ਸਤਿਕਾਰਯੋਗ ਭਗਵੰਤ ਸਿੰਘ ਮਾਨ ਸਾਹਿਬ,

ਸਿੱਖ ਕੌਮ ਤੁਹਾਡੇ ਸਾਹਮਣੇ ਅੱਜ ਇੱਕ ਫਰਿਆਦ ਲੈ ਕੇ ਖੜ੍ਹੀ ਹੈ। ਇਹ ਫ਼ਰਿਆਦ ਕੋਈ ਸਧਾਰਨ ਮੁੱਦਾ ਨਹੀਂ, ਨਾ ਹੀ ਇਹ ਵਿਰੋਧੀਆਂ ਨੂੰ ਚਿੱਤ ਕਰਨ ਵਾਲਾ ਕੋਈ ਸਿਆਸੀ ਪੈਂਤੜਾ, ਇਹ ਤਾਂ ਗੁਰੂ ਦੀ ਹੋਂਦ ਨੂੰ ਚੈਲਿੰਜ ਦਾ ਸਵਾਲ ਹੈ। ਇਹ ਸਿੱਖ ਦੀ ਰੂਹ ਨਾਲ ਜੁੜਿਆ ਹੋਇਆ ਮਸਲਾ ਹੈ ਸਿੱਖ ਦੀ ਆਸਥਾ ਸ਼ਰਧਾ ਨਾਲ ਜੁੜਿਆ ਹੋਇਆ ਹੈ। ਬੇਅਦਬੀਆਂ ਪਿਛਲੇ ਇੱਕ ਦਹਾਕੇ ਤੋਂ ਵੱਧ ਸਮੇ ਤੋਂ ਲਗਾਤਾਰ ਹੁੰਦੀਆਂ ਆ ਰਹੀਆਂ ਹਨ। ਹਰ ਵਾਰ ਜਦੋਂ ਕੋਈ ਘਟਨਾ ਵਾਪਰਦੀ ਹੈ, ਤਾਂ ਸਿੱਖ ਮਨਾਂ 'ਚ ਰੋਹ ਪੈਦਾ ਹੁੰਦਾ ਹੈ,ਅਜਿਹੇ ਦਰਦ ਵਿੱਚੋਂ ਹੀ ਸੰਘਰਸ਼ ਪੈਦਾ ਹੁੰਦੇ ਹਨ, ਮੋਰਚੇ ਲੱਗਦੇ ਹਨ।ਜਿਵੇਂ ਇਨਸਾਫ ਲਈ ਲੱਗਿਆ ਮੋਰਚਾ ਮੋਹਾਲੀ ਅਤੇ ਟਾਵਰ ਮੋਰਚਾ ਸਮਾਣਾ ਵੀ ਇਸ ਦਿਲ ਦੀ ਟੀਸ 'ਚੋਂ ਪੈਦਾ ਹੋਇਆ ਮੋਰਚਾ ਹੈ, ਇਹ ਮੋਰਚੇ ਸਮੁੱਚੀ ਕੌਮ ਦੀ ਤਰਜਮਾਨੀ ਕਰਦੇ ਹਨ।ਇਸੇ ਸੰਦਰਭ ਵਿੱਚ ਤੁਹਾਡੀ ਸਰਕਾਰ ਵੱਲੋਂ ਬੇਅਦਬੀ ਵਿਰੋਧੀ ਕਾਨੂੰਨ ਬਣਾਉਣ ਦੀ ਗੱਲ ਕੀਤੀ ਜਾ ਰਹੀ ਹੈ। ਤੁਹਾਡੇ ਵੱਲੋਂ ਜਿਸ ਢੰਗ ਨਾਲ ਲੋਕਾਂ ਵਿੱਚ ਨਵੇਂ ਕਾਨੂੰਨ ਦੀ ਵਿਆਖਿਆ ਕੀਤੀ ਜਾ ਰਹੀ ਹੈ, ਉਹਨਾਂ ਭਾਸ਼ਨਾਂ ਨੂੰ ਸੁਣਕੇ ਪਹਿਲੀ ਨਜ਼ਰ ਵਿੱਚ ਇਹ ਕਦਮ ਲੋਕਾਂ ਦੀਆਂ ਭਾਵਨਾਵਾਂ ਦੇ ਹੱਕ ਵਿੱਚ ਲੱਗਦਾ ਹੈ। ਪਰ ਸੱਚ ਕਈ ਵਾਰ ਉਹ ਨਹੀਂ ਹੁੰਦਾ ਜੋ ਉੱਪਰੋਂ ਦਿਖਾਈ ਦਿੰਦਾ ਹੈ ਜਾਂ ਦਿਖਾਇਆ ਜਾ ਰਿਹਾ ਹੁੰਦਾ ਹੈ।ਅਜਿਹੇ ਕਾਨੂੰਨਾਂ ਦੇ ਪਿੱਛੇ ਦੀ ਮਣਸ਼ਾ ਬੇਹੱਦ ਖਤਰਨਾਕ ਹੋ ਸਕਦੀ ਹੈ,ਕਿਉਂਕਿ ਭਾਰਤੀ ਤੰਤਰ ਦਾ ਅੱਜ ਤੱਕ ਦਾ ਖਾਸਾ ਸਿੱਖ ਵਿਰੋਧੀ ਰਿਹਾ ਹੈ। ਇਸ ਲਈ ਤੁਸੀ ਅਜਿਹਾ ਕੋਈ ਵੀ ਕਾਨੂੰਨ ਬਣਾ ਹੀ ਨਹੀਂ ਸਕਦੇ ਜਿਹੜਾ ਪੂਰਨ ਰੂਪ 'ਚ ਕੌਮ ਦੇ ਪੱਖ ਪੂਰਦਾ ਹੋਵੇ। ਮਾਨ ਸਾਹਿਬ ! ਗੱਲ ਬਿਲਕੁਲ ਸਾਫ਼ ਅਤੇ ਸਿੱਧੀ ਹੈ ਕਿ ਗੁਰੂ ਗ੍ਰੰਥ ਸਾਹਿਬ ਨੂੰ ਕਾਨੂੰਨ ਵਿੱਚ ਬੰਨ੍ਹਣਾ, ਉਸਦੀ ਅਸਲੀਅਤ ਨੂੰ ਘਟਾਉਣਾ ਹੈ। ਗੁਰੂ ਸਿੱਖਾਂ ਲਈ ਕੋਈ ਪਦਾਰਥ ਨਹੀਂ, ਕੋਈ ਕਿਤਾਬ ਨਹੀਂ, ਕੋਈ ਕਾਨੂੰਨੀ ਇਕਾਈ ਨਹੀਂ। ਉਹ ਜੀਵੰਤ ਸਿਧਾਂਤ ਹੈ, ਉਹ ਸਿੱਖ ਦਾ ਮਾਰਗ ਦਰਸ਼ਕ ਹੈ, ਉਹ ਸਿੱਖ ਅੰਦਰ ਦੀ ਰੋਸ਼ਨੀ ਹੈ,ਉਹ ਸਦੀਵੀਂ ਗੁਰੂ ਹੈ।ਜਦੋਂ ਤੁਹਾਡੀ ਸਰਕਾਰ ਇਹ ਕਨੂੰਨ ਬਣਾਵੇਗੀ ਤਾਂ ਜੁਗੋ ਜੁਗ ਅਟੱਲ ਧੰਨ ਸ੍ਰੀ ਗੁਰੂ ਗਰੰਥ ਸਾਹਿਬ ਨੂੰ ਕਾਨੂੰਨ ਦੇ ਦਾਇਰੇ ਅੰਦਰ ਲੈ ਕੇ ਆਉਣ ਦੀ ਪ੍ਰਕਿਰਿਆ ਦਾ ਮੁੱਢ ਬੱਝ ਜਾਵੇਗਾ, ਜਿਸਨੂੰ ਸਿੱਖ ਭਾਵਨਵਾਂ ਕਦੇ ਵੀ ਬਰਦਾਸ਼ਤ ਨਹੀਂ ਕਰਨਗੀਆਂ। ਜਦੋਂ ਇਹ ਕਾਨੂੰਨ ਬਣ ਜਾਵੇਗਾ ਫਿਰ ਅਦਾਲਤਾਂ ਵਿੱਚ ਇਸ 'ਤੇ ਬਹਿਸ ਹੋਵੇਗੀ,ਕਿ ਕੀ ਬੇਅਦਬੀ ਹੋਈ ਜਾਂ ਨਹੀਂ, ਕਿੰਨੀ ਹੋਈ, ਕਿਵੇਂ ਹੋਈ, ਕਿਹੜੇ ਅੰਗ ਦੀ ਹੋਈ ਜਾਂ ਜਿਲਦ ਫਾੜੀ ਗਈ ਆਦਿ ਬੇਹੂਦਾ ਕਾਨੂੰਨੀ ਪੇਚੀਦਗੀਆਂ ਧੰਨ ਸ੍ਰੀ ਗੁਰੂ ਗਰੰਥ ਸਾਹਿਬ ਜੀ ਦਾ ਮਜ਼ਾਕ ਉਡਾਉਣਗੀਆਂ।ਸਿੱਖ ਸੱਭਿਆਚਾਰ, ਸਿੱਖ ਸਿਧਾਂਤਾਂ ਅਤੇ ਸਿੱਖ ਵਿਚਾਰਧਾਰਾ ਤੋਂ ਅਸਲੋਂ ਕੋਰੇ ਜੱਜ ਅਤੇ ਵਕੀਲ ਇਸ ਦੀ ਵਿਆਖਿਆ ਕਰਨਗੇ। ਕੀ ਤੁਸੀਂ ਸੋਚ ਸਕਦੇ ਹੋ ਕਿ ਕੱਲ੍ਹ ਨੂੰ ਇੱਕ ਅਦਾਲਤ ਇਹ ਤੈਅ ਕਰੇ ਕਿ ਗੁਰੂ ਦੇ ਕਿਸ ਅੰਗ ਦੀ ਬੇਅਦਬੀ ਹੋਈ ਅਤੇ ਕਿਸ ਦੀ ਨਹੀਂ? ਕੀ ਇਹ ਉਸ ਰੂਹਾਨੀ ਫਲਸਫੇ ਦੀ ਤੌਹੀਨ ਨਹੀ ਹੋਵੇਗੀ ? ਸਿੱਖਾਂ ਦੇ ਧਾਰਮਿਕ ਮਸਲਿਆਂ ਨੂੰ ਨਜਿੱਠਣ ਲਈ ਮੀਰੀ ਪੀਰੀ ਦੇ ਸਿਧਾਂਤਕਾਰ ਸਾਹਿਬ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਸਿੱਖਾਂ ਲਈ ਸਰਬ ਉੱਚ ਰੂਹਾਨੀ ਸੰਸਥਾ ਸਥਾਪਤ ਕੀਤੀ ਹੈ, ਇਸ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਸਿੱਖ ਕੌਮ ਲਈ ਸਰਬ ਉੱਚ ਹੈ, ਇਸ ਦੇ ਮੁਕਾਬਲੇ ਦੀ ਗੁਸਤਾਖੀ ਤੁਹਾਨੂੰ ਉਹਨਾਂ ਲੋਕਾਂ ਦੀ ਕਤਾਰ ਵਿੱਚ ਖੜਾ ਕਰ ਦੇਵੇਗੀ, ਜਿਹੜੇ ਸਦੀਵੀਂ ਕਾਲ ਤੱਕ ਦੇ ਇਤਿਹਾਸ ਵਿੱਚ ਕੌਮ ਦੀ ਨਫਰਤ ਦੇ ਪਾਤਰ ਰਹਿਣਗੇ। ਮੰਨਿਆ ਕਿ ਸ੍ਰੀ ਅਕਾਲ ਤਖਤ ਸਾਹਿਬ ਵਰਗੀ ਮਹਾਨ ਸੰਸਥਾ ਨੂੰ ਪਹਿਲਾਂ ਹੀ ਭਾਰਤੀ ਤਾਕਤਾਂ ਨੇ ਕਮਜ਼ੋਰ ਕਰਨ ਦੇ ਕੋਈ ਵੀ ਮੌਕੇ ਖੁੰਜਣ ਨਹੀ ਦਿੱਤੇ ਜਾ ਰਹੇ,ਪਰ ਇਸ ਦੇ ਬਾਵਜੂਦ ਵੀ ਇਸ ਮਹਾਨ ਸੰਸਥਾ ਦੀ ਆਪਣੀ ਮਰਯਾਦਾ ਅਤੇ ਸਿਧਾਂਤ ਹਨ। ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਵਿੱਚ ਲੱਖ ਕਮੀਆਂ ਹੋਣ ਦੇ ਬਾਵਜੂਦ ਵੀ ਸਿੱਖ ਕੌਮ ਸ੍ਰੀ ਅਕਾਲ ਤਖਤ ਸਾਹਿਬ ਨੂੰ ਸਮਰਪਿਤ ਹੈ।ਇੱਥੋਂ ਦੇ ਸਿਧਾਂਤ ਤੋਂ ਮੁਨਕਰ ਹੋਣਾ ਸਿੱਖ ਲਈ ਮਰਨ ਬਰਾਬਰ ਹੈ। ਇਸ ਲਈ ਇੱਥੇ ਹੋਣ ਵਾਲੇ ਫੈਸਲੇ ਸਿਰ ਮੱਥੇ ਹੁੰਦੇ ਹਨ।ਸਿੱਖਾਂ ਦੀ ਇਹ ਮੁੱਢ ਕਾਲ ਤੋਂ ਪਰੰਪਰਾ ਰਹੀ ਹੈ ਕਿ ਸਿੱਖਾਂ ਦੇ ਧਾਰਮਿਕ ਮਸਲਿਆਂ ਦੇ ਫੈਸਲੇ ਇੱਥੋਂ ਦੀ ਮਰਿਯਾਦਾ ਅਧੀਨ ਹੀ ਹੁੰਦੇ ਹਨ। ਜੇ ਕਨੂੰਨ ਦੇ ਜ਼ਰੀਏ ਇਹ ਅਧਿਕਾਰ ਅਦਾਲਤਾਂ ਵੱਲ ਤਬਦੀਲ ਹੋ ਗਿਆ, ਤਾਂ ਫਿਰ ਅਕਾਲ ਤਖ਼ਤ ਦੀ ਅਹਿਮੀਅਤ ਕਿੱਥੇ ਰਹਿ ਜਾਵੇਗੀ ? ਇਹ ਹੀ ਤਾਂ ਕੌਮ ਦੀ ਵਿਲੱਖਣਤਾ ਹੈ, ਜਿਸ ਨੂੰ ਢਾਹ ਲਾਉਣ ਲਈ ਲੰਮੇ ਸਮੇਂ ਤੋਂ ਕੋਸ਼ਿਸ਼ਾਂ ਹੋ ਰਹੀਆਂ ਹਨ।ਪਰ ਇਹ ਸੱਚ ਵੀ ਹੈ, ਕਿ ਬੇਅਦਬੀ ਦੇ ਮਾਮਲੇ ਸਿਰਫ਼ ਕਾਨੂੰਨ ਦੀ ਕਮੀ ਕਰਕੇ ਨਹੀਂ ਹੋ ਰਹੇ। ਬਲਕਿ ਪ੍ਰਬੰਧ ਦੀ ਕਮੀ ਕਰਕੇ ਵੀ ਹੋ ਰਹੇ ਹਨ। ਜਿੱਥੇ ਨਿਗਰਾਨੀ ਕਮਜ਼ੋਰ ਹੁੰਦੀ ਹੈ, ਓਥੇ ਇਹ ਘਟਨਾਵਾਂ ਵਾਪਰਦੀਆਂ ਹਨ । ਜਿੱਥੇ ਸੰਗਤ ਜਾਗਦੀ ਹੈ, ਓਥੇ ਕੋਈ ਹਿੰਮਤ ਨਹੀਂ ਕਰ ਸਕਦਾ। ਮੁੱਖ ਮੰਤਰੀ ਜੀ, ਜੇ ਤੁਸੀਂ ਸੱਚਮੁੱਚ ਇਸ ਮਸਲੇ ਦਾ ਹੱਲ ਚਾਹੁੰਦੇ ਹੋ, ਤਾਂ ਕਾਨੂੰਨ ਬਣਾਉਣ ਤੋਂ ਪਹਿਲਾਂ ਬਤੌਰ ਸਿੱਖ ਇਹ ਸਵਾਲ ਦਾ ਜਵਾਬ ਲੱਭੋ,ਅਜੇ ਤੱਕ ਜਿਹੜੀਆਂ ਘਟਨਾਵਾਂ ਵਾਪਰੀਆਂ, ਉਹਨਾਂ ਦੇ ਦੋਸ਼ੀ ਫੜੇ ਕਿਉਂ ਨਹੀਂ ਗਏ ? ਕੀ ਉਹਨਾਂ ਲਈ ਕਾਨੂੰਨ ਨਹੀਂ ਸੀ ? ਜਾਂ ਉਹਨਾਂ 'ਤੇ ਲੱਗੀਆਂ ਧਾਰਾਵਾਂ ਸਜ਼ਾ ਦਿਵਾਉਣ ਦੇ ਸਮਰੱਥ ਨਹੀ ਹਨ ? ਜਦੋਂ ਕਤਲ ਵਰਗੀਆਂ ਸਖਤ ਧਰਾਵਾਂ ਜਿਨ੍ਹਾਂ ਦੀ ਸਜ਼ਾ ਉਮਰ ਕੈਦ ਅਤੇ ਫਾਂਸੀ ਤੱਕ ਹੋ ਸਕਦੀ ਹੈ, ਲੱਗੀਆਂ ਹੋਣ ਦੇ ਬਾਵਜੂਦ ਬੇਅਦਬੀਆਂ ਦੇ ਦੋਸ਼ੀ ਮਹਿਫੂਜ਼ ਰਹਿ ਸਕਦੇ ਹਨ, ਫਿਰ ਤੁਹਾਡਾ ਨਵਾਂ ਕਾਨੂੰਨ ਜਿਸ ਦੇ ਵਿੱਚ ਤੁਸੀ ਦਾਅਵਾ ਹੀ 10 ਸਾਲ ਦੀ ਸਜ਼ਾ ਦਾ ਕਰ ਰਹੇ ਹੋ ਕੀ ਇਨਸਾਫ ਦੇ ਸਕਦਾ ਹੈ ? ਮਾਨ ਸਾਹਬ !ਤੁਹਾਡੀ ਨਵੇਂ ਕਾਨੂੰਨ ਬਣਾਉਣ ਨਾਲੋਂ ਵੱਡੀ ਜ਼ਿੰਮੇਵਾਰੀ ਹੈ ਮੌਜੂਦਾ ਕਾਨੂੰਨਾਂ ਨੂੰ ਲਾਗੂ ਕਰਨਾ। ਜੇ ਦੋਸ਼ੀ ਫੜੇ ਜਾਣ ਅਤੇ ਸਜ਼ਾ ਮਿਲੇ, ਤਾਂ ਡਰ ਆਪਣੇ ਆਪ ਬਣਦਾ ਹੈ। ਪਰ ਜੇ ਦੋਸ਼ੀ ਬਚ ਜਾਂਦੇ ਹਨ, ਤਾਂ ਕਾਨੂੰਨ ਅਪਾਹਜ ਹੋਕੇ ਰਹਿ ਜਾਂਦਾ ਹੈ।ਇਸ ਮਸਲੇ ਨੂੰ ਇੱਕ ਹੋਰ ਢੰਗ ਨਾਲ ਵੀ ਦੇਖਣ ਦੀ ਲੋੜ ਹੈ। ਕਾਨੂੰਨ ਦਾ ਕੇਂਦਰ ਗੁਰੂ ਨਹੀਂ, ਅਪਰਾਧੀ ਹੋਣਾ ਚਾਹੀਦਾ ਹੈ। ਬੇਅਦਬੀ ਕਾਨੂੰਨ ਦੇ ਨਾਂ 'ਤੇ ਗੁਰੂ ਨੂੰ ਕਾਨੂੰਨੀ ਪਰਿਭਾਸ਼ਾ ਵਿੱਚ ਲਿਆਉਣਾ ਇੱਕ ਵੱਡੀ ਗਲਤੀ ਹੋਵੇਗੀ। ਇਸਦੀ ਬਜਾਏ ਇਸਨੂੰ ਨਫ਼ਰਤੀ ਅਪਰਾਧ ਦੇ ਤਹਿਤ ਲਿਆ ਜਾਵੇ, ਜਿੱਥੇ ਸਜ਼ਾ ਉਸ ਮਨਸੂਬੇ ਨੂੰ ਮਿਲੇ ਜੋ ਸਮਾਜ ਵਿੱਚ ਫ਼ੁੱਟ ਪੈਦਾ ਕਰਦਾ ਹੈ।ਇਸ ਨਾਲ ਗੁਰੂ ਗਰੰਥ ਅਤੇ ਪੰਥ ਦੀ ਆਨ ਸ਼ਾਨ ਵੀ ਕਾਇਮ ਰਹੇਗੀ ਅਤੇ ਕਾਨੂੰਨ ਵੀ ਆਪਣਾ ਕੰਮ ਕਰੇਗਾ।ਇਸਦੇ ਨਾਲ ਨਾਲ, ਕਾਨੂੰਨ ਵਿੱਚ ਇਹ ਸਪੱਸ਼ਟ ਲਿਖਿਆ ਜਾਣਾ ਚਾਹੀਦਾ ਹੈ ਕਿ ਗੁਰੂ ਦੀ ਮਰਯਾਦਾ ਦਾ ਫ਼ੈਸਲਾ ਸਿਰਫ਼ ਪੰਥਕ ਸੰਸਥਾਵਾਂ ਕਰ ਸਕਦੀਆਂ ਹਨ, ਨਾ ਕਿ ਅਦਾਲਤਾਂ। ਇਹ ਲਕੀਰ ਖਿੱਚਣੀ ਬਹੁਤ ਜ਼ਰੂਰੀ ਹੈ, ਨਹੀਂ ਤਾਂ ਕੱਲ੍ਹ ਨੂੰ ਇਹ ਲਕੀਰ ਮਿਟ ਜਾਵੇਗੀ।ਮੁੱਖ ਮੰਤਰੀ ਸਾਹਿਬ ! ਇਸ ਮਸਲੇ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਭੂਮਿਕਾ ਵੀ ਬਹੁਤ ਮਹੱਤਵਪੂਰਨ ਹੈ। ਇਹ ਸਿਰਫ਼ ਇੱਕ ਪ੍ਰਬੰਧਕ ਸੰਸਥਾ ਨਹੀਂ, ਇਹ ਪੰਥ ਦੀ ਰਹਿਨੁਮਾਈ ਕਰਨ ਵਾਲੀ ਜਮਾਤ ਹੈ। ਇਸ ਨੂੰ ਕਾਨੂੰਨ ਦੀ ਮੰਗ ਕਰਨ ਦੀ ਬਜਾਏ, ਸੰਗਤ ਨੂੰ ਜਾਗਰੂਕ ਕਰਨ ਦੀ ਲੋੜ ਹੈ।ਹਰ ਪਿੰਡ ਵਿੱਚ ਗੁਰਦੁਆਰਾ ਇੱਕ ਚੇਤੰਨਤਾ ਦਾ ਕੇਂਦਰ ਹੀ ਨਹੀਂ ਲੋੜ ਪੈਣ 'ਤੇ ਕਿਲਾ ਵੀ ਬਣ ਸਕਦਾ ਹੈ। ਜੇ ਸੰਗਤ ਖੁਦ ਸੁਚੇਤ ਹੋ ਜਾਵੇ, ਤਾਂ ਕੋਈ ਬਾਹਰੀ ਤਾਕਤ ਬੇਅਦਬੀ ਕਰਨ ਦੀ ਹਿੰਮਤ ਨਹੀਂ ਕਰੇਗੀ। ਇਹ ਸਮਾਂ ਬਹੁਤ ਨਾਜ਼ੁਕ ਹੈ। ਇੱਕ ਗਲਤ ਫ਼ੈਸਲਾ ਸਿਰਫ਼ ਇੱਕ ਕਾਨੂੰਨ ਨਹੀਂ ਬਣਾਏਗਾ, ਇਹ ਇੱਕ ਅਜਿਹਾ ਰਸਤਾ ਖੋਲ੍ਹੇਗਾ ਜਿੱਥੋਂ ਗਰੰਥ ਅਤੇ ਪੰਥ ਦੀ ਸੁਤੰਤਰਤਾ ਖਤਰੇ ਵਿੱਚ ਪੈ ਜਾਵੇਗੀ। ਇਸ ਲਈ ਇਹ ਖੁੱਲ੍ਹਾ ਖ਼ਤ ਸਿਰਫ਼ ਇੱਕ ਅਪੀਲ ਨਹੀਂ, ਇੱਕ ਚੇਤਾਵਨੀ ਵੀ ਹੈ,ਕਿ ਤੁਸੀ ਬਤੌਰ ਸਿੱਖ ਬਹੁਤ ਸਾਵਧਾਨੀ ਨਾਲ ਕਦਮ ਚੁੱਕੋ। ਲੋਕਾਂ ਦੀਆਂ ਭਾਵਨਾਵਾਂ ਦਾ ਆਦਰ ਕਰੋ, ਪਰ ਉਸ ਰਾਹ 'ਤੇ ਭੁੱਲ ਕੇ ਵੀ ਨਾ ਜਾਓ ਜਿੱਥੇ ਗੁਰੂ ਦੀ ਮਾਣ ਮਰਿਯਾਦਾ ਨੂੰ ਨੁਕਸਾਨ ਪਹੁੰਚੇ।ਸਰਕਾਰ ਦਾ ਕੰਮ ਗੁਰੂ ਦੀ ਰੱਖਿਆ ਕਰਨਾ ਨਹੀਂ, ਲੋਕਾਂ ਨੂੰ ਨਿਆਂ ਦੇਣਾ ਹੈ। ਦੋਸ਼ੀਆਂ ਨੂੰ ਫੜਨਾ ਹੈ, ਸਜ਼ਾ ਦੇਣੀ ਹੈ, ਅਤੇ ਇਹ ਯਕੀਨੀ ਬਣਾਉਣਾ ਹੈ ਕਿ ਅਜਿਹੀਆਂ ਘਟਨਾਵਾਂ ਦੁਹਰਾਈਆਂ ਨਾ ਜਾਣ।ਬਾਕੀ ਕੰਮ ਕੌਮ ਦਾ ਹੈ ਅਤੇ ਕੌਮ ਆਪਣੇ ਗੁਰੂ ਦੀ ਸੰਭਾਲ ਕਰਨ ਵਿੱਚ ਸਮਰੱਥ ਵੀ ਹੈ। ਮਾਨ ਸਾਹਿਬ !

ਇਹ ਤਾਕਤਾਂ ਆਉਂਦੀਆਂ ਜਾਂਦੀਆਂ ਰਹਿੰਦੀਆਂ ਹਨ।ਇੱਥੇ ਕੁੱਝ ਵੀ ਸਥਿਰ ਰਹਿਣ ਵਾਲਾ ਨਹੀ, ਨਾ ਹੀ ਤੁਸੀਂ ਅਤੇ ਨਾ ਹੀ ਤੁਹਾਡੀ ਰਾਜਸੀ ਤਾਕਤ, ਇਸ ਲਈ ਤੁਸੀ ਗੁਰੂ ਦੀ ਅਥਾਰਟੀ ਲਈ ਚੈਲਿੰਜ ਸਾਬਤ ਹੋਣ ਵਾਲਾ ਕਾਨੂੰਨ ਬਣਾ ਕੇ ਆਪਣੀਆਂ ਨਸਲਾਂ ਨੂੰ ਕੌਮ ਦੀ ਨਫਰਤ ਦੇ ਪਾਤਰ ਬਨਾਉਣ ਦੀ ਗਲਤੀ ਨਾ ਕਰਿਓ। ਲਾਹਨਤਾਂ ਪੱਲੇ ਪਵਾਉਣ ਨਾਲੋਂ ਦੂਰਅੰਦੇਸ਼ੀ ਨਾਲ ਅਜਿਹਾ ਹੱਲ ਕੱਢੋ ਜਿਸ ਨਾਲ ਅਜਿਹੇ ਸੰਵੇਦਨਸ਼ੀਲ ਮਸਲਿਆਂ ਦਾ ਅੰਤ ਹੋ ਜਾਵੇ, ਪਰੰਤੂ ਇਹਦੇ ਲਈ ਤੁਹਾਨੂੰ ਜਿਗਰੇ ਤੋ ਕੰਮ ਲੈਣਾ ਹੋਵੇਗਾ। ਬੇਅਦਬੀਆਂ ਦੇ ਦੋਸ਼ੀਆਂ ਨੂੰ ਮਿਸਾਲੀ ਸਜ਼ਾਵਾਂ ਦੇ ਦਿਓ, ਤੁਹਾਨੂੰ ਕੌਮ ਯਾਦ ਰੱਖੇਗੀ। ਫ਼ੈਸਲਾ ਤੁਹਾਡੇ ਹੱਥ ਵਿੱਚ ਹੈ। ਵਾਹਿਗੁਰੂ ਤੁਹਾਨੂੰ ਇਨਸਾਫ ਦੇਣ ਦਾ ਹੌਸਲਾ ਹਿੰਮਤ ਬਖਸ਼ੇ। ਭੁੱਲ ਚੁੱਕ ਦੀ ਖਿਮਾ।




## ਕੇਂਦਰ ਸਰਕਾਰ ਪਾਕਿਸਤਾਨ ਜਾਣ ਵਾਲੇ ਯਾਤਰੂਆਂ ਤੋਂ ਦਾਖ਼ਲਾ ਫੀਸ ਵਸੂਲਣ ਦੇ ਫੈਸਲੇ ਵਿੱਚੋਂ ਸਿੱਖ ਸ਼ਰਧਾਲੂਆਂ ਨੂੰ ਰੱਖੇ ਬਾਹਰ : ਐਡ. ਧਾਮੀ



ਅੰਮ੍ਰਿਤਸਰ, 1 ਅਪ੍ਰੈਲ (ਗੁਰਦਿਆਲ ਸਿੰਘ) :ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਭਾਰਤ ਸਰਕਾਰ ਵੱਲੋਂ ਪਾਕਿਸਤਾਨ ਜਾਣ ਵਾਲੇ ਯਾਤਰੂਆਂ ਤੋਂ ਦਾਖ਼ਲਾ ਫੀਸ ਲਏ ਜਾਣ ਦੇ ਫੈਸਲੇ ’ਤੇ ਪ੍ਰਤੀਕਰਮ ਦਿੰਦਿਆਂ ਕਿਹਾ ਕਿ ਗੁਰਦੁਆਰਾ ਸਾਹਿਬਾਨ ਦੇ ਦਰਸ਼ਨਾਂ ਲਈ ਜਾਣ ਵਾਲੇ ਸ਼ਰਧਾਲੂਆਂ ਨੂੰ ਇਸ ਫੈਸਲੇ ਤੋਂ ਬਾਹਰ ਰੱਖਿਆ ਜਾਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਗੁਰਦੁਆਰਾ ਸਾਹਿਬਾਨ ਦੇ ਦਰਸ਼ਨਾਂ ਲਈ ਜਾਣਾ ਹਰ ਸਿੱਖ ਦੀ ਆਸਥਾ ਹੈ।ਸਰਕਾਰ ਵੱਲੋਂ ਕੀਤੇ ਅਜਿਹੇ ਫੈਸਲੇ ਨਾਲ ਗੁਰਧਾਮਾਂ ਦੇ ਦਰਸ਼ਨਾਂ ਲਈ ਜਾਣ ਵਾਲੇ ਸਿੱਖ ਸ਼ਰਧਾਲੂਆਂ ’ਤੇ ਵੀ ਅਸਰ ਪਵੇਗਾ। ਐਡਵੋਕੇਟ ਧਾਮੀ ਨੇ ਕਿਹਾ ਕਿ ਮਿਲੀ ਜਾਣਕਾਰੀ ਅਨੁਸਾਰ ਭਾਰਤ ਸਰਕਾਰ ਨੇ ਪਾਕਿਸਤਾਨ ਜਾਣ ਵਾਲੇ ਯਾਤਰੂਆਂ ਤੋਂ 200 ਰੁਪਏ ਜਾਣ ਅਤੇ 200 ਰੁਪਏ ਆਉਣ ਸਮੇਂ ਦਾਖ਼ਲਾ ਫੀਸ ਲੈਣ ਦਾ ਫੈਸਲਾ ਕੀਤਾ ਹੈ। ਉਨ੍ਹਾਂ ਕਿਹਾ ਕਿ ਦੇਸ਼ ਵੰਡ ਸਮੇਂ ਵਿੱਛੜ ਗਏ ਗੁਰਧਾਮਾਂ ਦੇ ਦਰਸ਼ਨਾਂ ਦੀ ਤਾਂਘ ਹਰ ਸਿੱਖ ਦੇ ਮਨ ਵਿਚ ਹਮੇਸ਼ਾ ਰਹਿੰਦੀ ਹੈ, ਜਿਸ ਲਈ ਸੰਗਤਾਂ ਅਰਦਾਸ ਕਰਦੀਆਂ ਹਨ। ਸੰਗਤ ਦੀਆਂ ਭਾਵਨਾਵਾਂ ਦੇ ਮੱਦੇਨਜ਼ਰ ਗੁਰਪੁਰਬ ਅਤੇ ਇਤਿਹਾਸਕ ਦਿਹਾੜਿਆਂ ਮੌਕੇ ਸ਼੍ਰੋਮਣੀ ਕਮੇਟੀ ਵੱਲੋਂ ਸਿੱਖ ਸ਼ਰਧਾਲੂਆਂ ਦੇ ਜਥੇ ਪਾਕਿਸਤਾਨ ਸਥਿਤ ਗੁਰਧਾਮਾਂ ਦੇ ਦਰਸ਼ਨਾਂ ਲਈ ਭੇਜੇ ਜਾਂਦੇ ਹਨ। ਗੁਰਦੁਆਰਾ ਸਾਹਿਬਾਨ ਦੇ ਦਰਸ਼ਨਾਂ ਲਈ ਜਾਣ ਵਾਲੇ ਸ਼ਰਧਾਲੂਆਂ ਤੋਂ ਦਾਖ਼ਲਾ ਫੀਸ ਵਸੂਲੇ ਜਾਣਾ ਕਿਸੇ ਵੀ ਤਰ੍ਹਾਂ ਜਾਇਜ਼ ਨਹੀਂ ਹੈ। ਐਡਵੋਕੇਟ ਧਾਮੀ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਪਾਕਿਸਤਾਨ ਦੇ ਦਰਸ਼ਨਾਂ ਲਈ ਜਾਣ ਵਾਲੇ ਸ਼ਰਧਾਲੂਆਂ ਤੋਂ ਪਾਕਿਸਤਾਨ ਸਰਕਾਰ ਵੱਲੋਂ ਲਈ ਜਾਂਦੀ 20 ਡਾਲਰ ਫੀਸ ਨੂੰ ਖ਼ਤਮ ਕੀਤੇ ਜਾਣ ਦੀ ਮੰਗ ਕਰਦੀ ਆ ਰਹੀ ਹੈ। ਹੁਣ ਭਾਰਤ ਸਰਕਾਰ ਵੱਲੋਂ ਕੀਤੇ ਗਏ ਨਵੇਂ ਫੈਸਲੇ ਨਾਲ ਸਿੱਖ ਸ਼ਰਧਾਲੂ ਪ੍ਰਭਾਵਿਤ ਹੋਣਗੇ। ਉਨ੍ਹਾਂ ਸਰਕਾਰ ਨੂੰ ਅਪੀਲ ਕੀਤੀ ਕਿ ਅਜਿਹਾ ਕੋਈ ਵੀ ਫੈਸਲਾ ਲਾਗੂ ਨਾ ਕੀਤਾ ਜਾਵੇ, ਜਿਸ ਨਾਲ ਸਿੱਖ ਸ਼ਰਧਾਲੂਆਂ ਦੀ ਆਸਥਾ ਨੂੰ ਸੱਟ ਵੱਜੇ। ਉਨ੍ਹਾਂ ਸਰਕਾਰ ਨੂੰ ਤਾਜ਼ਾ ਫੈਸਲਾ ਤੁਰੰਤ ਵਾਪਸ ਲੈਣ ਦੀ ਅਪੀਲ ਵੀ ਕੀਤੀ।

## ਹਾੜ੍ਹੀ ਸੀਜਨ ਦੌਰਾਨ ਕਣਕ ਦੀ ਸਰਕਾਰੀ ਖ਼ਰੀਦ ਅੱਜ ਤੋਂ ਸ਼ੁਰੂ

### ਦਾਣਾ ਮੰਡੀ ਰਈਆ, ਸਠਿਆਲਾ, ਬੁਤਾਲਾ, ਕਾਲੇਕੇ ਅਤੇ ਖਲਚੀਆਂ ਦੇ ਪ੍ਰਬੰਧ ਮੁਕੰਮਲ : ਚੇਅਰਮੈਨ ਕੰਗ



ਬਾਬਾ ਬਕਾਲਾ ਸਾਹਿਬ, 1 ਅਪ੍ਰੈਲ (ਬਲਰਾਜ ਸਿੰਘ ਰਾਜਾ): ਅੱਜ ਚੇਅਰਮੈਨ ਸਰਜੀਤ ਸਿੰਘ ਕੰਗ ਨੇ ਪ੍ਰੈੱਸ ਬਿਆਨ ਰਾਹੀਂ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਦਾਣਾ ਮੰਡੀ ਰਈਆ ਵਿੱਚ ਮਾਰਕੀਟ ਕਮੇਟੀ ਵੱਲੋਂ ਸਫਾਈ, ਬਿਜਲੀ, ਪਾਣੀ, ਛਾਂ, ਟੌਇਲਟ ਬਾਥਰੂਮ ਆਦਿ ਦੇ ਪ੍ਰਬੰਧ ਮੁਕੰਮਲ ਕਰ ਲਏ ਗਏ ਹਨ। ਇਸ ਮੌਕੇ ਚੇਅਰਮੈਨ ਸੁਰਜੀਤ ਸਿੰਘ ਕੰਗ ਨੇ ਕਿਹਾ ਕਿ ਸਮੂਹ ਆੜ੍ਹਤੀਆ ਸਾਹਿਬਾਨ ਮਾਰਕੀਟ ਕਮੇਟੀ ਅਤੇ ਸਰਕਾਰ ਦੀਆਂ ਹਦਾਇਤਾਂ ਦੀ ਇਨ ਬਿਨ ਪਾਲਣਾ ਜ਼ਰੂਰ ਕਰਨ, ਮੰਡੀ ਵਿੱਚ ਵੱਡਾ ਕੰਡਾ ਕਰਵਾਉਣ ਦੀ ਆਗਿਆ ਨਹੀਂ ਹੈ। ਫ਼ਸਲ ਨੂੰ ਪੱਖਾ ਲਾਗਾਉਣਾ ਲਾਜ਼ਮੀ ਹੋਵੇਗਾ ਅਤੇ ਆਪਣੇ ਕੰਡੇ ਵੱਟੇ ਚੈੱਕ ਕਰਵਾ ਕੇ ਆਪਣੀਆਂ ਪਰਚੀਆਂ ਮਾਰਕੀਟ ਕਮੇਟੀ ਦਫਤਰ ਸਮੇਂ ਸਿਰ ਪਹੁੰਚਾਉਣ, ਮੰਡੀ ਤੋਂ ਬਾਹਰ ਕੋਈ ਵੀ ਫੜ ਨਹੀਂ ਲੱਗੇਗਾ ਅਤੇ ਆੜ੍ਹਤੀਆਂ ਦਾ ਪੋਰਟਲ ’ਤੇ ਰਜਿਸਟਰ ਹੋਣਾ ਲਾਜ਼ਮੀ ਹੋਵੇਗਾ ਅਤੇ ਸਾਰੀਆਂ ਹੀ ਜਿੰਨਸਾਂ ਦੀ ਖਰੀਦ/ ਵੇਚ ਸਮੇਤ ਪ੍ਰਾਈਵੇਟ ਖਰੀਦ ਲੈਂਡ ਮੈਪਿੰਗ ਪੋਰਟਲ ਰਾਹੀਂ ਹੋਵੇਗੀ। ਇਸ ਸਬੰਧੀ ਸਮੂਹ ਆੜ੍ਹਤੀਆਂ ਨੂੰ ਸਖ਼ਤੀ ਨਾਲ ਸੂਚਿਤ ਕੀਤਾ ਜਾਵੇਗਾ, ਜਿਨ੍ਹਾਂ ਲਾਇਸੈਂਸੀ ਫਰਮਾਂ ਵਿਰੁੱਧ ਕਿਸੇ ਕਿਸਮ ਦਾ ਬਕਾਇਆ ਜਿਵੇਂ ਕਿ ਮਾਰਕੀਟ ਫੀਸ, ਪਾਣੀ/ ਸੀਵਰੇਜ ਬਿੱਲ ਫਰਮ ਵੱਲੋਂ ਪੰਜਾਬ ਮੰਡੀ ਬੋਰਡ ਮਾਰਕੀਟ ਕਮੇਟੀ ਦੀ ਜਗ੍ਹਾ ਜਾਂ ਮੰਡੀ ਵਿੱਚ ਕਿਸੇ ਦਾ ਕੋਈ ਨਜਾਇਜ਼ ਕਬਜ਼ਾ ਕੀਤਾ ਗਿਆ ਹੋਵੇ ਉਹਨਾਂ ਨੂੰ ਡਿਫਾਲਟਰ ਮੰਨਦੇ ਹੋਏ ਪੰਜਾਬ ਰਾਜ ਖੇਤੀਬਾੜੀ ਉਪਜ ਮੰਡੀਆਂ ਐਕਟ 1961 ਦੇ ਉਪਬੰਦਾ ਅਨੁਸਾਰ ਲਾਈਸੈਂਸ ਵਿਰੁੱਧ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ। ਜੇਕਰ ਫਿਰ ਵੀ ਲਾਈਸੈਂਸ ਹੀ ਫਰਮ ਵੱਲੋਂ ਆਪਣਾ ਬਕਾਇਆ ਕਲੀਅਰ ਨਹੀਂ ਕੀਤਾ ਜਾਂਦਾ ਜਾਂ ਨਜਾਇਜ਼ ਕਬਜ਼ਾ ਨਹੀਂ ਹਟਾਇਆ ਜਾਂਦਾ ਤਾਂ ਉਸ ਫਰਮ ਦਾ ਲਾਈਸੈਂਸ ਰੱਦ ਕਰਨ ਲਈ ਕੇਸ ਮੁੱਖ ਦਫਤਰ ਵਿਖੇ ਭੇਜਿਆ ਜਾਵੇਗਾ। ਜਿਨ੍ਹਾਂ ਆੜ੍ਹਤੀਆਂ ਫਰਮਾਂ ਪਾਸ ਕਿਸੇ ਤਰ੍ਹਾਂ ਦੀ ਕੋਟ ਕੇਸ ਅਧੀਨ ਮਾਰਕੀਟ ਫੀਸ ਆਦੀ ਰਿਕਵਰੀ ਦਾ ਕਿਸੇ ਵੀ ਤਰਾਂ ਦਾ ਕੋਟ ਕੇਸ ਵਿਚਾਰ ਅਧੀਨ ਹੈ, ਉਸ ਸਬੰਧੀ ਸਪੱਸ਼ਟ ਕੀਤਾ ਜਾਂਦਾ ਹੈ ਕਿ ਕੋਟ ਕੇਸ ਸਟੇ ਅਧੀਨ ਫਰਮਾਂ ਨੂੰ ਉਹਨਾਂ ਦੀ ਕੇਸ ਵਿਚਾਰ ਅਧੀਨ ਹੋਣ ਕਾਰਨ ਡਿਫਾਲਟਰ ਮੰਨਿਆ ਜਾਵੇਗਾ, ਲਾਈਸੈਂਸ ਰਿਨਿਊ ਕਰਾਉਣ ਲਈ ਲੜੀਂਦੇ ਆਦੇਸ਼ ਸਬੰਧਤ ਸਕੱਤਰ ਮਾਰਕੀਟ ਕਮੇਟੀ ਵੱਲੋਂ ਜਾਰੀ ਕੀਤੇ ਜਾਣ ਕੇਵਲ ਵੈਲਿਡ ਲਾਈਸੈਂਸੀ ਫਰਮਾਂ ਨੂੰ ਹੀ ਖੇਤੀਬਾੜੀ ਜਿਨਸਾਂ ਦੀ ਖਰੀਦ /ਵੇਚ ਵਿੱਚ ਭਾਗ ਲੈਣ ਦਿੱਤਾ ਜਾਵੇਗਾ। ਚੇਅਰਮੈਨ ਸੁਰਜੀਤ ਸਿੰਘ ਕੰਗ ਨੇ ਕਿਹਾ ਕਿ ਇਹਨਾਂ ਹਦਾਇਤਾਂ ਨੂੰ ਯਕੀਨੀ ਬਣਾਇਆ ਜਾਵੇ ਤਾਂ ਜੋ ਮੰਡੀ ਦੇ ਪ੍ਰਬੰਧ ਸਹੀ ਤਰੀਕੇ ਨਾਲ ਚਲਾਏ ਜਾ ਸਕਣ। ਇਸ ਸਮੇਂ ਦੌਰਾਨ ਮੰਡੀ ਦੇ ਪ੍ਰਬੰਧਾਂ ਅਤੇ ਆੜ੍ਹਤੀਆਂ ਦੇ ਕੰਮਾਂ ਦੀ ਸੀਜਨ ਦੌਰਾਨ ਵਾਰ-ਵਾਰ ਚੈਕਿੰਗ ਕੀਤੀ ਜਾਵੇਗੀ, ਤਾਂ ਜੋ ਕਿਸਾਨਾਂ ਅਤੇ ਏਜੰਸੀਆਂ ਨੂੰ ਕਿਸੇ ਤਰ੍ਹਾਂ ਦਾ ਕੋਈ ਮੁਸ਼ਕਿਲ ਨਾ ਆਵੇ। ਇਸ ਮੌਕੇ ਉਹਨਾਂ ਨਾਲ ਮੰਡੀ ਪ੍ਰਧਾਨ ਪ੍ਰਿਤਪਾਲ ਸਿੰਘ ਪੱਡਾ, ਸਰਪ੍ਰਤ ਕੋਮਲ ਸਿੰਘ ਮਾਨ, ਪਿਆਰਾ ਸਿੰਘ ਸੇਖੋਂ, ਰਾਮ ਲੁਬਾਇਆ ਮੀਆਂ ਵਿੰਡ ਵਾਲੇ, ਰੱਜਣ ਸਿੰਘ, ਪਵਨਪ੍ਰੀਤ ਸਿੰਘ ਮਾਨ ਆਦਿ ਆਗੂ ਹਾਜ਼ਰ ਸਨ

## ਗੁਰਦੁਆਰਾ ਖੂਹ ਭਾਈ ਮੰਝ ਜੀ ਵਿਖੇ ਸਾਲਾਨਾ ਜੋੜ ਮੇਲੇ ਦੇ ਪ੍ਰਬੰਧ ਮੁਕੰਮਲ : ਬਾਬਾ ਸੁਖਵਿੰਦਰ ਸਿੰਘ ਭੂਰੀ ਵਾਲੇ



ਅੰਮ੍ਰਿਤਸਰ, 1 ਅਪ੍ਰੈਲ (ਬਬਲੂ ਮਹਾਜਨ) :ਸੰਤ ਬਾਬਾ ਕਸ਼ਮੀਰ ਸਿੰਘ ਜੀ ਭੂਰੀ ਵਾਲੇ ਅਤੇ ਬਾਬਾ ਸੁਖਵਿੰਦਰ ਸਿੰਘ ਜੀ ਦੇ ਪ੍ਰਬੰਧ ਅਧੀਨ ਸਥਾਨਕ ਇਤਿਹਾਸਿਕ ਗੁਰਦੁਆਰਾ ਖੂਹ ਭਾਈ ਮੰਝ ਜੀ ਵਿਖੇ ਹਰ ਸਾਲ ਦੀ ਤਰ੍ਹਾਂ ਇਸ ਵਰ੍ਹੇ ਵੀ 3 ਅਪ੍ਰੈਲ ਨੂੰ ਸਾਲਾਨਾ ਜੋੜ ਮੇਲਾ ਬੜੀ ਸ਼ਰਧਾ ਤੇ ਭਾਵਨਾ ਨਾਲ ਮਨਾਇਆ ਜਾਵੇਗਾ। ਇਸ ਸਬੰਧ ਵਿੱਚ ਅੱਜ ਅਖੰਡ ਪਾਠ ਸਾਹਿਬ ਦੀ ਆਰੰਭਤਾ ਕੀਤੀ ਗਈ ਹੈ। ਆਰੰਭਤਾ ਦੀ ਅਰਦਾਸ ਹੈੱਡ ਗ੍ਰੰਥੀ ਗਿਆਨੀ ਨਿਰਮਲ ਸਿੰਘ ਨੇ ਕੀਤੀ। ਇਸ ਮੌਕੇ ਬਾਬਾ ਸੁਖਵਿੰਦਰ ਸਿੰਘ ਜੀ, ਬਾਬਾ ਅਵਤਾਰ ਸਿੰਘ , ਬਾਬਾ ਕਰਨ ਸਿੰਘ, ਸੁਖਬੀਰ ਸਿੰਘ ਮਾਹਲ, ਸੁਖਵਿੰਦਰ ਸਿੰਘ ਮੈਨੇਜਰ, ਗਿਆਨੀ ਲਵਪ੍ਰੀਤ ਸਿੰਘ ਗ੍ਰੰਥੀ, ਸੁੱਚਾ ਸਿੰਘ, ਗੁਰਮੇਜ ਸਿੰਘ , ਸਤਨਾਮ ਸਿੰਘ, ਬੀਬੀ ਸਰਬਜੀਤ ਕੌਰ, ਮਨਜੀਤ ਸਿੰਘ , ਸ ਸੁਖਦੇਵ ਸਿੰਘ, ਸ ਨਿਰਮਲ ਸਿੰਘ, ਕੁਲਦੀਪ ਸਿੰਘ ਤੇ ਸ ਕੰਵਲਜੀਤ ਸਿੰਘ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਸੰਗਤਾਂ ਮੌਜੂਦ ਸਨ। ਇਸ ਸਬੰਧ ਵਿੱਚ ਜਾਣਕਾਰੀ ਦਿੰਦਿਆਂ ਬਾਬਾ ਸੁਖਵਿੰਦਰ ਸਿੰਘ ਜੀ ਨੇ ਦੱਸਿਆ ਕਿ 3 ਅਪ੍ਰੈਲ ਨੂੰ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਗੁਰਦੁਆਰਾ ਸਾਹਿਬ ਵਿਖੇ ਖੁੱਲ੍ਹੇ ਪੰਡਾਲ ਵਿੱਚ ਵਿਸ਼ਾਲ ਦੀਵਾਨ ਸਜਾਏ ਜਾਣਗੇ। ਜਿੱਥੇ ਨਾਮਵਾਰ ਵਿਦਵਾਨ, ਰਾਗੀ , ਢਾਡੀ ਤੇ ਕਵੀਸ਼ਰ ਜੱਥਿਆਂ ਵੱਲੋਂ ਗੁਰਮਤ ਵਿਚਾਰਾਂ, ਇਲਾਹੀ ਬਾਣੀ ਦਾ ਕੀਰਤਨ ਅਤੇ ਬੀਰ ਰਸੀ ਵਾਰਾਂ ਰਾਹੀਂ ਸੰਗਤਾਂ ਨੂੰ ਗੁਰੂ ਜਸ ਸੰਗਤਾਂ ਸਰਵਣ ਕਰਾਇਆ ਜਾਵੇਗਾ। ਇਸ ਸਬੰਧ ਵਿੱਚ ਸਾਰੇ ਪ੍ਰਬੰਧ ਮੁਕੰਮਲ ਕਰ ਲਏ ਗਏ ਹਨ।ਗੁਰਦੁਆਰਾ ਸਾਹਿਬ ਦੇ ਸਮੁੱਚੇ ਕੰਪਲੈਕਸ ਨੂੰ ਬਹੁਤ ਹੀ ਸੋਹਣੀ ਤਰ੍ਹਾਂ ਸਜਾਇਆ ਗਿਆ ਹੈ। ਚਾਰੇ ਪਾਸਿਓਂ ਰੰਗ-ਬਰੰਗੀਆਂ ਬਿਜਲਈ ਲਾਈਟਾਂ ਗੁਰਦੁਆਰਾ ਸਾਹਿਬ ਦੀ ਸ਼ੋਭਾ ਵਧਾ ਰਹੀਆਂ ਹਨ। ਸੰਗਤਾਂ ਦੇ ਬੈਠਣ ਤੇ ਲੰਗਰ ਦੇ ਵੱਡੇ ਪ੍ਰਬੰਧ ਕੀਤੇ ਗਏ ਹਨ।

## ਸ਼੍ਰੋਮਣੀ ਕਮੇਟੀ ਵੱਲੋਂ ਅੰਮ੍ਰਿਤਧਾਰੀ ਬੱਚਿਆਂ ਨੂੰ 2 ਕਰੋੜ 28 ਲੱਖ ਰੁਪਏ ਦੇ ਵਜੀਫੇ ਜਾਰੀ

### ਐਡਵੋਕੇਟ ਧਾਮੀ ਨੇ ਵਿੱਦਿਅਕ ਅਦਾਰਿਆਂ ਦੇ ਮੁਖੀਆਂ ਨੂੰ ਸੌਂਪੇ ਵਜੀਫਾ ਰਾਸ਼ੀ ਦੇ ਚੈੱਕ



ਅੰਮ੍ਰਿਤਸਰ, 1 ਅਪ੍ਰੈਲ- (ਗੁਰਦਿਆਲ ਸਿੰਘ): ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਵਿੱਦਿਅਕ ਅਦਾਰਿਆਂ ਵਿੱਚ ਪੜ੍ਹ ਰਹੇ ਅੰਮ੍ਰਿਤਧਾਰੀ ਵਿਦਿਆਰਥੀਆਂ ਨੂੰ ਧਰਮ ਪ੍ਰਚਾਰ ਕਮੇਟੀ ਵੱਲੋਂ ਸਾਲ 2025-26 ਲਈ 2 ਕਰੋੜ 28 ਲੱਖ 98 ਹਜ਼ਾਰ 500 ਰੁਪਏ ਦੀ ਵਜੀਫਾ ਰਾਸ਼ੀ ਦਿੱਤੀ ਗਈ ਹੈ। ਅੱਜ ਸ਼੍ਰੋਮਣੀ ਕਮੇਟੀ ਦਫ਼ਤਰ ਵਿਖੇ ਵਜੀਫ਼ਾ ਰਾਸ਼ੀ ਦੇ ਚੈੱਕ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਵਿੱਦਿਅਕ ਅਦਾਰਿਆਂ ਦੇ ਨੁਮਾਇੰਦਿਆਂ ਨੂੰ ਸੌਂਪੇ। ਇਸ ਮੌਕੇ ਐਡਵੋਕੇਟ ਧਾਮੀ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਸਿੱਖੀ ਦੇ ਪ੍ਰਚਾਰ ਪ੍ਰਸਾਰ ਲਈ ਹਮੇਸ਼ਾ ਕਾਰਜਸ਼ੀਲ ਰਹੀ ਹੈ। ਜਿੱਥੇ ਦੇਸ਼ ਭਰ ਅੰਦਰ ਗੁਰਮਤਿ ਸਮਾਗਮਾਂ ਰਾਹੀਂ ਸਿੱਖੀ ਪ੍ਰਚਾਰ ਕੀਤਾ ਜਾਂਦਾ ਹੈ, ਉੱਥੇ ਹੀ ਧਰਮ ਪ੍ਰਚਾਰ ਕਮੇਟੀ ਵੱਲੋਂ ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਹੇਠ ਚੱਲ ਰਹੇ ਵਿੱਦਿਅਕ ਅਦਾਰਿਆਂ ਦੇ ਅੰਮ੍ਰਿਤਧਾਰੀ ਵਿਦਿਆਰਥੀਆਂ ਲਈ ਵਜੀਫਾ ਰਾਸ਼ੀ ਦੀ ਯੋਜਨਾ ਵੀ ਚਲਾਈ ਜਾ ਰਹੀ ਹੈ। ਇਸ ਤਹਿਤ ਹਰ ਸਾਲ ਅੰਮ੍ਰਿਤਧਾਰੀ ਵਿਦਿਆਰਥੀਆਂ ਨੂੰ ਉਨ੍ਹਾਂ ਦੀਆਂ ਫੀਸਾਂ ਲਈ ਕਰੋੜਾਂ ਰੁਪਏ ਵਜੀਫੇ ਵਜੋਂ ਦਿੱਤੇ ਜਾਂਦੇ ਹਨ। ਇਸ ਵਾਰ 3743 ਅੰਮ੍ਰਿਤਧਾਰੀ ਵਿਦਿਆਰਥੀਆਂ ਨੂੰ 2 ਕਰੋੜ 28 ਲੱਖ 98 ਹਜ਼ਾਰ 500 ਰੁਪਏ ਦੀ ਰਾਸ਼ੀ ਵੰਡੀ ਗਈ ਹੈ। ਉਨ੍ਹਾਂ ਦੱਸਿਆ ਕਿ ਇਸ ਤੋਂ ਇਲਾਵਾ ਧਰਮ ਪ੍ਰਚਾਰ ਕਮੇਟੀ ਵੱਲੋਂ ਹਰ ਸਾਲ ਧਾਰਮਿਕ ਪ੍ਰੀਖਿਆ ਰਾਹੀਂ ਵੀ ਵਿਸ਼ੇਸ਼ ਤੌਰ ’ਤੇ ਵਜੀਫੇ ਦਿੱਤੇ ਜਾਂਦੇ ਹਨ। ਉਨ੍ਹਾਂ ਵਜੀਫਾ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਨੂੰ ਵਧਾਈ ਦਿੰਦਿਆਂ ਗੁਰਸਿੱਖੀ ਜੀਵਨ ਵਿਚ ਪ੍ਰਪੱਕ ਰਹਿਣ ਲਈ ਪ੍ਰੇਰਣਾ ਕੀਤੀ। ਉਨ੍ਹਾਂ ਸੰਗਤ ਨੂੰ ਵੀ ਅਪੀਲ ਕੀਤੀ ਕਿ ਉਹ ਆਪਣੇ ਬੱਚਿਆਂ ਨੂੰ ਬਾਣੀ ਅਤੇ ਬਾਣੇ ਨਾਲ ਜੋੜਨ, ਤਾਂ ਜੋ ਇਨ੍ਹਾਂ ਯੋਜਨਾਵਾਂ ਦਾ ਵੱਧ ਤੋਂ ਵੱਧ ਨੌਜੁਆਨ ਲਾਭ ਲੈ ਸਕਣ। ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਮੈਂਬਰ ਭਾਈ ਰਾਜਿੰਦਰ ਸਿੰਘ ਮਹਿਤਾ, ਓਐਸਡੀ ਸ. ਸਤਬੀਰ ਸਿੰਘ ਧਾਮੀ, ਸਕੱਤਰ ਸ. ਬਲਵਿੰਦਰ ਸਿੰਘ ਕਾਹਲਵਾਂ, ਇੰਜੀ: ਸੁਖਮਿੰਦਰ ਸਿੰਘ, ਸ. ਗੁਰਿੰਦਰ ਸਿੰਘ ਮਥਰੇਵਾਲ, ਨਿੱਜੀ ਸਕੱਤਰ ਸ. ਸ਼ਾਹਬਾਜ਼ ਸਿੰਘ, ਵਧੀਕ ਸਕੱਤਰ ਸ. ਬਿਜੈ ਸਿੰਘ, ਮੀਤ ਸਕੱਤਰ ਹਰਭਜਨ ਸਿੰਘ ਵਕਤਾ, ਸੁਖਬੀਰ ਸਿੰਘ, ਪ੍ਰਿੰਸੀਪਲ ਡਾ. ਕੁਲਵਿੰਦਰ ਸਿੰਘ, ਡਾ. ਗੁਰਜੀਤ ਸਿੰਘ, ਡਾ. ਰੁਪਿੰਦਰ ਸਿੰਘ, ਬੀਬੀ ਮਨਿੰਦਰਪਾਲ ਕੌਰ, ਸ੍ਰੀਮਤੀ ਮਮਤਾ, ਸੁਪ੍ਰਿੰਟੈਂਡੈਂਟ ਸ. ਨਿਸ਼ਾਨ ਸਿੰਘ, ਇੰਚਾਰਜ ਸ. ਜੋਗੇਸ਼ਵਰ ਸਿੰਘ, ਚੀਫ਼ ਅਕਾਊਂਟੈਂਟ ਸ. ਮਨਿੰਦਰਪਾਲ ਸਿੰਘ ਆਦਿ ਮੌਜੂਦ ਸਨ।

## ਸਰਕਾਰ ਦੇ ਨਵੇਂ ਆਈ.ਟੀ. ਨਿਯਮ ਲੋਕਾਂ ਦੀ ਆਵਾਜ਼ ਨੂੰ ਦਬਾਉਣ ਦੀ ਕੋਸ਼ਿਸ਼ : ਇਮਾਨ ਸਿੰਘ ਮਾਨ



ਅੰਮ੍ਰਿਤਸਰ, 1 ਅਪ੍ਰੈਲ (ਬਬਲੂ ਮਹਾਜਨ) : ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਕਾਰਜਕਾਰੀ ਪ੍ਰਧਾਨ ਇਮਾਨ ਸਿੰਘ ਮਾਨ ਨੇ ਸਰਕਾਰ ਵੱਲੋਂ ਸੁਝਾਏ ਗਏ ਨਵੇਂ ਆਈ.ਟੀ. ਨਿਯਮਾਂ ਦਾ ਤਿੱਖਾ ਵਿਰੋਧ ਕਰਦਿਆਂ ਕਿਹਾ ਹੈ ਕਿ ਇਹ ਨਿਯਮ ਆਮ ਲੋਕਾਂ, ਸੋਸ਼ਲ ਮੀਡੀਆ ਵਰਤੋਂਕਾਰਾਂ ਅਤੇ ਖੁਦਮੁਖਤਿਆਰ ਆਵਾਜ਼ਾਂ ‘ਤੇ ਸਰਕਾਰੀ ਨਿਗਰਾਨੀ ਵਧਾਉਣ ਦੀ ਕੋਸ਼ਿਸ਼ ਹਨ, ਜੋ ਲੋਕਤੰਤਰ ਦੀਆਂ ਬੁਨਿਆਦੀ ਕਦਰਾਂ ਲਈ ਗੰਭੀਰ ਖ਼ਤਰਾ ਬਣ ਸਕਦੇ ਹਨ। ਉਨ੍ਹਾਂ ਕਿਹਾ ਕਿ ਇਹ ਸਿਰਫ਼ ਕੋਈ ਆਮ ਕਾਨੂੰਨੀ ਤਬਦੀਲੀ ਨਹੀਂ, ਸਗੋਂ ਲੋਕਾਂ ਦੀ ਗੱਲਬਾਤ ਅਤੇ ਵਿਚਾਰਾਂ ‘ਤੇ ਸਰਕਾਰ ਦੀ ਸਿੱਧੀ ਕਾਬੂ ਕਾਇਮ ਕਰਨ ਦੀ ਕੋਸ਼ਿਸ਼ ਹੈ।ਇਮਾਨ ਸਿੰਘ ਮਾਨ ਨੇ ਕਿਹਾ ਕਿ ਜੇ ਸਰਕਾਰ ਆਪ ਇਹ ਫੈਸਲਾ ਕਰਨ ਲੱਗ ਪਏ ਕਿ ਲੋਕ ਕੀ ਕਹਿ ਸਕਦੇ ਹਨ ਅਤੇ ਕੀ ਨਹੀਂ, ਤਾਂ ਇਹ ਭਾਰਤ ਦੇ ਸੰਵਿਧਾਨ ਵਿੱਚ ਦਿੱਤੀ ਗਈ ਬੋਲਣ ਦੀ ਆਜ਼ਾਦੀ ‘ਤੇ ਸਿੱਧਾ ਹਮਲਾ ਹੋਵੇਗਾ। ਉਨ੍ਹਾਂ ਦੱਸਿਆ ਕਿ ਜੇ ਲੋਕਾਂ ਨੂੰ ਇਹ ਡਰ ਹੋਵੇ ਕਿ ਉਨ੍ਹਾਂ ਦੀ ਗੱਲ ‘ਤੇ ਕਾਰਵਾਈ ਹੋ ਸਕਦੀ ਹੈ, ਤਾਂ ਉਹ ਖੁੱਲ੍ਹ ਕੇ ਆਪਣੀ ਰਾਇ ਪ੍ਰਗਟ ਨਹੀਂ ਕਰ ਸਕਣਗੇ ਅਤੇ ਇਹ ਹਾਲਤ ਲੋਕਤੰਤਰ ਲਈ ਠੀਕ ਨਹੀਂ ਹੋ ਸਕਦੀ।ਉਨ੍ਹਾਂ ਇਹ ਵੀ ਕਿਹਾ ਕਿ ਅਜਿਹੇ ਨਿਯਮ ਸਭ ਤੋਂ ਪਹਿਲਾਂ ਖੁਦਮੁਖਤਿਆਰ ਪੱਤਰਕਾਰਾਂ, ਖੋਜਕਾਰਾਂ ਅਤੇ ਵੱਖਰੀ ਸੋਚ ਰੱਖਣ ਵਾਲੇ ਆਮ ਨਾਗਰਿਕਾਂ ਨੂੰ ਪ੍ਰਭਾਵਿਤ ਕਰਨਗੇ, ਕਿਉਂਕਿ ਵੱਡੀਆਂ ਮੀਡੀਆ ਕੰਪਨੀਆਂ ਕੋਲ ਵਸੀਲੇ ਹੁੰਦੇ ਹਨ। ਪਰ ਆਮ ਲੋਕਾਂ ਕੋਲ ਨਹੀਂ। ਇਸ ਨਾਲ ਹੌਲੇ-ਹੌਲੇ ਲੋਕਾਂ ਦੀਆਂ ਆਵਾਜ਼ਾਂ ਨੂੰ ਦਬਾਉਣ ਦਾ ਮਾਹੌਲ ਬਣ ਸਕਦਾ ਹੈ ਅਤੇ ਸਿਰਫ਼ ਉਹੀ ਗੱਲ ਸਾਹਮਣੇ ਆ ਸਕਦੀ ਹੈ ਜੋ ਸਰਕਾਰ ਨੂੰ ਮਨਜ਼ੂਰ ਹੋਵੇ।ਇਮਾਨ ਸਿੰਘ ਮਾਨ ਨੇ ਕਿਹਾ ਕਿ ਇੱਕ ਮਜ਼ਬੂਤ ਲੋਕਤੰਤਰ ਆਪਣੇ ਲੋਕਾਂ ਦੀ ਗੱਲ ਸੁਣਦਾ ਹੈ ਅਤੇ ਉਨ੍ਹਾਂ ਨੂੰ ਖੁੱਲ੍ਹ ਕੇ ਬੋਲਣ ਦਾ ਹੱਕ ਦਿੰਦਾ ਹੈ। ਉਨ੍ਹਾਂ ਮੰਗ ਕੀਤੀ ਕਿ ਇਹ ਨਵੇਂ ਆਈ.ਟੀ. ਨਿਯਮ ਤੁਰੰਤ ਵਾਪਸ ਲਏ ਜਾਣ ਅਤੇ ਇਸ ਮਾਮਲੇ ‘ਤੇ ਖੁੱਲ੍ਹੀ ਅਤੇ ਪਾਰਦਰਸ਼ੀ ਚਰਚਾ ਕਰਵਾਈ ਜਾਵੇ, ਤਾਂ ਜੋ ਕਿਸੇ ਵੀ ਤਰੀਕੇ ਨਾਲ ਲੋਕਾਂ ਦੀ ਆਵਾਜ਼ ਨੂੰ ਦਬਾਇਆ ਨਾ ਸਕੇ

## ਪ੍ਰਿੰਸੀਪਲ ਕਾਬਲ ਸਿੰਘ ਸੰਧੂ ਦੀ ਸੇਵਾ ਮੁਕਤੀ ’ਤੇ ਸਨਮਾਨ ਸਮਾਰੋਹ



ਚੋਗਾਵਾਂ, 1 ਅਪ੍ਰੈਲ (ਸੁਬੇਗ ਸਿੰਘ ਸੋਨਾ): ਸਿੱਖਿਆ ਵਿਭਾਗ ਵਿੱਚ ਪਿਛਲੇ 30 ਸਾਲਾਂ ਤੋਂ ਇਮਾਨਦਾਰੀ ਤੇ ਤਨਦੇਹੀ ਨਾਲ ਸੇਵਾਵਾਂ ਨਿਭਾਅ ਰਹੇ ਪ੍ਰਿੰਸੀਪਲ ਕਾਬਲ ਸਿੰਘ ਸੰਧੂ ਦੀ ਸੇਵਾ ਮੁਕਤੀ ’ਤੇ ਅੱਜ ਪਿੰਡ ਭੀਲੋਵਾਲ ਪੱਕਾ ਦੇ ਪੀ.ਐਮ. ਸ੍ਰੀ ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਵਿਖੇ ਸਨਮਾਨ ਸਮਾਰੋਹ ਕਰਵਾਇਆ ਗਿਆ। ਜਿਸ ਵਿੱਚ ਸਾਬਕਾ ਵਿਧਾਇਕ ਤੇ ਹਲਕਾ ਇੰਚਾਰਜ ਜਥੇਦਾਰ ਵੀਰ ਸਿੰਘ ਲੋਪੋਕੇ, ਸਾਬਕਾ ਸਰਪੰਚ ਸੁੱਚਾ ਸਿੰਘ, ਰਾਣਾ ਰਣਬੀਰ ਸਿੰਘ ਲੋਪੋਕੇ ਸੀਨੀਅਰ ਮੀਤ ਪ੍ਰਧਾਨ ਯੂਥ ਅਕਾਲੀ ਦਲ ਬਾਦਲ, ਸੰਦੀਪ ਸਿੰਘ ਲੋਪੋਕੇ, ਸਰਪੰਚ ਗੁਰਸੇਵਕ ਸਿੰਘ ਗੈਵੀ ਪ੍ਰੀਤ ਨਗਰ, ਸਰਕਲ ਪ੍ਰਧਾਨ ਸ਼ਰਨਜੀਤ ਸਿੰਘ ਲੋਪੋਕੇ, ਪ੍ਰਧਾਨ ਅਮਨਦੀਪ ਲਾਰਾ ਆਦਿ ਤੇ ਸਮੂਹ ਸਕੂਲ ਸਟਾਫ ਨੇ ਪ੍ਰਿੰਸੀ: ਕਾਬਲ ਸਿੰਘ ਸੰਧੂ ਵੱਲੋਂ ਨਿਭਾਈਆਂ ਸੇਵਾਵਾਂ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਉਨ੍ਹਾਂ ਆਪਣੀ ਡਿਊਟੀ ਪੂਰੀ ਤਨਦੇਹੀ ਤੇ ਇਮਾਨਦਾਰੀ ਨਾਲ ਨਿਭਾਈ। ਇਲਾਕੇ ਵਿੱਚ ਉਨ੍ਹਾਂ ਦਾ ਨਾਮ ਸਤਿਕਾਰ ਨਾਲ ਜਾਣਿਆ ਜਾਂਦਾ। ਉਨ੍ਹਾਂ ਇਲਾਕੇ ਵਿੱਚ ਆਪਣੀ ਵੱਖਰੀ ਪਹਿਚਾਣ ਬਣਾਈ। 27 ਸਾਲ ਮਿਡਲ, ਹਾਈ, ਸੀਨੀਅਰ ਸੈਕੰਡਰੀ ਸਕੂਲਾਂ ਦੇ ਮੁਖੀ ਵਜੋਂ ਕੰਮ ਕੀਤਾ। ਵਿਦਿਆਰਥੀਆਂ ਨੂੰ ਇਹਨਾਂ ਦੇ ਦਰਸਾਏ ਕਦਮਾਂ ’ਤੇ ਚੱਲਣ ਲਈ ਪ੍ਰੇਰਿਆ। ਉਨ੍ਹਾਂ ਨੂੰ ਕੀਮਤੀ ਤੋਹਫੇ ਤੇ ਹਾਰ ਪਾ ਕੇ ਸਨਮਾਨਿਤ ਕੀਤਾ। ਸਕੂਲ ਦੇ ਵਿਦਿਆਰਥੀਆਂ ਪ੍ਰਿੰਸੀਪਲ ਕਾਬਲ ਸਿੰਘ ਦੀ ਵਿਦਾਇਗੀ ਮੌਕੇ ਕਵਿਤਾ, ਸਕਿਟ, ਗੀਤ ਗਾ ਕੇ ਭਾਸ਼ਣ ਗਿੱਧਾ ਤੇ ਭੰਗੜਾ ਪਾ ਕੇ ਉਹਨਾਂ ਦੀ ਪ੍ਰਭਾਵਸ਼ਾਲੀ ਸ਼ਖਸ਼ੀਅਤ ਨੂੰ ਪੇਸ਼ ਕੀਤਾ। ਇਸ ਮੌਕੇ ਪ੍ਰਿੰਸੀਪਲ ਕਾਬਲ ਸਿੰਘ ਨੇ ਉਨ੍ਹਾਂ ਦੀ ਵਿਦਾਇਗੀ ਸਮਾਰੋ ਨੂੰ ਯਾਦਗਾਰ ਬਣਾਉਣ ਲਈ ਸਮੂਹ ਸਕੂਲ ਸਟਾਫ ਤੇ ਪਤਵੰਤੇ ਸੱਜਣਾਂ ਦਾ ਧੰਨਵਾਦ ਕੀਤਾ। ਇਸ ਮੌਕੇ ਸਵਪਨਦੀਪ ਸਿੰਘ, ਗੁਰਸੇਵਕ ਸਿੰਘ ਹੀਰਾ ਪ੍ਰੀਤ ਨਗਰ, ਪ੍ਰਿੰਸੀਪਲ ਗੁਰਜੀਤ ਸਿੰਘ ਸਾਰੰਗੜਾ, ਮੁੱਖ ਅਧਿਆਪਕ ਗੁਰਸੇਵਕ ਸਿੰਘ ਡੱਗ ਡੋਗਰ, ਰੇਸ਼ਮ ਸਿੰਘ, ਮੁੱਖ ਅਧਿਆਪਕ ਮੈਡਮ ਰੁਖਸਾਰ ਪ੍ਰੀਤ ਨਗਰ, ਮੈਡਮ ਡਿੰਪਲ ਰਾਣੀ, ਮਾ: ਗੁਰਭੇਜ ਸਿੰਘ ਮੋਹਲੇਕੇ, ਸਪਿੰਦਰ ਪਾਲ ਕੌਰ ਮੈਡਮ, ਮੈਡਮ ਰਜਨੀਸ਼, ਮਾ: ਬਿਕਰਮਜੀਤ ਸਿੰਘ, ਨੰਬਰਦਾਰ/ਮੈਂਬਰ ਕਾਬਲ ਸਿੰਘ, ਦਰਬਾਰਾ ਸਿੰਘ ਲਾਲੀ, ਡਾ. ਸਾਹਿਬਜੀਤ ਸਿੰਘ, ਰਾਜਪਾਲ ਸਿੰਘ ਸੰਧੂ, ਸਾਬਕਾ ਮੈਨੇਜਰ ਸਲਵਿੰਦਰ ਸਿੰਘ, ਡਾ. ਗੁਰਭੇਜ ਸਿੰਘ, ਸਾਬਕਾ ਸਰਪੰਚ ਜਸਬੀਰ ਸਿੰਘ ਭੱਗੂਪੁਰ, ਬਲਕਰਨ ਸਿੰਘ ਮਹਿਮਦਪੁਰਾ, ਪੀ.ਏ. ਸੁਖਬੀਰ ਸਿੰਘ, ਸ਼ਿੰਦਾ ਸਿੰਘ, ਮਾ: ਸਪਿੰਦਰ ਪਾਲ ਕੌਰ ,ਮਾ : ਬਿਕਰਮਜੀਤ ਸਿੰਘ, ਮੈਡਮ ਰਜਨੀਸ਼, ਸੰਦੀਪ ਕੌਰ, ਅਮਨਦੀਪ ਕੌਰ, ਜੋਗਿਤਾ, ਮਾ :ਅਵਨੀਤ ਕੁਮਾਰ,: ਬਲਜਿੰਦਰ ਕੌਰ, ਮਾ: ਹਰਮਿੰਦਰ ਸਿੰਘ, ਮਾ: ਹਰਪ੍ਰੀਤ ਸਿੰਘ, ਮਾ: ਜਸਪ੍ਰੀਤ ਸਿੰਘ, ਮਾ: ਗੁਰਜੀਤ ਸਿੰਘ, ਮਾ: ਗੁਰਮੀਤ ਸਿੰਘ ਪ੍ਰਕਿਰਤੀ, ਮੋਨਕਾ, ਲੈਕ: ਹਰਜਿੰਦਰ ਸਿੰਘ ਅਟਾਰੀ, ਪ੍ਰਿੰਸੀਪਲ ਅਮਨਦੀਪ ਕੌਰ ਯੂਨਾਈਟਡ ਕਾਲਜ ਆਫ ਨਰਸਿੰਗ, ਅਮਨ ਮਥਾਰੂ, ਮਨਬੀਰ ਕੌਰ, ਆਦਿ ਹਾਜ਼ਰ ਸਨ।

## ਸਿੱਖੀ ਸਰੂਪ ਨੂੰ ਉਤਸ਼ਾਹਿਤ ਕਰਨ ਲਈ ਐਸ.ਜੀ.ਪੀ.ਸੀ.ਦਾ ਉਪਰਾਲਾ, ਪ੍ਰਿੰਸੀਪਲ ਡਾ. ਕੁਲਵਿੰਦਰ ਸਿੰਘ ਵੱਲੋਂ ਧਾਮੀ ਦਾ ਧੰਨਵਾਦ



ਅੰਮ੍ਰਿਤਸਰ, 1 ਅਪ੍ਰੈਲ (ਬਬਲੂ ਮਹਾਜਨ): ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਧਰਮ ਪ੍ਰਚਾਰ ਕਮੇਟੀ ਵੱਲੋਂ ਸਿੱਖੀ ਨੂੰ ਪ੍ਰਫੁੱਲਿਤ ਕਰਨ ਅਤੇ ਅੰਮ੍ਰਿਤਧਾਰੀ ਵਿਦਿਆਰਥੀਆਂ ਦੀ ਉੱਚ ਵਿੱਦਿਆ ਵਿੱਚ ਮੱਦਦ ਕਰਨ ਦੇ ਉਦੇਸ਼ ਨਾਲ ਚਲਾਈ ਜਾ ਰਹੀ ਵਜ਼ੀਫ਼ਾ ਸਕੀਮ ਤਹਿਤ ਅੱਜ ਇੱਕ ਵਿਸ਼ੇਸ਼ ਸਮਾਗਮ ਕਰਵਾਇਆ ਗਿਆ। ਇਸ ਮੌਕੇ ਸਥਾਨਕ ਤ੍ਰੈ ਸ਼ਤਾਬਦੀ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਦੇ ਪ੍ਰਿੰਸੀਪਲ ਡਾ. ਕੁਲਵਿੰਦਰ ਸਿੰਘ ਨੇ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ ਵਿੱਦਿਅਕ ਸੈਸ਼ਨ 2025-26 ਲਈ ਕਾਲਜ ਦੇ ਅੰਮ੍ਰਿਤਧਾਰੀ ਵਿਦਿਆਰਥੀਆਂ ਨੂੰ ਵੱਡੀ ਵਿੱਤੀ ਸਹਾਇਤਾ ਪ੍ਰਦਾਨ ਕੀਤੀ ਗਈ ਹੈ।ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੇ ਦਿਸ਼ਾ-ਨਿਰਦੇਸ਼ਾਂ ਹੇਠ ਕਾਲਜ ਨੂੰ 16 ਲੱਖ 70 ਹਜ਼ਾਰ ਰੁਪਏ ਦੀ ਰਾਸ਼ੀ ਦਾ ਚੈੱਕ ਵਜ਼ੀਫ਼ੇ ਵਜੋਂ ਸੌਂਪਿਆ ਗਿਆ। ਇਹ ਰਾਸ਼ੀ ਉਨ੍ਹਾਂ ਵਿਦਿਆਰਥੀਆਂ ਨੂੰ ਦਿੱਤੀ ਗਈ ਹੈ ਜੋ ਗੁਰੂ ਵਾਲੇ ਬਣ ਕੇ ਸਿੱਖੀ ਸਰੂਪ ਵਿੱਚ ਰਹਿ ਰਹੇ ਹਨ ਅਤੇ ਆਪਣੀ ਪੜ੍ਹਾਈ ਜਾਰੀ ਰੱਖ ਰਹੇ ਹਨ। ਪ੍ਰਿੰਸੀਪਲ ਸਾਹਿਬ ਨੇ ਕਿਹਾ ਕਿ ਇਸ ਰਾਸ਼ੀ ਨਾਲ ਬਹੁਤ ਸਾਰੇ ਲੋੜਵੰਦ ਅੰਮ੍ਰਿਤਧਾਰੀ ਵਿਦਿਆਰਥੀਆਂ ਦੀ ਫੀਸ ਦੀ ਅਦਾਇਗੀ ਹੋ ਸਕੇਗੀ, ਜਿਸ ਨਾਲ ਉਨ੍ਹਾਂ ਦੇ ਪਰਿਵਾਰਾਂ ਤੇ ਆਰਥਿਕ ਬੋਝ ਘਟੇਗਾ।ਸਮਾਗਮ ਦੌਰਾਨ ਕਾਲਜ ਦੇ ਸਮੂਹ ਸਟਾਫ ਅਤੇ ਵਿਦਿਆਰਥੀਆਂ ਨੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਅਤੇ ਧਰਮ ਪ੍ਰਚਾਰ ਕਮੇਟੀ ਦਾ ਤਹਿ ਦਿਲੋਂ ਧੰਨਵਾਦ ਕੀਤਾ। ਡਾ. ਕੁਲਵਿੰਦਰ ਸਿੰਘ ਨੇ ਅੱਗੇ ਕਿਹਾ ਕਿ ਸ਼੍ਰੋਮਣੀ ਕਮੇਟੀ ਦੇ ਅਜਿਹੇ ਉਪਰਾਲੇ ਨਾ ਸਿਰਫ ਵਿਦਿਆਰਥੀਆਂ ਨੂੰ ਵਿੱਦਿਅਕ ਪੱਖੋਂ ਮਜ਼ਬੂਤ ਕਰਦੇ ਹਨ, ਸਗੋਂ ਦੂਸਰੇ ਵਿਦਿਆਰਥੀਆਂ ਦੇ ਮਨਾਂ ਵਿੱਚ ਵੀ ਗੁਰੂ ਵਾਲੇ ਬਣਨ ਅਤੇ ਖੰਡੇ-ਬਾਟੇ ਦੀ ਪਾਹੁਲ ਛਕਣ ਲਈ ਉਤਸ਼ਾਹ ਪੈਦਾ ਕਰਦੇ ਹਨ।ਉਨ੍ਹਾਂ ਕਿਹਾ ਕਿ ਧਰਮ ਪ੍ਰਚਾਰ ਕਮੇਟੀ ਵੱਲੋਂ ਹਰ ਸਾਲ ਦਿੱਤੇ ਜਾਂਦੇ ਇਹ ਵਜ਼ੀਫ਼ੇ ਸਿੱਖੀ ਦੇ ਪ੍ਰਚਾਰ ਅਤੇ ਪ੍ਰਸਾਰ ਵਿੱਚ ਇੱਕ ਅਹਿਮ ਕੜੀ ਸਾਬਤ ਹੋ ਰਹੇ ਹਨ। ਕਾਲਜ ਪ੍ਰਸ਼ਾਸਨ ਅਨੁਸਾਰ, ਅਜਿਹੀਆਂ ਸਕੀਮਾਂ ਕਾਰਨ ਨੌਜਵਾਨ ਪੀੜ੍ਹੀ ਆਪਣੇ ਅਮੀਰ ਵਿਰਸੇ ਅਤੇ ਬਾਣੀ-ਬਾਣੇ ਨਾਲ ਜੁੜ ਰਹੀ ਹੈ।

## ਵਿਧਾਇਕ ਡਾ. ਗੁਪਤਾ ਨੇ ਟਿਊਬਵੈੱਲ ਦਾ ਉਦਘਾਟਨ ਕੀਤਾ

### ਗਰਮੀਆਂ ਵਿੱਚ ਲੋਕਾਂ ਨੂੰ ਪਾਣੀ ਦੀ ਕਮੀ ਦਾ ਸਾਹਮਣਾ ਨਹੀਂ ਕਰਨਾ ਪਵੇਗਾ



ਅੰਮ੍ਰਿਤਸਰ, 1 ਅਪ੍ਰੈਲ (ਬਬਲੂ ਮਹਾਜਨ) : ਕੇਂਦਰੀ ਵਿਧਾਨ ਸਭਾ ਹਲਕੇ ਤੋਂ ਵਿਧਾਇਕ ਡਾ. ਅਜੇ ਗੁਪਤਾ ਨੇ ਅੱਜ ਵਾਰਡ ਨੰਬਰ 67 ਦੇ ਖੇਤਰ ਕਿਸ਼ਨ ਕੋਟ ਵਿੱਚ ਇੱਕ ਨਵੇਂ ਟਿਊਬਵੈੱਲ ਦੇ ਨਿਰਮਾਣ ਦਾ ਉਦਘਾਟਨ ਕੀਤਾ। ਵਿਧਾਇਕ ਡਾ. ਗੁਪਤਾ ਨੇ ਕਿਹਾ ਕਿ ਕੇਂਦਰੀ ਵਿਧਾਨ ਸਭਾ ਹਲਕਾ ਇਹ ਯਕੀਨੀ ਬਣਾਏਗਾ ਕਿ ਲੋਕਾਂ ਨੂੰ ਗਰਮੀਆਂ ਵਿੱਚ ਪਾਣੀ ਦੀ ਕਮੀ ਦਾ ਸਾਹਮਣਾ ਕਰਨਾ ਪਵੇ। ਇਹ ਟਿਊਬਵੈੱਲ ਅਗਲੇ 15 ਦਿਨਾਂ ਦੇ ਅੰਦਰ ਚਾਲੂ ਹੋ ਜਾਵੇਗਾ। ਉਨ੍ਹਾਂ ਕਿਹਾ ਕਿ ਪਿਛਲੇ ਚਾਰ ਸਾਲਾਂ ਵਿੱਚ ਕੇਂਦਰੀ ਵਿਧਾਨ ਸਭਾ ਹਲਕੇ ਦੇ ਵੱਖ-ਵੱਖ ਖੇਤਰਾਂ ਵਿੱਚ ਲੱਗਭੱਗ 52 ਨਵੇਂ ਟਿਊਬਵੈੱਲ ਚਾਲੂ ਕੀਤੇ ਗਏ ਹਨ। ਉਨ੍ਹਾਂ ਅੱਗੇ ਕਿਹਾ ਕਿ ਆਉਣ ਵਾਲੇ ਦਿਨਾਂ ਵਿੱਚ ਪਾਣੀ ਦੀ ਕਮੀ ਦਾ ਸਾਹਮਣਾ ਕਰ ਰਹੇ ਖੇਤਰਾਂ ਵਿੱਚ ਪੰਜ ਹੋਰ ਟਿਊਬਵੈੱਲ ਚਾਲੂ ਕੀਤੇ ਜਾਣਗੇ। ਉਨ੍ਹਾਂ ਲੋਕਾਂ ਨੂੰ ਸਾਰੀਆਂ ਬੁਨਿਆਦੀ ਸਹੂਲਤਾਂ ਪ੍ਰਦਾਨ ਕਰਨ ਦੀ ਆਪਣੀ ਵਚਨਬੱਧਤਾ ਪ੍ਰਗਟਾਈ।ਵਿਧਾਇਕ ਡਾ. ਗੁਪਤਾ ਨੇ ਅੱਜ ਨਗਰ ਨਿਗਮ ਦੇ ਸੁਪਰਵਾਈਜ਼ਿੰਗ ਇੰਜੀਨੀਅਰ, ਕਾਰਜਕਾਰੀ ਇੰਜੀਨੀਅਰ, ਐਸ.ਡੀ.ਓ. ਅਤੇ ਜੇ.ਈ. ਨਾਲ ਇੱਕ ਮੀਟਿੰਗ ਕੀਤੀ। ਵਿਧਾਇਕ ਡਾ. ਗੁਪਤਾ ਨੇ ਸਾਰੇ ਨਿਗਮ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਉਹ ਇਹ ਯਕੀਨੀ ਬਣਾਉਣ ਕਿ ਕੇਂਦਰੀ ਵਿਧਾਨ ਸਭਾ ਹਲਕੇ ਵਿੱਚ ਸਾਰੇ ਵਿਕਾਸ ਕਾਰਜ ਨਿਰਧਾਰਤ ਸਮਾਂ ਸੀਮਾ ਦੇ ਅੰਦਰ ਪੂਰੇ ਹੋਣ। ਉਨ੍ਹਾਂ ਕਿਹਾ ਕਿ ਵਿਕਾਸ ਕਾਰਜਾਂ ਵਿੱਚ ਲਾਪਰਵਾਹੀ ਪੂਰੀ ਤਰ੍ਹਾਂ ਅਸਵੀਕਾਰਨਯੋਗ ਹੋਵੇਗੀ। ਉਨ੍ਹਾਂ ਅਧਿਕਾਰੀਆਂ ਨੂੰ ਵਿਕਾਸ ਕਾਰਜਾਂ ਦੀ ਘਾਟ ਵਾਲੇ ਖੇਤਰਾਂ ਦੀ ਪਛਾਣ ਕਰਨ, ਅਨੁਮਾਨ ਤਿਆਰ ਕਰਨ ਅਤੇ ਟੈਂਡਰ ਜਾਰੀ ਕਰਨ ਦੇ ਨਿਰਦੇਸ਼ ਦਿੱਤੇ।ਇਸ ਤੋਂ ਇਲਾਵਾ, ਵਿਧਾਇਕ ਡਾ. ਗੁਪਤਾ ਨੇ ਬਾਗਬਾਨੀ ਵਿਭਾਗ ਦੇ ਅਧਿਕਾਰੀਆਂ ਨਾਲ ਮਿਲ ਕੇ ਕੇਂਦਰੀ ਵਿਧਾਨ ਸਭਾ ਹਲਕੇ ਦੇ ਅੰਦਰ ਪਾਰਕਾਂ ਦਾ ਵੀ ਨਿਰੀਖਣ ਕੀਤਾ। ਉਨ੍ਹਾਂ ਨਗਰ ਨਿਗਮ ਦੇ ਬਾਗਬਾਨੀ ਵਿਭਾਗ ਦੇ ਅਧਿਕਾਰੀਆਂ ਨੂੰ ਸਾਰੇ ਪਾਰਕਾਂ ਦੀ ਪੂਰੀ ਤਰ੍ਹਾਂ ਸਫਾਈ ਅਤੇ ਰੱਖ-ਰਖਾਅ ਕਰਨ ਦੇ ਨਿਰਦੇਸ਼ ਦਿੱਤੇ। ਉਨ੍ਹਾਂ ਅਧਿਕਾਰੀਆਂ ਨੂੰ ਇਹ ਵੀ ਹਦਾਇਤ ਕੀਤੀ ਕਿ ਸਾਰੇ ਪਾਰਕਾਂ ਨੂੰ ਜਨਤਕ ਸਹੂਲਤ ਲਈ ਪੂਰੀ ਤਰ੍ਹਾਂ ਸਫਾਈ ਅਤੇ ਰੱਖ-ਰਖਾਅ ਕੀਤਾ ਜਾਵੇ। ਉਨ੍ਹਾਂ ਪਾਰਕਾਂ ਦੇ ਅੰਦਰ ਚੱਲ ਰਹੇ ਜਿੰਮਾਂ ਵੱਲ ਵਿਸ਼ੇਸ਼ ਧਿਆਨ ਦੇਣ ਦੀ ਅਪੀਲ ਕੀਤੀ।

## 4 ਅਪ੍ਰੈਲ ਨੂੰ ਲੱਗੇਗਾ ਰੋਜ਼ਗਾਰ ਮੇਲਾ

ਦੀਨਾਨਗਰ, 1 ਅਪ੍ਰੈਲ (ਡਾ.ਰਮੇਸ਼ ਸਰੰਗਲ, ਵਰੁਣ ਸਰੰਗਲ ) : ਗੁਰਸਿਮਰਨ ਸਿੰਘ ਢਿੱਲੋਂ, ਵਧੀਕ ਡਿਪਟੀ ਕਮਿਸ਼ਨਰ (ਜ) ਗੁਰਦਾਸਪੁਰ ਦੀ ਅਗਵਾਈ ਹੇਠ ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ ਗੁਰਦਾਸਪੁਰ ਵੱਲੋਂ ਜਿਲ੍ਹੇ ਦੇ ਬੇਰੁਜਗਾਰ ਨੌਜਵਾਨਾਂ ਨੂੰ ਰੋਜ਼ਗਾਰ ਮੁਹੱਈਆ ਕਰਵਾਉਣ ਹਿੱਤ ਰੋਜ਼ਗਾਰ ਮੇਲੇ ਲਗਾਏ ਜਾ ਰਹੇ ਹਨ।ਇਸ ਸਬੰਧੀ ਜ਼ਿਲ੍ਹਾ ਰੋਜ਼ਗਾਰ ਅਫ਼ਸਰ ਪਰਸ਼ੋਤਮ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਜ਼ਿਲਾ ਰੋਜ਼ਗਾਰ ਤੇ ਕਾਰੋਬਾਰ ਬਿਊਰੋ ਗੁਰਦਾਸਪੁਰ ਵੱਲੋਂ ਸ਼ਾਂਤੀ ਦੇਵੀ ਆਰਿਆ ਮਹਿਲਾ ਕਾਲਜ ਦੀਨਾਨਗਰ ਦੇ ਸਹਿਯੋਗ ਨਾਲ 4 ਅਪ੍ਰੈਲ ਦਿਨ ਸ਼ਨੀਵਾਰ ਨੂੰ ਇੱਕ ਮੈਗਾ ਰੋਜ਼ਗਾਰ ਮੇਲਾ ਲਗਾਇਆ ਜਾ ਰਿਹਾ ਹੈ ਜਿਸ ਵਿਚ ਵੱਖ ਵੱਖ ਕੰਪਨੀਜ਼ ਜਿਵੇਂ ਕੋਕਾ ਕੋਲਾ ਦੀਨਾਨਗਰ (ਵੇਵ ਬੀਵਰੇਜ਼ਸ), ਆਈ ਸੀ.ਆਈ ਬੈਂਕ, ਐਕਸਿਸ ਬੈਂਕ, ਐਸ.ਬੀ.ਆਈ ਲਾਇਫ, ਯੈੱਸ ਬੈਂਕ, ਐਸ.ਆਈ.ਐਸ ਸਕਿਉਰਿਟੀ ਕੰਪਨੀ, ਮੈਕਸਿਕਸ ਅੰਮ੍ਰਿਤਸਰ ਆਈ.ਟੀ ਕੰਪਨੀ, ਟੈਕ ਮਾਈਂਡ ਜ਼ੀਰਕਪੁਰ, ਕਰਤਾਰ ਵਾਲਵਸ, ਮਾਰੂਤੀ ਸੁਜ਼ੂਕੀ, ਐਮ/ਐਸ ਸਾਕਰ ਇੰਟਨੈਸ਼ਨਲ ਪ੍ਰਾਈਵੇਟ ਲਿਮੀਟਡ, ਫੂਡ ਕੋਸਟ, ਵਰੁਣ ਬੀਵਰੇਜ਼ਸ, ਐਚ.ਆਰ ਇੰਡਸਟ੍ਰੀਜ, ਟੈਕ ਮਾਈਂਡ ਟੈਲੀਪਰਫਾਰਮੈਂਸ, ਆਈ.ਟੀ.ਐੱਮ ਮੋਹਾਲੀ ਅਤੇ ਹੋਰ ਵੀ ਕਾਫ਼ੀ ਨਾਮੀ ਕੰਪਨੀਜ਼ ਵੱਲੋਂ ਹਿੱਸਾ ਲਿਆ ਜਾਵੇਗਾ।

## ਉਗਰਾਹਾਂ ਜਥੇਬੰਦੀ ਹਮੇਸ਼ਾ ਧੱਕੇਸ਼ਾਹੀ ਖ਼ਿਲਾਫ਼ ਲੜਾਈ ਲੜਦੀ ਹੈ : ਮੰਡਾਲਾ



ਖਡੂਰ ਸਾਹਿਬ, 1 ਅਪ੍ਰੈਲ (ਸਰਬਜੀਤ ਸਿੰਘ ਮੀਆ ਵਿੰਡ): ਅੱਜ ਮੁੰਡਾ ਪਿੰਡ ਵਿਖੇ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਜਥੇਬੰਦੀ ਜ਼ਿਲ੍ਹਾ ਤਰਨਤਾਰਨ ਦੇ ਆਗੂਆਂ ਵੱਲੋਂ ਦਖਲ ਦੀ ਕਾਰਵਾਈ ਰੋਕਣ ਲਈ ਮੁੰਡਾ ਪਿੰਡ ਵਿਖੇ ਅੰਗਰੇਜ਼ ਸਿੰਘ ਦੇ ਗ੍ਰਹਿ ਵਿਖੇ ਇਕੱਤਰ ਹੋਏ ਵੱਖ ਆਗੂਆਂ ਵੱਲੋਂ ਦੱਸਿਆ ਗਿਆ, ਕਿ ਕਿਸੇ ਵੀ ਤਰੀਕੇ ਨਾਲ ਅੰਗਰੇਜ਼ ਸਿੰਘ ਦੇ ਘਰ ਕਿਸੇ ਵੀ ਵਿਅਕਤੀ ਨੂੰ ਕਾਬਜ਼ ਨਹੀਂ ਹੋਣ ਦਿਆਂਗੇ ਉਗਰਾਹਾਂ ਜਥੇਬੰਦੀ ਹਮੇਸ਼ਾ ਧੱਕੇਸ਼ਾਹੀ ਦੇ ਖਿਲਾਫ ਅਤੇ ਸੱਚਾਈ ਦਾ ਸਾਥ ਦਿੰਦੀ ਹੈ ਅਸੀਂ ਸਰਕਾਰ ਨੂੰ ਅਪੀਲ ਕਰਦੇ ਹਾਂ ਕਿ ਦਖ਼ਲ ਤੋਂ ਪਹਿਲਾਂ ਇਹ ਜਾਣਨਾ ਬਹੁਤ ਜ਼ਰੂਰੀ ਹੈ ਕਿ ਸਚਾਈ ਕੀ ਹੈ ਤਾਂ ਕਿ ਖਜਲ ਖੁਆਰੀ ਤੋਂ ਬਚਿਆ ਜਾ ਸਕੇ। ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਕੀਤਾ ਗਿਆ। ਇਸ ਮੌਕੇ ਹਾਜ਼ਰ ਹੋਏ ਆਗੂ ਸੁਲੱਖਣ ਸਿੰਘ ਮੰਡਾਲਾ, ਨਿਰਮਲ ਸਿੰਘ ਨਾਗੋਕੇ ਕੁਲਦੀਪ ਸਿੰਘ ਆਲੀਆ ਸਰਬਜੀਤ ਸਿੰਘ ਦੀਨੇਵਾਲ ਬਾਬਾ ਜਸਵਿੰਦਰ ਸਿੰਘ ਮੀਆਂ ਵਿੰਡ ਭਾਗ ਸਿੰਘ ਮੰਡਾਲਾ ਬਲਕਾਰ ਸਿੰਘ ਮੰਡਾਲਾ ਸਵਿੰਦਰ ਸਿੰਘ ਦੀਨੇਵਾਲ ਮੰਗਲ ਸਿੰਘ ਨਾਗੋਕੇ ਭੁਪਿੰਦਰ ਸਿੰਘ ਠੱਠੀਆਂ ਹਰਦੇਵ ਸਿੰਘ ਬੂਹ ਗੁਰਪ੍ਰੀਤ ਸਿੰਘ ਕਿਰਤੋਵਾਲ ਕਰਮਜੀਤ ਸਿੰਘ ਸਭਰਾਅ, ਪਿਸ਼ੌਰਾ ਸਿੰਘ ਸਾਬਕਾ ਸਰਪੰਚ, ਸੁਖਦੇਵ ਸਿੰਘ ਸਰਪੰਚ ਮੁੱਖਤਾਰ ਸਿੰਘ ਗੁਜ਼ਰਪੁਰਾ ਅਵਤਾਰ ਸਿੰਘ ਗੁਜ਼ਰਪੁਰਾ ਅੰਗਰੇਜ਼ ਸਿੰਘ ਗੁਜ਼ਰਪੁਰਾ ਗੁਰਭੇਜ ਸਿੰਘ ਗੁਜ਼ਰਪੁਰਾ ਗੁਰਭੇਜ ਸਿੰਘ ਕੁੜੀ ਵਲਾਹ ਮੁੱਖਤਾਰ ਸਿੰਘ ਕੁੜੀ ਵਲਾਹ ਅਵਤਾਰ ਸਿੰਘ ਪੱਪੂ ਨਿਰਮਲ ਸਿੰਘ ਮੱਲਾ ਆਦਿ ਆਗੂਆਂ ਨੇ ਹਾਜ਼ਰੀ ਭਰੀ

## ਦੀਨਾਨਗਰ ਬਲਾਕ ਸੰਮਤੀ ’ਤੇ ਹੋਇਆ ਕਾਂਗਰਸ ਦਾ ਕਬਜ਼ਾ, ਸੱਤਾਧਾਰੀਆਂ ਦੇ ਹੱਥ ਖ਼ਾਲੀ

### ਰਾਜ ਰਾਣੀ ਚੇਅਰਪਰਸਨ ਅਤੇ ਰਮੇਸ਼ ਚੰਦਰ ਵਾਈਸ ਚੇਅਰਮੈਨ ਬਣ



ਦੀਨਾਨਗਰ, 1 ਅਪ੍ਰੈਲ ( ਡਾ.ਰਮੇਸ਼ ਸਰੰਗਲ): ਸਿਆਸੀ ਅਤੇ ਪ੍ਰਸ਼ਾਸਨਿਕ ਦਬਾਅ ਕਾਰਨ ਤਿੰਨ ਵਾਰ ਚੋਣ ਮੁਲਤਵੀ ਹੋਣ ਦੇ ਬਾਵਜੂਦ ਬਲਾਕ ਸੰਮਤੀ ਦੀਨਾਨਗਰ ’ਤੇ ਵੀ ਹੁਣ ਕਾਂਗਰਸ ਪਾਰਟੀ ਦਾ ਕਬਜ਼ਾ ਹੋ ਗਿਆ ਹੈ।ਕਈ ਤਰ੍ਹਾਂ ਦੀਆਂ ਅਟਕਲਾਂ ਦੇ ਬਾਅਦ ਅਖ਼ੀਰ ਅੱਜ ਡਿਪਟੀ ਕਮਿਸ਼ਨਰ ਗੁਰਦਾਸਪੁਰ ਦੇ ਦਫ਼ਤਰ ਵਿਖੇ ਇਹ ਚੋਣ ਸਿਰੇ ਚੜ੍ਹੀ ਅਤੇ ਕਾਂਗਰਸ ਪਾਰਟੀ ਦੇ ਜੇਤੂ ਮੈਂਬਰਾਂ ਨੇ ਮੈਡਮ ਰਾਜ ਰਾਣੀ ਨੂੰ ਬਲਾਕ ਸੰਮਤੀ ਦੀਨਾਨਗਰ ਦੀ ਨਵੀਂ ਚੇਅਰਪਰਸਨ ਚੁਣ ਲਿਆ, ਜਦ ਕਿ ਰਮੇਸ਼ ਚੰਦਰ ਨੂੰ ਵਾਈਸ ਚੇਅਰਮੈਨ ਬਣਾਇਆ ਗਿਆ ਹੈ। ਜਾਣਕਾਰੀ ਅਨੁਸਾਰ ਬਹੁਮਤ ਹਾਸਲ ਕਰਨ ’ਚ ਨਾਕਾਮ ਰਹਿਣ ਕਾਰਨ ਸੱਤਾਧਾਰੀ ਪਾਰਟੀ ਦੇ ਜੇਤੂ 8 ਮੈਂਬਰ ਚੋਣ ਮੀਟਿੰਗ ਵਿੱਚ ਸ਼ਾਮਲ ਨਹੀਂ ਹੋਏ, ਜਦਕਿ ਭਾਜਪਾ ਦੇ ਤਿੰਨ ਮੈਂਬਰਾਂ ਨੇ ਮੀਟਿੰਗ ਤੋਂ ਦੂਰੀ ਬਣਾਈ। ਇੱਥੇ ਕੁੱਲ 22 ਜ਼ੋਨਾਂ ਵਿੱਚੋਂ ਕਾਂਗਰਸ ਨੇ 11 ਜ਼ੋਨ ਜਿੱਤ ਕੇ ਅਤੇ ਇੱਕ ਐਮ.ਐਲ.ਏ ਦੀ ਵੋਟ ਸਹਿਤ ਸਪੱਸ਼ਟ ਬਹੁਮਤ ਹਾਸਲ ਕੀਤਾ ਸੀ, ਜਿਸ ਕਾਰਨ ਉਹ ਅੱਜ ਆਪਣੀ ਚੇਅਰਪਰਸਨ ਅਤੇ ਵਾਈਸ ਚੇਅਰਮੈਨ ਬਣਾਉਣ ਵਿੱਚ ਸਫ਼ਲ ਰਹੇ। ਇਸ ਤੋਂ ਪਹਿਲਾਂ ਬਲਾਕ ਦੋਰਾਂਗਲਾ ਵਿੱਚ ਵੀ ਕਾਂਗਰਸ ਪਾਰਟੀ ਸਪੱਸ਼ਟ ਬਹੁਮਤ ਨਾਲ ਆਪਣੀ ਜਿੱਤ ਦਾ ਝੰਡਾ ਗੱਡ ਚੁੱਕੀ ਹੈ। ਇਸ ਦੌਰਾਨ ਨਵਨਿਯੁਕਤ ਅਹੁਦੇਦਾਰਾਂ ਨੂੰ ਹਾਰ ਪਹਿਨਾ ਕੇ ਸਨਮਾਨਿਤ ਕਰਦਿਆਂ ਵਿਧਾਇਕਾ ਅਰੁਣਾ ਚੌਧਰੀ ਅਤੇ ਸੀਨੀਅਰ ਨੇਤਾ ਅਸ਼ੋਕ ਚੌਧਰੀ ਨੇ ਉਨ੍ਹਾਂ ਨੂੰ ਨਵੀਂ ਜ਼ਿੰਮੇਵਾਰੀ ਲਈ ਵਧਾਈ ਤੇ ਸ਼ੁਭਕਾਮਨਾਵਾਂ ਦਿੱਤੀਆਂ। ਉਨ੍ਹਾਂ ਕਿਹਾ ਕਿ ਦੀਨਾਨਗਰ ਸੰਮਤੀ ’ਤੇ ਕਬਜ਼ਾ ਕਰਨ ਦੀ ਨੀਯਤ ਨਾਲ ਸੱਤਾਧਾਰੀਆਂ ਨੇ ਕਈ ਚਾਲਾਂ ਚੱਲੀਆਂ। ਪਰ ਜਿੱਤ ਅਖ਼ੀਰ ਸੱਚਾਈ ਦੀ ਹੀ ਹੋਈ ਹੈ। ਉਨ੍ਹਾਂ ਕਿਹਾ ਕਿ 22 ਜ਼ੋਨਾਂ ਵਿੱਚੋਂ 11 ਜ਼ੋਨ ਜਿੱਤ ਕੇ ਅਤੇ ਇੱਕ ਵੋਟ ਐਮ.ਐਲ.ਏ ਦੀ ਪਾ ਕੇ ਕਾਂਗਰਸ ਪਾਰਟੀ ਦੀਨਾਨਗਰ ਅੰਦਰ ਕੁੱਲ 12 ਵੋਟਾਂ ਤਹਿਤ ਸਪੱਸ਼ਟ ਬਹੁਮਤ ਹਾਸਲ ਕਰ ਚੁੱਕੀ ਸੀ, ਪਰ ਇਸਦੇ ਬਾਵਜੂਦ ਚੇਅਰਮੈਨ ਤੇ ਵਾਈਸ ਚੇਅਰਮੈਨ ਦੀ ਚੋਣ ਨੂੰ ਤਿੰਨ ਵਾਰ ਮੁਲਤਵੀ ਕੀਤਾ ਗਿਆ ਤਾਂ ਜੋ ਕਾਂਗਰਸ ਦਾ ਕੋਈ ਮੈਂਬਰ ਤੋੜਿਆ ਜਾ ਸਕੇ ਪਰ ਕਾਂਗਰਸ ਪਾਰਟੀ ਦੀ ਇਕਜੁੱਟਤਾ ਨੇ ਵਿਰੋਧੀਆਂ ਦੀਆਂ ਸਕੀਮਾਂ ਸਫ਼ਲ ਨਾ ਹੋਣ ਦਿੱਤੀਆਂ ਅਤੇ ਮਾਣਯੋਗ ਹਾਈਕੋਰਟ ਦੇ ਹੁਕਮਾਂ ਤੋਂ ਬਾਅਦ ਅੱਜ ਚੌਥੀ ਮੀਟਿੰਗ ’ਚ ਚੋਣ ਪ੍ਰਕਿਰਿਆ ਸਿਰੇ ਚੜ੍ਹੀ ਹੈ। ਅਸ਼ੋਕ ਚੌਧਰੀ ਨੇ ਕਿਹਾ ਕਿ ਇਹ ਵਿਕਾਸ ਕਾਰਜਾਂ ਦੀ ਜਿੱਤ ਹੈ ਅਤੇ ਸਾਰੇ ਜਾਣਦੇ ਹਨ ਕਿ ਹੁਣ ਤੱਕ ਹਲਕਾ ਦੀਨਾਨਗਰ ਦੇ ਸਰਵਪੱਖੀ ਵਿਕਾਸ ਲਈ ਜਿੰਨਾ ਹੰਭਲਾ ਮੈਡਮ ਅਰੁਣਾ ਚੌਧਰੀ ਨੇ ਮਾਰਿਆ ਹੈ, ਐਨਾ ਕੰਮ ਹੁਣ ਤੱਕ ਕੋਈ ਨਹੀਂ ਕਰਵਾ ਸਕਿਆ ਹੈ। ਉਨ੍ਹਾਂ ਕਿਹਾ ਕਿ ਹਲਕੇ ਦੀ ਜਨਤਾ ਵਿਧਾਇਕਾ ਅਰੁਣਾ ਚੌਧਰੀ ਦੇ ਨਾਲ ਚੱਟਾਨ ਵਾਂਗ ਖੜ੍ਹੀ ਹੈ ਅਤੇ ਇਸਦਾ ਸਬੂਤ ਲੋਕਾਂ ਨੇ ਬਲਾਕ ਸੰਮਤੀ ਤੇ ਜ਼ਿਲ੍ਹਾ ਪ੍ਰੀਸ਼ਦ ਦੀਆਂ ਚੋਣਾਂ ਵਿੱਚ ਕਾਂਗਰਸ ਦੇ ਹੱਕ ਵਿੱਚ ਫ਼ਤਵਾ ਦੇ ਕੇ ਦਿੱਤਾ ਹੈ

## ਪੁਲਿਸ ਥਾਣਾ ਖਲਚੀਆਂ ਨੇ ਦੋ ਕਿੱਲੋ ਹੀਰੋਇਨ ਸਮੇਤ ਚਾਰ ਦੋਸ਼ੀ ਕਾਬੂ ਕੀਤੇ

ਬਾਬਾ ਬਕਾਲਾ ਸਾਹਿਬ, 1 ਅਪ੍ਰੈਲ( ਬਲਰਾਜ ਸਿੰਘ ਰਾਜਾ): ਬੀਤੀ ਰਾਤ ਪੁਲਿਸ ਥਾਣਾ ਖਲਚੀਆ ਦੀ ਟੀਮ ਨੇ ਗੁਪਤ ਸੂਚਨਾ ਦੇ ਅਧਾਰ ’ਤੇ ਨਾਕਾਬੰਦੀ ਦੌਰਾਨ ਕਥਿਤ ਚਾਰ ਦੋਸ਼ੀਆਂ ਨੂੰ ਦੋ ਕਿੱਲੋ ਹੀਰੋਇਨ ਸਮੇਤ ਕਾਬੂ ਕੀਤਾ ਹੈ।ਪੁਲਿਸ ਸੂਤਰਾਂ ਅਨੁਸਾਰ ਬੀਤੀ ਰਾਤ ਪੁਲੀਸ ਥਾਣਾ ਖਲਚੀਆ ਦੀ ਪੁਲਿਸ ਟੀਮ ਨੇ ਉੱਚ ਅਧਿਕਾਰੀਆਂ ਦੀਆ ਹਦਾਇਤਾਂ ਅਨੁਸਾਰ ਨਸਾ ਤਸਕਰਾਂ ਨੂੰ ਕਾਬੂ ਕਰਨ ਲਈ ਨਾਕਾਬੰਦੀ ਕੀਤੀ ਹੋਈ ਸੀ, ਇਸੇ ਦੌਰਾਨ ਗੁਪਤ ਸੂਚਨਾ ਮਿਲੀ ਕਿ ਕੁਝ ਨਸਾ ਤਸਕਰ ਕਾਲੇਕੇ ਤੋਂ ਖਲਚੀਆ ਵੱਲ ਆ ਰਹੇ ਹਨ। ਜਿਸ ਅਧਾਰ ’ਤੇ ਥਾਣਾ ਖਲਚੀਆ ਦੀ ਪੁਲਿਸ ਟੀਮ ਨੇ ਨਾਕਾਬੰਦੀ ਦੌਰਾਨ ਖਲਚੀਆ ਦਾਨਾ ਮੰਡੀ ਨਜ਼ਦੀਕ ਕੁਝ ਲੋਕਾਂ ਨੂੰ ਰੋਕਣ ਤੇ ਉਨ੍ਹਾਂ ਪਾਸੋਂ ਦੋ ਕਿੱਲੋ ਹੀਰੋਇਨ ਅਤੇ 2200 ਦੇ ਕਰੀਬ ਡਰੱਗ ਮਨੀ ਬਰਾਮਦ ਹੋਈ ਪੁਲਿਸ ਵੱਲੋਂ ਕ੍ਰਿਸਦੀਪ ਸਿੰਘ ਵਾਸੀ ਖਲਚੀਆ, ਗੁਰ ਬਲਰਾਜ ਸਿੰਘ ਵਾਸੀ ਪੰਜਾਲਾ ਅਬੋਹਰ, ਬਲਵਿੰਦਰ ਸਿੰਘ ਪੰਜਾਲਾ ਅਬੋਹਰ, ਸਾਹਿਲ ਵਾਸੀ ਮੱਦੇਪੁਰ ਰੋਡ ਖਲਚੀਆ ਨੂੰ ਕਾਬੂ ਕਰ ਲਿਆ ਗਿਆ ਹੈ।ਡੀ ਐੱਸ ਪੀ ਅਰੁਣ ਕੁਮਾਰ ਸਰਮਾ ਬਾਬਾ ਬਕਾਲਾ ਸਾਹਿਬ ਅਤੇ ਥਾਣਾ ਮੁਖੀ ਖਲਚੀਆ ਮੁਖਤਾਰ ਸਿੰਘ ਨੇ ਜਾਣਕਾਰੀ ਦੇਂਦੀਆਂ ਦੱਸਿਆ ਕਿ ਉਕਤ ਕਥਿਤ ਦੋਸ਼ੀ ਦਲਜੀਤ ਸਿੰਘ ਲਾਲਾ ਵਾਸੀ ਬੁੱਢਾ ਥੇਹ, ਅਤੇ ਨਵਪ੍ਰੀਤ ਸਿੰਘ ਉਰਫ਼ ਨਵ ਭੁੱਲਰ ਵਾਸੀ ਵਜ਼ੀਰ ਭੁੱਲਰ ਜੋ ਵਿਦੇਸ਼ ਵਿਚ ਰਹਿ ਕਿ ਨਸਾ ਤਸਕਰੀ ਗਰੁੱਪ ਚਲਾ ਰਹੇ ਹਨ ਦੇ ਮੈਂਬਰ ਹਨ ਅਤੇ ਪਿੰਡਾਂ ਵਿਚ ਭੋਲੇ-ਭਾਲੇ ਨੌਜਵਾਨਾ ਨੂੰ ਨਸ਼ੇ ਦੀ ਆਦਤ ਵਿਚ ਪਾ ਰਹੇ ਸਨ।ਜਿਨ੍ਹਾਂ ਪਾਸੋਂ ਦੋ ਕਿੱਲੋ ਹੀਰੋਇਨ ਬਰਾਮਦ ਕਰਨ ਤੇ ਦੋਸੀਆ ਵਿਰੁੱਧ ਜੇਰੇ ਧਾਰਾ 111 ਬੀ ਐਨ ਐਸ,21,29/61/85 ਐਨ ਡੀ ਪੀ ਐੱਸ ਐਕਟ ਦਰਜ ਕਰਕੇ ਕਾਰਵਾਈ ਕੀਤੀ ਜਾ ਰਹੀ ਹ

ਰੋਜ਼ਾਨਾ ਚੜ੍ਹਦੀਕਲਾ

## ਸਿਹਤ ਖ਼ਬਰਨਾਮਾ

# 30 ਸਾਲ ਤੋਂ ਵੱਧ ਉਮਰ ਦੀਆਂ ਔਰਤਾਂ ਨੂੰ ਲੈਣਾ ਚਾਹੀਦਾ ਹੈ ਕੈਲਸ਼ੀਅਮ

ਹੱਡੀਆਂ ਦੀ ਮਜ਼ਬੂਤੀ ਲਈ ਕੈਲਸ਼ੀਅਮ ਜ਼ਰੂਰੀ ਹੈ, ਪਰ 30 ਸਾਲ ਦੀ ਉਮਰ ਤੋਂ ਬਾਅਦ, ਔਰਤਾਂ ਦੇ ਕੈਲਸ਼ੀਅਮ ਦਾ ਪੱਧਰ ਘਟਣਾ ਸ਼ੁਰੂ ਹੋ ਜਾਂਦਾ ਹੈ। ਹਾਲਾਂਕਿ, ਔਰਤਾਂ ਅਕਸਰ ਸਮੇਂ ਸਿਰ ਇਸ



ਨੂੰ ਨਜ਼ਰਅੰਦਾਜ਼ ਕਰ ਦਿੰਦੀਆਂ ਹਨ, ਜੋ ਹੌਲੀ-ਹੌਲੀ ਓਸਟੀਓਪੋਰੋਸਿਸ ਵੱਲ ਲੈ ਜਾਂਦਾ ਹੈ।ਇਸ ਲਈ, ਕੈਲਸ਼ੀਅਮ ਦੀ ਕਮੀ ਨੂੰ ਜਲਦੀ ਪਛਾਣਨਾ ਮਹੱਤਵਪੂਰਨ ਹੈ। ਔਰਤਾਂ ਵਿੱਚ ਕੈਲਸ਼ੀਅਮ ਦੀ ਕਮੀ ਦੇ ਲੱਛਣਾਂ ਅਤੇ ਇਸ ਤੋਂ ਬਚਣ ਲਈ ਕੀ ਕਰਨਾ ਚਾਹੀਦਾ ਹੈ।

**ਮਾਸਪੇਸ਼ੀਆਂ ਵਿੱਚ ਕੜਵੱਲ ਅਤੇ ਦਰਦ** – ਲੱਤਾਂ, ਹੱਥਾਂ ਅਤੇ ਬਾਹਾਂ ਵਿੱਚ ਵਾਰ-ਵਾਰ ਖਿਚਾਅ ਜਾਂ ਕੜਵੱਲ ਕੈਲਸ਼ੀਅਮ ਦੀ ਕਮੀ ਦਾ ਸ਼ੁਰੂਆਤੀ ਸੰਕੇਤ ਹਨ। ਤੁਰਨ ਜਾਂ ਹਿੱਲਣ ਵੇਲੇ ਪੱਟਾਂ ਅਤੇ ਬਾਹਾਂ ਵਿੱਚ ਦਰਦ ਹੋ ਸਕਦਾ ਹੈ।

**ਬਹੁਤ ਜ਼ਿਆਦਾ ਥਕਾਵਟ ਅਤੇ ਸੁਸਤੀ** – ਜੇਕਰ ਤੁਸੀਂ ਦਿਨ ਭਰ ਥੱਕੇ ਹੋਏ ਅਤੇ ਸੁਸਤ ਮਹਿਸੂਸ ਕਰਦੇ ਹੋ, ਤਾਂ ਰਾਤ ਨੂੰ ਚੰਗੀ ਨੀਂਦ ਲੈਣ ਤੋਂ ਬਾਅਦ ਵੀ, ਇਹ ਹੱਡੀਆਂ ਦੇ ਕਮਜ਼ੋਰ ਹੋਣ ਦਾ ਸੰਕੇਤ ਹੋ ਸਕਦਾ ਹੈ। ਇਸ ਨਾਲ ਦਿਮਾਗੀ ਧੁੰਦ ਅਤੇ ਚੱਕਰ ਆਉਣ ਵਰਗੀਆਂ ਸਮੱਸਿਆਵਾਂ ਵੀ ਹੋ ਸਕਦੀਆਂ ਹਨ।

**ਕਮਜ਼ੋਰ ਨਹੁੰ ਅਤੇ ਖੁਸ਼ਕ ਚਮੜੀ** – ਕੈਲਸ਼ੀਅਮ ਦੀ ਕਮੀ ਨਾਲ ਨਹੁੰ ਪਤਲੇ ਹੋ ਸਕਦੇ ਹਨ ਅਤੇ ਟੁੱਟ ਸਕਦੇ ਹਨ। ਚਮੜੀ ਦੀ ਬਹੁਤ ਜ਼ਿਆਦਾ ਖੁਸ਼ਕੀ ਅਤੇ ਖੁਜਲੀ ਵੀ ਦੇਖੀ ਜਾ ਸਕਦੀ ਹੈ।

**ਦੰਦਾਂ ਦੀਆਂ ਸਮੱਸਿਆਵਾਂ** – ਸਾਡੇ ਸਰੀਰ ਦਾ ਜ਼ਿਆਦਾਤਰ ਕੈਲਸ਼ੀਅਮ ਸਾਡੇ ਦੰਦਾਂ ਅਤੇ ਹੱਡੀਆਂ ਵਿੱਚ ਜਮ੍ਹਾ ਹੁੰਦਾ ਹੈ। ਇਸ ਦੀ ਘਾਟ ਦੰਦਾਂ ਦੇ ਕਮਜ਼ੋਰ ਹੋਣ, ਮਸੂੜਿਆਂ ਵਿੱਚ ਦਰਦ ਅਤੇ ਦੰਦਾਂ ਦੇ ਸ਼ੁਰੂਆਤੀ ਸੜਨ ਦਾ ਕਾਰਨ ਬਣ ਸਕਦੀ ਹੈ।

**ਹੱਡੀਆਂ ਦਾ ਕਮਜ਼ੋਰ ਹੋਣਾ** – ਛੋਟੀ ਜਿਹੀ ਸੱਟ ਜਾਂ ਲਗਾਤਾਰ ਪਿੱਠ ਅਤੇ ਗਰਦਨ ਦੇ ਦਰਦ ਤੋਂ ਵੀ ਫ੍ਰੈਕਚਰ ਓਸਟੀਓਪੋਰੋਸਿਸ ਦੀ ਸ਼ੁਰੂਆਤ ਹੋ ਸਕਦੀ ਹੈ, ਜੋ ਕਿ ਗੰਭੀਰ ਕੈਲਸ਼ੀਅਮ ਦੀ ਕਮੀ ਦਾ ਸੰਕੇਤ ਹੈ।

# ਸਾਂਸਦ ਸੰਧੂ ਨੇ ਪੀ.ਐਮ. ਸੇਤੂ ਸਕੀਮ ਅਧੀਨ ਆਈਟੀਆਈਜ਼ ਨੂੰ ਅਪਗ੍ਰੇਡ ਕਰਨ ਲਈ ਪੰਜਾਬ ਦੇ ਉਦਯੋਗ ਕਲੱਸਟਰਾਂ ਵੱਲੋਂ ਦਿਖਾਈ ਦਿਲਚਸਪੀ ਬਾਰੇ ਸੰਸਦ 'ਚ ਵੇਰਵੇ ਮੰਗੇ

ਨਵੀਂ ਦਿੱਲੀ, 1 ਅਪ੍ਰੈਲ (ਅੰਮ੍ਰਿਤਪਾਲ ਸਿੰਘ) : ਸੰਸਦ ਮੈਂਬਰ (ਰਾਜ ਸਭਾ) ਸਤਨਾਮ ਸਿੰਘ ਸੰਧੂ ਨੇ ਕੇਂਦਰ ਸਰਕਾਰ ਦੁਆਰਾ ÷ਪੀਐਮ ਸੇਤੂ÷ (ਪ੍ਰਧਾਨ ਮੰਤਰੀ ਦੀ ਹੁਨਰ ਅਤੇ ਰੁਜ਼ਗਾਰ ਤਬਦੀਲੀ ਅਪਗ੍ਰੇਡ ਕੀਤੇ ਆਈਟੀਆਈਜ਼ ਰਾਹੀਂ) ਯੋਜਨਾ ਦੀ ਸ਼ੁਰੂਆਤ ਦੀ ਸ਼ਲਾਘਾ ਕੀਤੀ। ਇਸ ਯੋਜਨਾ ਦਾ ਉਦੇਸ਼ ਕੇਂਦਰ ਸਰਕਾਰ, ਰਾਜ ਸਰਕਾਰ ਅਤੇ ਉਦਯੋਗ ਦੇ ਸਾਂਝੇ ਯਤਨਾਂ ਰਾਹੀਂ ਆਈਟੀਆਈਜ਼ ਨੂੰ ਅਪਗ੍ਰੇਡ ਕਰਨਾ ਹੈ। ਸੰਸਦ ਵਿੱਚ ਇੱਕ ਸਵਾਲ ਦੇ ਜਵਾਬ ਵਿੱਚ, ਸੰਸਦ ਮੈਂਬਰ ਸਤਨਾਮ ਸੰਧੂ ਨੇ ਪੀਐਮ ਸੇਤੂ ਸਕੀਮ ਅਧੀਨ ਪੰਜਾਬ ਵਿੱਚ ਉਦਯੋਗ ਕਲੱਸਟਰਾਂ ਦੀ ਪਛਾਣ ਬਾਰੇ ਜਾਣਕਾਰੀ ਮੰਗੀ। ਐਮਪੀ ਸੰਧੂ ਨੇ ਸਰਕਾਰ ਤੋਂ ਉਨ੍ਹਾਂ ਉਦਯੋਗਾਂ ਦੇ ਹੁੰਗਾਰੇ ਬਾਰੇ ਵੀ ਪੁੱਛਿਆ ਜਿਨ੍ਹਾਂ ਨੇ ਇਸ ਯੋਜਨਾ ਦੇ ਤਹਿਤ ਆਪਣੀਆਂ ਰਣਨੀਤਕ ਨਿਵੇਸ਼ ਯੋਜਨਾਵਾਂ ਜਮ੍ਹਾਂ ਕਰਵਾਈਆਂ ਹਨ। ਆਪਣੇ ਸੰਬੋਧਨ ਵਿੱਚ, ਐਮਪੀ ਸਤਨਾਮ ਸੰਧੂ ਨੇ ਇਹ ਵੀ ਕਿਹਾ ਕਿ ਕੇਂਦਰ ਸਰਕਾਰ ਨੇ ਪੀਐਮ ਸੇਤੂ ਯੋਜਨਾ ਲਈ ?60,000 ਕਰੋੜ ਦਾ ਬਜਟ ਅਲਾਟ ਕੀਤਾ ਹੈ। ਇਸ ਯੋਜਨਾ ਦਾ ਉਦੇਸ਼ ਆਈਟੀਆਈ (ਉਦਯੋਗਿਕ ਸਿਖਲਾਈ ਸੰਸਥਾਵਾਂ) ਨੂੰ ਆਧੁਨਿਕ ਬਣਾਉਣਾ ਹੈ, ਜਿਸ ਨਾਲ ਇਨ੍ਹਾਂ ਸੰਸਥਾਵਾਂ ਵਿੱਚ ਸਿਖਲਾਈ ਪ੍ਰਾਪਤ ਨੌਜਵਾਨ



ਕਾਰਜਬਲ ਦੇ ਹੁਨਰਾਂ ਨੂੰ ਅਪਗ੍ਰੇਡ ਅਤੇ ਵਿਕਸਤ ਕੀਤਾ ਜਾ ਸਕੇ।

ਰਾਜ ਸਭਾ ਵਿੱਚ ਆਪਣੇ ਸਵਾਲ ਵਿੱਚ, ਐਮਪੀ ਸਤਨਾਮ ਸੰਧੂ ਨੇ ਪੀਐਮ ਸੇਤੂ ਯੋਜਨਾ ਨੂੰ ਕੇਂਦਰ ਸਰਕਾਰ ਦੀ ਇੱਕ ਕ੍ਰਾਂਤੀਕਾਰੀ ਅਤੇ ਦੂਰਦਰਸ਼ੀ ਯੋਜਨਾ ਦੱਸਿਆ ਅਤੇ ਪੰਜਾਬ ਵਿੱਚ ਪਛਾਣੇ ਗਏ ਉਦਯੋਗ ਕਲੱਸਟਰਾਂ ਦੀ ਗਿਣਤੀ ਅਤੇ ਇਸ ਯੋਜਨਾ ਦੇ ਤਹਿਤ ਪ੍ਰਾਪਤ ਨਿਵੇਸ਼ਾਂ ਬਾਰੇ ਜਾਣਕਾਰੀ ਮੰਗੀ। ਉਨ੍ਹਾਂ ਇਹ ਵੀ ਪੁੱਛਿਆ ਕਿ ਯੋਜਨਾ ਦੀਆਂ ਸ਼ਰਤਾਂ ਅਨੁਸਾਰ ਕਿੰਨੇ ਐਂਕਰ ਉਦਯੋਗ ਭਾਈਵਾਲਾਂ ਨੇ ਆਪਣੀਆਂ ਰਣਨੀਤਕ ਨਿਵੇਸ਼ ਯੋਜਨਾਵਾਂ ਜਮ੍ਹਾਂ ਕਰਵਾਈਆਂ ਹਨ।

ਜ਼ਮੀਨੀ ਸਥਿਤੀ ਵੱਲ ਧਿਆਨ ਦਿਵਾਉਂਦੇ ਹੋਏ, ਸੰਧੂ ਨੇ ਕਿਹਾ ਕਿ ਜਦੋਂ ਕਿ ਪੰਜਾਬ ਦਾ ਉਦਯੋਗ ਚੁਣੌਤੀਆਂ ਦਾ ਸਾਹਮਣਾ ਕਰ ਰਿਹਾ ਹੈ, ਰਾਜ ਦੇ ਨੌਜਵਾਨ ਉੱਚ-ਗੁਣਵੱਤਾ ਵਾਲੇ ਹੁਨਰ ਸਿੱਖਣ ਲਈ ਅੱਗੇ ਆ ਰਹੇ ਹਨ। ਉਨ੍ਹਾਂ ਨੇ ਸਰਕਾਰ ਨੂੰ ਕਲੱਸਟਰ ਵਿਕਾਸ ਅਤੇ ਨਿਵੇਸ਼ ਬਾਰੇ ਸਪੱਸ਼ਟ ਜਾਣਕਾਰੀ ਪ੍ਰਦਾਨ ਕਰਨ ਦੀ ਅਪੀਲ ਕੀਤੀ, ਤਾਂ ਜੋ ਉਦਯੋਗ ਦੀਆਂ ਜ਼ਰੂਰਤਾਂ ਅਤੇ ਹੁਨਰ ਵਿਕਾਸ ਯਤਨਾਂ ਵਿਚਕਾਰ ਬਿਹਤਰ ਤਾਲਮੇਲ ਪ੍ਰਾਪਤ ਕੀਤਾ ਜਾ ਸਕੇ। ਇਸ ਸਵਾਲ ਦੇ ਜਵਾਬ ਵਿੱਚ, ਕੇਂਦਰੀ ਹੁਨਰ ਵਿਕਾਸ ਅਤੇ ਉੱਦਮਤਾ ਰਾਜ ਮੰਤਰੀ ਜਯੰਤ ਚੌਧਰੀ ਨੇ ਕਿਹਾ ਕਿ ਪੰਜਾਬ ਨੇ ਪਹਿਲਾਂ ਹੀ ਇਸ ਯੋਜਨਾ ਦੇ ਤਹਿਤ ਉਦਯੋਗ ਕਲੱਸਟਰਾਂ ਦੀ ਪਛਾਣ ਕਰ ਲਈ ਹੈ, ਜੋ ਕਿ ਰਾਜ ਦੀ ਰਾਸ਼ਟਰੀ ਸੰਚਾਲਨ ਕਮੇਟੀ ਦੇ ਮਾਰਗਦਰਸ਼ਨ ਅਤੇ ਦਿਸ਼ਾ-ਨਿਰਦੇਸ਼ਾਂ ਹੇਠ ਕੰਮ ਕਰਨਗੇ। ਹੁਨਰ ਵਿਕਾਸ ਰਾਜ ਮੰਤਰੀ ਨੇ ਇਹ ਵੀ ਕਿਹਾ ਕਿ ਰਾਜ ਨੇ ਇਸ ਯੋਜਨਾ ਲਈ ਇੱਕ ਵੱਖਰਾ ਰਾਜ ਬਜਟ ਹੈੱਡ ਬਣਾਇਆ ਹੈ। ਹਾਲਾਂਕਿ, ਹੁਨਰ ਵਿਕਾਸ ਰਾਜ ਮੰਤਰੀ ਨੇ ਕਿਹਾ ਕਿ ਪੰਜਾਬ ਨੇ ਪੀਐਫਪੀ ਵੀ ਬਣਾਈ ਹੈ ਅਤੇ ਰਾਜ ਦੇ ਬਜਟ ਵਿੱਚ ਇੱਕ ਵੱਖਰਾ ਹੈੱਡ ਬਣਾਇਆ ਹੈ। ਹਾਲਾਂਕਿ, ਪੰਜਾਬ ਨੇ ਅਜੇ ਤੱਕ ਐਂਕਰ ਇੰਡਸਟਰੀ ਪਾਰਟਨਰ ਲਈ ਆਰਐਫਪੀ ਜਾਰੀ ਨਹੀਂ ਕੀਤਾ ਹੈ। ÷ਅਸੀਂ ਤਾਲਮੇਲ ਕਰ ਰਹੇ ਹਾਂ ਅਤੇ ਉਮੀਦ ਕਰਦੇ ਹਾਂ ਕਿ ਪੰਜਾਬ ਸਰਕਾਰ ਇਸ ਵਿੱਚ ਸਹਿਯੋਗ ਕਰੇਗੀ,÷ ਉਨ੍ਹਾਂ ਕਿਹਾ। ਦੇਸ਼ ਵਿੱਚ ਸਮਰੱਥਾ ਨਿਰਮਾਣ ਅਤੇ ਹੁਨਰ ਵਿਕਾਸ ਬੁਨਿਆਦੀ ਢਾਂਚੇ ਨੂੰ ਬਿਹਤਰ ਬਣਾਉਣ ਬਾਰੇ, ਚੌਧਰੀ ਨੇ ਕਿਹਾ, ÷ਪੀਐਮ ਸੇਤੂ ਦੇ ਦੂਜੇ ਹਿੱਸੇ ਦੇ ਤਹਿਤ, ਉੱਨਤ ਸਿਖਲਾਈ ਅਤੇ ਟ੍ਰੇਨਰ ਵਿਕਾਸ ਲਈ ਪੰਜ ਰਾਸ਼ਟਰੀ ਉੱਤਮਤਾ ਕੇਂਦਰ ਸਥਾਪਤ ਕੀਤੇ ਜਾ ਰਹੇ ਹਨ, ਜਿਨ੍ਹਾਂ ਵਿੱਚੋਂ ਇੱਕ ਦੀ ਪਛਾਣ ਪੰਜਾਬ ਦੇ ਲੁਧਿਆਣਾ ਵਿੱਚ ਰਾਸ਼ਟਰੀ ਹੁਨਰ ਸਿਖਲਾਈ ਸੰਸਥਾ (ਐਨਐਸਟੀਆਈ) ਵਿਖੇ ਕੀਤੀ ਗਈ ਹੈ। ਇਹ ਧਿਆਨ ਦੇਣਾ ਮਹੱਤਵਪੂਰਨ ਹੈ ਕਿ ਇਨ੍ਹਾਂ ਸੀਓਈਜ਼ ਦਾ ਮੁੱਖ ਉਦੇਸ਼ ਆਈਟੀਆਈ ਇੰਸਟ੍ਰਕਟਰਾਂ ਅਤੇ ਮਾਸਟਰ ਟ੍ਰੇਨਰਾਂ ਦੀ ਸਮਰੱਥਾ ਬਣਾਉਣਾ, ਸਿਖਲਾਈ ਦੀ ਗੁਣਵੱਤਾ ਨੂੰ ਮਿਆਰੀ ਬਣਾਉਣਾ ਅਤੇ ਉਦਯੋਗ ਦੀਆਂ ਜ਼ਰੂਰਤਾਂ ਅਤੇ ਉੱਭਰ ਰਹੀਆਂ ਤਕਨਾਲੋਜੀਆਂ ਨਾਲ ਸਿੱਖਿਆ ਦੇ ਤਰੀਕਿਆਂ ਨੂੰ ਇਕਸਾਰ ਕਰਨਾ ਹੈ। ਇਹ ਸੈਂਟਰ ਆਫ਼ ਐਕਸੀਲੈਂਸ ਉੱਨਤ ਅਤੇ ਤਕਨਾਲੋਜੀ-ਅਧਾਰਤ ਸਿਖਲਾਈ ਪ੍ਰਦਾਨ ਕਰਨਗੇ, ਆਧੁਨਿਕ ਪਾਠਕ੍ਰਮ ਵਿਕਸਤ ਕਰਨਗੇ, ਅਤੇ ਕਿੱਤਾਮੁਖੀ ਸਿੱਖਿਆ ਵਿੱਚ ਸਭ ਤੋਂ ਵਧੀਆ ਅਭਿਆਸਾਂ ਲਈ ਨੋਡਲ ਕੇਂਦਰਾਂ ਵਜੋਂ ਕੰਮ ਕਰਨਗੇ। ਇਹ ਨੈਸ਼ਨਲ ਸੈਂਟਰ ਆਫ਼ ਐਕਸੀਲੈਂਸ ਉਦਯੋਗ ਭਾਈਵਾਲਾਂ ਨਾਲ ਮਿਲ ਕੇ ਕੰਮ ਕਰਨਗੇ ਤਾਂ ਜੋ ਖੇਤੀਬਾੜੀ, ਫੂਡ ਪ੍ਰੋਸੈਸਿੰਗ, ਡੇਅਰੀ, ਜਾਂ ਕਿਸੇ ਹੋਰ ਸਥਾਨਕ ਮੁਹਾਰਤ ਵਾਲੇ ਖੇਤਰਾਂ ਵਿੱਚ ਸਥਾਨਕ ਜ਼ਰੂਰਤਾਂ ਦੇ ਅਨੁਸਾਰ ਹੁਨਰ ਹੱਲ ਵਿਕਸਤ ਕੀਤੇ ਜਾ ਸਕਣ ਜੋ ਉਦਯੋਗ ਦੀਆਂ ਜ਼ਰੂਰਤਾਂ ਨਾਲ ਸੰਬੰਧਿਤ ਹਨ।

ਰਾਜ ਨੇ ਹੁਸ਼ਿਆਰਪੁਰ ਵਿੱਚ ਇੱਕ ਪਾਇਲਟ ਕਲੱਸਟਰ ਦੀ ਪਛਾਣ ਕੀਤੀ ਹੈ, ਜਿਸ ਵਿੱਚ ਗੁਰਦਾਸਪੁਰ, ਪਠਾਨਕੋਟ, ਨਵਾਂਸ਼ਹਿਰ ਅਤੇ ਅੰਮ੍ਰਿਤਸਰ ਵਰਗੇ ਜ਼ਿਲ੍ਹਿਆਂ ਵਿੱਚ ਕਈ ਆਈ.ਟੀ.ਆਈ. ਸ਼ਾਮਲ ਹਨ। ਜ਼ਿਕਰਯੋਗ ਹੈ ਕਿ ਪੀ.ਐਮ. ਸੇਤੂ ਸਕੀਮ ਜੁਲਾਈ 2025 ਵਿੱਚ ਸ਼ੁਰੂ ਕੀਤੀ ਗਈ ਸੀ। ਇਸਦਾ ਮੁੱਖ ਉਦੇਸ਼ ਆਈ.ਟੀ.ਆਈ. ਅਤੇ ਐਨ.ਐਸ.ਟੀ.ਆਈ. ਨੂੰ ਆਧੁਨਿਕ ਬੁਨਿਆਦੀ ਢਾਂਚਾ, ਉਦਯੋਗ-ਵਿਸ਼ੇਸ਼ ਕੋਰਸ ਅਤੇ ਮਜ਼ਬੂਤ ਉਦਯੋਗਿਕ ਸਬੰਧ ਪ੍ਰਦਾਨ ਕਰਕੇ ਭਾਰਤ ਦੇ ਕਾਰਜਬਲ ਨੂੰ ਆਧੁਨਿਕ ਬਣਾਉਣਾ ਸੀ। ਇਸਦਾ ਉਦੇਸ਼ ਟ੍ਰੇਨਰਾਂ ਦੀ ਸਮਰੱਥਾ ਨੂੰ ਵਧਾਉਣਾ ਅਤੇ ਇੱਕ ਉਦਯੋਗ-ਅਧਾਰਤ, ਮੰਗ-ਅਧਾਰਤ ਹੁਨਰ ਪ੍ਰਣਾਲੀ ਵੱਲ ਵਧਣਾ ਵੀ ਸੀ ਜੋ ਰੁਜ਼ਗਾਰ ਦੇ ਮੌਕਿਆਂ ਨੂੰ ਬਿਹਤਰ ਬਣਾਉਂਦਾ ਹੈ।

# 1947 ਦੇ ਸ਼ਹੀਦਾਂ ਨੂੰ ਯਾਦ ਕਰਦਿਆ ਕਹੂਟਾ ਪੋਠੋਹਾਰ ਬਰਾਦਰੀ ਵੱਲੋਂ ਸਲਾਨਾ ਗੁਰਮਤਿ ਸਮਾਗਮ

## ਸਮਾਜ ਦੇ ਧਾਰਮਿਕ ਖੇਤਰ 'ਚ ਸੰਸਥਾ ਕਰ ਰਹੀ ਨੇਕ ਸੇਵਾਵਾਂ: ਹਰਵਿੰਦਰ ਸਿੰਘ, ਚਰਨਜੀਤ ਸ਼ਾਹ

ਨਵੀਂ ਦਿੱਲੀ, 1 ਅਪ੍ਰੈਲ (ਅਮਰਜੀਤ ਸਿੰਘ) : ਕਹੂਟਾ ਪੋਠੋਹਾਰ ਬਰਾਦਰੀ ਐਸੋਸੀਏਸ਼ਨ ਦਿੱਲੀ ਦੀਆਂ ਸਮੂਹ ਸੰਗਤਾਂ ਵੱਲੋਂ 1947 ਦੇ ਸ਼ਹੀਦਾਂ ਨੂੰ ਯਾਦ ਕਰਦਿਆ ਹੋਇਆਸਲਾਨਾ ਗੁਰਮਤਿ ਸਮਾਗਮ ਡੇਰਾ ਸੰਤਪੁਰਾ ਗੁਰਦੁਆਰਾ ਸਾਹਿਬ ਨਜ਼ਫਗੜ੍ਹ ਰੋਡ ਤਿਲਕਨਗਰ ਵਿਖੇ ਬੜੇ ਸ਼ਰਧਾ ਤੇ ਸਤਿਕਾਰ ਨਾਲ ਮਨਾਇਆ ਗਿਆ। ਇਸ ਸਮਾਗਮ ਵਿੱਚ ਬਰਦਾਰੀ ਦੇ ਬੱਚਿਆ ਨੇ ਗੁਰਬਾਣੀ ਰਾਹੀ ਸੰਗਤਾ ਨੂੰ ਨਿਹਾਲ ਕੀਤਾ। ਵਿਸ਼ੇਸ਼ ਤੌਰ ਤੇ ਪਹੁੰਜੇ ਸ. ਚਰਨਜੀਤ ਸਿੰਘ ਜੀ ਸ਼ਾਹ, ਭੁਪਿੰਦਰ ਸਿੰਘ ਯੂਐਸਏ ਵਾਲਿਆ ਨੇ ਕਹੂਟਾ ਪੋਠੋਹਾਰ ਬਾਰਦਰੀ ਬਾਰੇ ਗੁਰਮਤਿ ਰਾਹੀ ਸੰਗਤਾ ਨੂੰ ਜਾਣਕਾਰੀ ਸਾਂਝੀ ਕੀਤੀ। ਇਸ ਮੌਕੇ ਤੇ ਆਈਆਂ ਹੋਈਆਂ ਸੰਗਤਾਂ ਦਾ ਸਨਮਾਨ ਵੀ ਕੀਤਾ ਗਿਆ। ਚੜ੍ਹਦੀਕਲਾ ਟਾਈਮ ਟੀਵੀ ਦੇ ਸਟਾਫ ਰਿਪੋਰਟ ਸ. ਅਮਰਜੀਤ ਸਿੰਘ ਨਾਲ ਗੱਲਬਾਤ ਕਰਦੇ ਹੋਇਆ ਕਹੂਟਾ ਪੋਠੋਹਾਰ



ਬਰਾਦਰੀ ਐਸੋਸੀਏਸ਼ਨ ਦਿੱਲੀ ਦੇ ਪ੍ਰਧਾਨ ਸ. ਹਰਵਿੰਦਰ ਸਿੰਘ ਨੇ ਅਤੇ ਪ੍ਰੋ. ਚਰਨਜੀਤ ਸਿੰਘ ਸ਼ਾਹ ਏਅਰਪੋਰਟ ਮੈਨ ਆਫ ਇੰਡੀਆ ਅਤੇ ਸਮੂਹ ਬਰਾਦਰੀ ਦੇ ਮੈਂਬਰ ਸਾਹਿਬਾਨਾਂ ਨੇ ਦੱਸਿਆ ਕਿ ਇਹ ਬਾਰਦਰੀ ਜੋ ਕਿ ਪਿਛਲੇ ਲੰਬੇ ਸਮੇਂ ਤੋਂ ਉਨ੍ਹਾਂ ਸ਼ਹੀਦਾਂ ਨੂੰ ਯਾਦ ਕਰ ਰਹੀ ਹੈ ਜਿਨ੍ਹਾਂ ਸ਼ਹੀਦ ਪਰਿਵਾਰਾਂ ਦੇ ਨੌਧਿਆਂ ਨੇ ਆਪਣੀ ਸ਼ਹੀਦੀ ਦੇ ਦਿੱਤੀ ਪਰ ਆਪਣਾ ਸਿੱਖੀ ਸਿਦਕ ਨਹੀਂ ਛੱਡਿਆ। ਉਨ੍ਹਾਂ ਇਸ ਗੱਲ ਦਾ ਵੀ ਜ਼ਿਕਰ ਕੀਤਾ ਕਿ ਇਸ ਬਾਰਦਰੀ ਦ ਕੋਈ ਵੀ ਪਰਿਵਾਰਕ ਮੈਂਬਰ ਇਸ ਸੰਸਥਾ ਨਾਲ ਜੁੜਨਾ ਚਾਹੁੰਦਾ ਹੈ ਤਾਂ ਉਹ ਦਿੱਲੀ ਸੰਸਥਾ ਨਾਲ ਸੰਪਰਕ ਕਰ ਸਕਦਾ ਹੈ ਅਤੇ ਜੇਕਰ ਕਿਸੇ ਵੀ ਕਹੂਟਾ ਪੋਠੋਹਾਰ ਬਰਾਦਦੀ ਦੇ ਮੈਂਬਨਰ ਘਰੇ ਮੈਗਜ਼ੀਨ ਨਹੀਂ ਪਹੁੰਚਦੀ ਤਾਂ ਉਹ ਆਪਣਾ ਘਰ ਦਾ ਪਤਾ ਦੇ ਕੇ ਮੈਨਗਜ਼ੀਨ ਮਗਵਾਂ ਸਕਦੇ ਹਨ। ਉਨ੍ਹਾ ਇਸ ਗੱਲ ਦਾ ਵੀ ਜ਼ਿਕਰ ਕੀਤਾ ਹੈ ਕਿ ਸਮੂਹ ਬਰਾਦਰੀ ਕਿਸੇ ਵੀ ਮੈਂਬਰ ਨੂੰ ਕੋਈ ਵੀ ਦੁਖ ਤਕਲੀਫ ਹੁੰਦੀ ਹੈ ਤਾ ਉਸੀ ਦਿੱਲੀ ਦੇ ਹੈੱਡਕੁਆਰਟ ਨਾਲ ਸੰਪਰਕ ਕੀਤਾ ਜਾ ਸਕੇ ਅਤੇ ਪਰਵਾਰ ਦੀ ਜਾਕਣਾਰੀ ਛਪ ਸਕੇ ਅਤੇ ਸਮੂਹ ਬਰਾਦਰੀ ਨੂੰ ਪਤਾ ਲੱਗ ਸਕੇ। ਚਰਨਜੀਤ ਸ਼ਾਹ ਨੇ ਇਸ ਗੱਲ ਦਾ ਜ਼ਿਕਰ ਕੀਤਾ ਹੈ ਕਿ ਬਰਾਦਰੀ ਦੇ ਸਮੂਹ ਭਾਈਚਾਰੇ ਦੇ ਲੋਕ ਜੋ ਕਿ ਵੱਡੇ ਅਹੁਦਿਆਂ ਤੇ ਤਾਇਨਾਤ ਹਨ ਉਨ੍ਹਾਂ ਸਾਰਿਆ ਦੇ ਸਹਿਯੋਗ ਨਾਲ ਸੰਸਥਾ ਵੱਲੋਂ ਸਮਾਜ ਭਲਾਈ ਦੇ ਅਨੇਕਾਂ ਕਾਰਜ ਕੀਤੇ ਜਾ ਰਹੇ ਹਨ। ਅੱਜ ਕੱਲ੍ਹ ਦੀ ਪੀੜ੍ਹੀ ਨੂੰ ਕਹੂਟਾ ਪੋਠੋਹਾਰ ਦੀ ਬੋਲੀ ਨਾਲ ਜੋੜਿਆ ਜਾ ਰਿਹਾ ਹੈ। ਇਸ ਮੌਕੇ ਤੇ ਵੀਰ ਭੁਪਿੰਦਰ ਸਿੰਘ ਯੂਐਸਏ, ਚਰਨਜੀਤ ਸ਼ਾਹ, ਹਰਵਿੰਧਰ ਸਿੰਘ ਪ੍ਰਧਾਨ, ਚੌਧਰੀ ਰਜਿੰਦਰ ਸਿੰਘ, ਰਣਜੀਤ ਸਿੰਘ ਕੋਅਡੀਟਰ, ਬਲਜੀਤ ਸਿੰਘ ਖਜ਼ਾਨਚੀ, ਗੁਰਵਿੰਦਰਪਾਲ ਸਿੰਘ ਮਲਹੋਤਰਾ ਚੇਅਰਮੈਨ, ਕਰਨਲ ਐਨਪੀ ਸਿੰਘ, ਬੀਬੀ ਵਰਿੰਦਰ ਕੌਰ ਬਖਸ਼ੀ ਤੋਂ ਇਲਾਵਾ ਸੰਗਤਾਂ ਹਾਜ਼ਰ ਸਨ।

# ਰਾਸ਼ਟਰਪਤੀ ਵੱਲੋਂ ਡਾ. ਸ਼੍ਰੀ ਸ਼੍ਰੀ ਸ਼ਿਵਕੁਮਾਰ ਸਵਾਮੀ ਦੇ 119ਵੇਂ ਜਨਮ ਦਿਵਸ ਸਮਾਰੋਹ ਮੌਕੇ ਸ਼ਿਰਕਤ




ਤੁਮਾਕੁਰੂ, 1 ਅਪ੍ਰੈਲ (ਅੰਮ੍ਰਿਤਪਾਲ ਸਿੰਘ) : ਮੈਨੂੰ ਸ਼੍ਰੀ ਸ਼ਿਵਕੁਮਾਰ ਸਵਾਮੀ ਦੇ ਜਨਮ ਦਿਵਸ ਅਤੇ ਗੁਰੂਵੰਦਨਾ ਦੇ ਸ਼ੁਭ ਮੌਕੇ 'ਤੇ ਇੱਥੇ ਮੌਜੂਦ ਹੋ ਕੇ ਬਹੁਤ ਖੁਸ਼ੀ ਹੋ ਰਹੀ ਹੈ। ਮੇਰਾ ਮੰਨਣਾ ਹੈ ਕਿ ਸ਼੍ਰੀ ਸ਼ਿਵਕੁਮਾਰ ਸਵਾਮੀ ਵਰਗੇ ਸੰਤ ਸਾਡੇ ਸਮਾਜ ਅਤੇ ਰਾਸ਼ਟਰ ਦੀ ਆਤਮਾ ਨੂੰ ਆਕਾਰ ਦਿੰਦੇ ਹਨ। ਉਨ੍ਹਾਂ ਦਾ ਭੌਤਿਕ ਸਰੀਰ 2019 ਵਿੱਚ ਪਰਮ ਪੁਰਖ ਨਾਲ ਅਭੇਦ ਹੋ ਗਿਆ, ਪਰ ਉਨ੍ਹਾਂ ਦੀ ਅਧਿਆਤਮਿਕ ਧਾਰਾ ਸਮਾਜ ਅਤੇ ਦੇਸ਼ ਨੂੰ ਹਮੇਸ਼ਾ ਲਈ ਪੋਸ਼ਣ ਅਤੇ ਪੋਸ਼ਣ ਦਿੰਦੀ ਰਹੇਗੀ। ਅਸੀਂ ਸੌ ਸਾਲ ਪੁਰਾਣੇ ਹੋਣ ਤੱਕ ਜੀਉਂਦੇ ਰਹੀਏ, ਅਤੇ ਇਸ ਤੋਂ ਵੀ ਅੱਗੇ। ਇਹ ਪ੍ਰਾਰਥਨਾ ਸਿਰਫ਼ ਲੰਬੀ ਉਮਰ ਦੀ ਕਾਮਨਾ ਨਹੀਂ ਕਰਦੀ। ਇਹ ਕਾਮਨਾ ਕਰਦੀ ਹੈ ਕਿ ਇੱਕ ਵਿਅਕਤੀ ਪੂਰੀ ਤਰ੍ਹਾਂ ਸਿਹਤਮੰਦ, ਕਿਰਿਆਸ਼ੀਲ ਅਤੇ ਸਵੈ-ਨਿਰਭਰ ਰਹੇ। ਮੈਨੂੰ ਦੱਸਿਆ ਗਿਆ ਹੈ ਕਿ ਸ਼੍ਰੀ ਸ਼ਿਵਕੁਮਾਰ ਸਵਾਮੀ ਜੀ ਨੇ ਆਪਣੀ ਸ਼ਤਾਬਦੀ ਪੂਰੀ ਕਰਨ ਤੋਂ ਬਾਅਦ ਕਈ ਸਾਲਾਂ ਤੱਕ ਆਪਣੀ ਅਧਿਆਤਮਿਕ ਸਰਗਰਮੀ ਨਾਲ ਮਨੁੱਖਤਾ ਨੂੰ ਅਮੀਰ ਬਣਾਇਆ। ਗਰੀਬਾਂ ਅਤੇ ਪਛੜੇ ਲੋਕਾਂ ਦੀ ਸੇਵਾ ਲਈ ਸਮਰਪਿਤ ਉਨ੍ਹਾਂ ਦਾ ਜੀਵਨ ਭਲਾਈ ਕਾਰਜਾਂ ਰਾਹੀਂ ਅਧਿਆਤਮਿਕਤਾ ਨੂੰ ਪ੍ਰਗਟ ਕਰਨ ਦੀ ਇੱਕ ਵਿਲੱਖਣ ਉਦਾਹਰਣ ਹੈ। ਮੈਂ ਸਵਾਮੀ ਜੀ ਦੇ ਚੰਗੇ ਕੰਮਾਂ ਦੀ ਪਰੰਪਰਾ ਨੂੰ ਅੱਗੇ ਵਧਾਉਣ ਲਈ ਮੱਠ ਨਾਲ ਜੁੜੇ ਸਾਰੇ ਲੋਕਾਂ ਦੀ ਪ੍ਰਸ਼ੰਸਾ ਕਰਦੀ ਹਾਂ। ਮੱਠ ਵੱਲੋਂ ਵੱਡੀ ਗਿਣਤੀ ਵਿੱਚ ਪੇਂਡੂ ਬੱਚਿਆਂ ਨੂੰ ਮੁਫ਼ਤ ਭੋਜਨ, ਰਿਹਾਇਸ਼ ਅਤੇ ਸਿੱਖਿਆ ਦਾ ਪ੍ਰਬੰਧ ਇੱਕ ਸ਼ਲਾਘਾਯੋਗ ਯਤਨ ਹੈ। ਮੈਨੂੰ ਇਹ ਜਾਣ ਕੇ ਵਿਸ਼ੇਸ਼ ਤੌਰ @ਤੇ ਖੁਸ਼ੀ ਹੋਈ ਹੈ ਕਿ ਮੱਠ ਪ੍ਰਾਇਮਰੀ ਸਕੂਲ ਤੋਂ ਲੈ ਕੇ ਇੰਜੀਨੀਅਰਿੰਗ ਅਤੇ ਪ੍ਰਬੰਧਨ ਵਿੱਚ ਉੱਚ ਸਿੱਖਿਆ ਤੱਕ ਸਿੱਖਿਆ ਪ੍ਰਦਾਨ ਕਰਦਾ ਹੈ। ਇਸ ਉਦੇਸ਼ ਲਈ ਕਈ ਵਿਦਿਅਕ ਸੰਸਥਾਵਾਂ ਸਥਾਪਿਤ ਕੀਤੀਆਂ ਗਈਆਂ ਹਨ। ਮੈਨੂੰ ਇਹ ਵੀ ਦੱਸਿਆ ਗਿਆ ਹੈ ਕਿ ਸ਼੍ਰੀ ਸ਼ਿਵਕੁਮਾਰ ਸਵਾਮੀ ਜੀ ਦੀ ਅਗਵਾਈ ਹੇਠ ਸਥਾਪਿਤ ਸ਼੍ਰੀ ਸਿੱਧ-ਗੰਗਾ ਹਸਪਤਾਲ ਆਮ ਲੋਕਾਂ ਨੂੰ ਸ਼ਾਨਦਾਰ ਸਿਹਤ ਸੰਭਾਲ ਸੇਵਾਵਾਂ ਪ੍ਰਦਾਨ ਕਰਦਾ ਹੈ। ਇਸ ਤਰ੍ਹਾਂ, ਇਹ ਕਿਹਾ ਜਾ ਸਕਦਾ ਹੈ ਕਿ ਸਿੱਧ-ਗੰਗਾ ਮੱਠ ਭੋਜਨ ਦੀ ਗੰਗਾ, ਦਇਆ ਦੀ ਗੰਗਾ ਅਤੇ ਸਿੱਖਿਆ ਦੀ ਗੰਗਾ ਵਿੱਚੋਂ ਨਿਰੰਤਰ ਵਹਿੰਦਾ ਹੈ।ਇਹ ਮੱਠ ਅੱਜ ਵੀ ਸੇਵਾ ਅਤੇ ਅਧਿਆਤਮਿਕਤਾ ਦੀ ਸਦੀਆਂ ਪੁਰਾਣੀ ਪਰੰਪਰਾ ਨੂੰ ਜਾਰੀ ਰੱਖਦਾ ਹੈ। ਸਾਡੀ ਪਰੰਪਰਾ ਗਿਆਨ ਦੇ ਤੋਹਫ਼ੇ ਨੂੰ ਬਹੁਤ ਮਹੱਤਵ ਦਿੰਦੀ ਹੈ। ਸਿੱਖਿਆ, ਜਾਂ ਵਿਦਿਆ, ਸ਼ਖਸੀਅਤ ਵਿਕਾਸ ਅਤੇ ਚਰਿੱਤਰ ਨਿਰਮਾਣ ਦੀ ਨੀਂਹ ਹੈ। ਸਿੱਖਿਆ ਸਵੈ-ਨਿਰਭਰਤਾ ਦਾ ਰਾਹ ਪੱਧਰਾ ਕਰਦੀ ਹੈ। ਸੀਮਤ ਪਹੁੰਚ ਵਾਲੇ ਕਮਿਊਨਿਟੀਆਂ ਅਤੇ ਪੇਂਡੂ ਖੇਤਰਾਂ ਦੇ ਵਿਦਿਆਰਥੀਆਂ ਨੂੰ ਸਿੱਖਿਆ ਪ੍ਰਦਾਨ ਕਰਕੇ, ਤੁਸੀਂ ਇੱਕ ਸਮਾਵੇਸ਼ੀ ਸਮਾਜ ਦੇ ਨਿਰਮਾਣ ਵਿੱਚ ਇੱਕ ਅਨਮੋਲ ਯੋਗਦਾਨ ਪਾ ਰਹੇ ਹੋ।

# ਰਾਜਨਪ੍ਰੀਤ ਕੌਰ ਸਿੱਖਿਆ ਸਕੱਤਰ ਵਿਸ਼ਵ ਯੁਵਾ ਸੰਸਦ 2026 ਵਿੱਚ ਸਰਵੋਤਮ ਬੁਲਾਰੇ ਦੇ ਪੁਰਸਕਾਰ ਲਈ ਸਨਮਾਨਿਤ



ਚੰਡੀਗੜ੍ਹ, 1ਅਪ੍ਰੈਲ (ਚ.ਨ.ਸ.) : ਚੰਡੀਗੜ੍ਹ ਅਤੇ ਰਾਜ ਐਨਐਸਐਸ ਸੈੱਲ ਲਈ ਇਹ ਮਾਣ ਵਾਲੀ ਗੱਲ ਹੈ ਕਿ ਪੋਸਟ ਗ੍ਰੈਜੂਏਟ ਸਰਕਾਰੀ ਕਾਲਜ, ਸੈਕਟਰ 11, ਚੰਡੀਗੜ੍ਹ ਦੀ ਇੱਕ ਐਨਐਸਐਸ ਵਲੰਟੀਅਰ ਸ਼੍ਰੀਮਤੀ ਰਾਜਨਪ੍ਰੀਤ ਕੌਰ ਨੂੰ ਵਿਸ਼ਵ ਯੁਵਾ ਸੰਸਦ 2026 ਵਿੱਚ ਉਨ੍ਹਾਂ ਦੀ ਸ਼ਾਨਦਾਰ ਪ੍ਰਾਪਤੀ ਲਈ ਸ਼੍ਰੀਮਤੀ ਪ੍ਰੇਰਨਾ ਪੁਰੀ, ਆਈਏਐਸ, ਸਿੱਖਿਆ ਸਕੱਤਰ, ਚੰਡੀਗੜ੍ਹ ਪ੍ਰਸ਼ਾਸਨ ਦੁਆਰਾ ਸਨਮਾਨਿਤ ਕੀਤਾ ਗਿਆ। ਇਹ ਵੱਕਾਰੀ ਅੰਤਰਰਾਸ਼ਟਰੀ ਸਮਾਗਮ, 24-26 ਮਾਰਚ, 2026 ਤੱਕ ਕਰਨਾਟਕ ਦੇ ਬੰਗਲੁਰੂ ਵਿੱਚ ਆਯੋਜਿਤ ਕੀਤਾ ਗਿਆ ਸੀ, ਜਿਸਦਾ ਆਯੋਜਨ ਰਾਜ ਐਨਐਸਐਸ ਸੈੱਲ ਵੱਲੋਂ ਕਰਨਾਟਕ ਸਰਕਾਰ ਦੇ ਯੁਵਾ ਸਸ਼ਕਤੀਕਰਨ ਅਤੇ ਖੇਡ ਵਿਭਾਗ ਅਤੇ ਖੇਤੀਬਾੜੀ ਵਿਗਿਆਨ ਯੂਨੀਵਰਸਿਟੀ, ਜੀਕੇਵੀਕੇ ਦੇ ਸਹਿਯੋਗ ਨਾਲ ਕੀਤਾ ਗਿਆ ਸੀ। ਇਸ ਸਮਾਗਮ ਵਿੱਚ 29 ਦੇਸ਼ਾਂ ਦੇ ਡੈਲੀਗੇਟਾਂ ਨੇ ਹਿੱਸਾ ਲਿਆ।

ਸ਼੍ਰੀਮਤੀ ਰਾਜਨਪ੍ਰੀਤ ਕੌਰ ਨੂੰ ਯੁਵਾ ਅਤੇ ਲੋਕਤੰਤਰ ਵਿਸ਼ੇ ਅਧੀਨ ਪ੍ਰਸ਼ਨ ਕਾਲ ਸੈਸ਼ਨ ਦੌਰਾਨ ਸਰਬੋਤਮ ਸਪੀਕਰ (ਰਨਰ-ਅੱਪ) ਪੁਰਸਕਾਰ ਪ੍ਰਾਪਤ ਹੋਇਆ। ਉਨ੍ਹਾਂ ਨੇ ਗਲੋਬਲ ਐਂਟੀ-ਗਲਤ ਜਾਣਕਾਰੀ ਅਤੇ ਮੀਡੀਆ ਸਾਖਰਤਾ ਫਰੇਮਵਰਕ ਬਿੱਲ 2026 'ਤੇ ਆਪਣੇ ਵਿਚਾਰ ਪ੍ਰਭਾਵਸ਼ਾਲੀ ਢੰਗ ਨਾਲ ਪੇਸ਼ ਕੀਤੇ, ਜਿਸਦੀ ਜਿਊਰੀ ਅਤੇ ਡੈਲੀਗੇਟਾਂ ਨੇ ਪ੍ਰਸ਼ੰਸਾ ਕੀਤੀ। ਸ਼੍ਰੀਮਤੀ ਭੂਮੀ, ਚਾਰ ਹੋਰ ਐਨਐਸਐਸ ਵਲੰਟੀਅਰਾਂ ਅਤੇ ਪ੍ਰੋਗਰਾਮ ਅਫਸਰ ਖੁਸ਼ਵੰਤ ਦੇ ਨਾਲ, ਇਸ ਗਲੋਬਲ ਪਲੇਟਫਾਰਮ @ਤੇ ਚੰਡੀਗੜ੍ਹ ਦੀ ਨੁਮਾਇੰਦਗੀ ਵੀ ਕੀਤੀ। ਇਸ ਸ਼ਾਨਦਾਰ ਪ੍ਰਾਪਤੀ ਦੀ ਸ਼ਲਾਘਾ ਕਰਦੇ ਹੋਏ, ਸਿੱਖਿਆ ਸਕੱਤਰ ਸ਼੍ਰੀਮਤੀ ਪ੍ਰੇਰਨਾ ਪੁਰੀ ਨੇ ਕਿਹਾ ਕਿ ਐਨਐਸਐਸ ਵਲੰਟੀਅਰਾਂ ਦੀਆਂ ਅਜਿਹੀਆਂ ਪ੍ਰਾਪਤੀਆਂ ਯੁਵਾ ਲੀਡਰਸ਼ਿਪ ਦੀ ਸ਼ਕਤੀ ਨੂੰ ਦਰਸਾਉਂਦੀਆਂ ਹਨ ਅਤੇ ਅਜਿਹੇ ਪਲੇਟਫਾਰਮ ਵਿਦਿਆਰਥੀਆਂ ਵਿੱਚ ਲੋਕਤੰਤਰੀ ਕਦਰਾਂ-ਕੀਮਤਾਂ, ਸੰਚਾਰ ਹੁਨਰ ਅਤੇ ਵਿਸ਼ਵਵਿਆਪੀ ਜਾਗਰੂਕਤਾ ਨੂੰ ਵਿਕਸਤ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ।

# ਐਚ. ਐਸ. ਫੂਲਕਾ ਦਾ ਸਿੱਖ ਸਮਾਜ ਦੇ ਹਰ ਵਿਅਕਤੀ ਵਿੱਚ ਪੂਰਾ ਸਨਮਾਨ : ਐਡਵੋਕੇਟ ਸੌਰਭ ਕਪੂਰ

ਚੰਡੀਗੜ੍ਹ, 1 ਅਪ੍ਰੈਲ (ਚ.ਨ.ਸ.) : ਪੰਥਕ ਸ਼ਖ਼ਸੀਅਤ ਐਚ.ਐਸ.ਫੂਲਕਾ ਦਾ ਭਾਜਪਾ ਨਾਲ ਜੁੜਨ ਤੇ ਲੋਕਾਂ ਦਾ ਪੰਜਾਬ ਵਿੱਚ





ਭਾਜਪਾ ਪ੍ਰਤੀ ਵਿਸ਼ਵਾਸ ਵੱਧ ਰਿਹਾ ਹੈ। ਭਾਜਪਾ ਆਗੂ ਐਡਵੋਕੇਟ ਸੌਰਭ ਕਪੂਰ ਨੇ ਕਿਹਾ ਕਿ ਐਚ.ਐਸ.ਫੂਲਕਾ ਦਾ ਭਾਜਪਾ ਪਰਿਵਾਰ ਵਿੱਚ ਸਵਾਗਤ ਹੈ ਨਾਲ ਹੀ ਉਨ੍ਹਾਂ ਕਿਹਾ ਕਿ ਸਿੱਖ ਧਰਮ ਲਈ ਨਿਆਂ ਦੀ ਲੜਾਈ ਨਿੱਡਰ ਹੋ ਕੇ ਲੜਨ ਵਾਲੇ ਐਚ ਐਸ ਫੂਲਕਾ ਜੀ ਨੂੰ ਸਿੱਖ ਧਰਮ ਦਾ ਹਰ ਵਿਅਕਤੀ ਸਤਿਕਾਰ ਨਾਲ ਵੇਖਦਾ ਹੈ। ਸੌਰਭ ਕਪੂਰ ਨੇ ਇਹ ਵੀ ਕਿਹਾ ਕਿ ਉਨ੍ਹਾਂ ਵਰਗੇ ਉਚੇ ਕਿਰਦਾਰ ਦੀ ਸਿੱਖ ਸਖਸ਼ੀਅਤ ਦਾ ਭਾਜਪਾ ਨਾਲ ਜੁੜਨਾ ਦੱਸਦਾ ਹੈ ਕਿ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਜੀ ਦੀ ਅਗਵਾਈ ਵਿਚ ਭਾਜਪਾ ਵੱਲੋਂ ਸੱਚੇ ਮਨ ਨਾਲ ਸਿੱਖ ਧਰਮ ਅਤੇ ਸਿੱਖੀ ਲਈ ਕਾਰਜ ਕੀਤੇ ਜਾ ਰਹੇ ਹਨ।

# ਪੰਜਾਬ ਕਿੰਗਜ਼ ਦੇ ਕਪਤਾਨ ਸ਼੍ਰੇਅਸ ਅਈਅਰ ਨੂੰ 12 ਲੱਖ ਦਾ ਜੁਰਮਾਨਾ

## ਹੌਲੀ ਓਵਰ ਰੇਟ ਬਣਾਈ ਰੱਖਣ ਦੇ ਮਾਮਲੇ 'ਚ ਕੀਤੀ ਕਾਰਵਾਈ

ਮੁੱਲਾਂਪੁਰ, 1 ਅਪ੍ਰੈਲ (ਚ.ਨ.ਸ.) : ਪੰਜਾਬ ਕਿੰਗਜ਼ ਦੇ ਕਪਤਾਨ ਸ਼੍ਰੇਅਸ ਅਈਅਰ ਨੂੰ ਮੰਗਲਵਾਰ ਨੂੰ ਮੋਹਾਲੀ ਵਿਖੇ ਗੁਜਰਾਤ ਟਾਈਟਨਜ਼ ਵਿਰੁੱਧ ਖੇਡੇ ਗਏ ਆਈ.ਪੀ.ਐਲ. ਮੈਚ ਦੌਰਾਨ ਹੌਲੀ ਓਵਰ-ਰੇਟ ਬਣਾਈ ਰੱਖਣ ਲਈ 12 ਲੱਖ ਦਾ ਜੁਰਮਾਨਾ ਲਗਾਇਆ ਗਿਆ ਹੈ। ਪੰਜਾਬ ਕਿੰਗਜ਼ ਨੇ ਆਪਣੀ ਆਈ.ਪੀ.ਐਲ. 2026 ਮੁਹਿੰਮ ਦੀ ਸ਼ੁਰੂਆਤ ਜਿੱਤ ਨਾਲ ਕੀਤੀ, ਇਸ ਮੈਚ ਵਿੱਚ ਗੁਜਰਾਤ ਟਾਈਟਨਜ਼ ਨੂੰ ਤਿੰਨ ਵਿਕਟਾਂ ਨਾਲ ਹਰਾਇਆ।ਆਈ.ਪੀ.ਐਲ ਅਨੁਸਾਰ ਘੱਟੋ-ਘੱਟ ਓਵਰ-ਰੇਟ ਅਪਰਾਧਾਂ ਨਾਲ ਸਬੰਧਤ ਆਈ.ਪੀ.ਐਲ. ਦੇ ਆਚਾਰ



ਸੰਹਿਤਾ ਦੀ ਧਾਰਾ 2.22 ਦੇ ਤਹਿਤ ਸੀਜ਼ਨ ਦਾ ਉਸ ਦੀ ਟੀਮ ਦਾ ਪਹਿਲਾ ਅਪਰਾਧ ਸੀ, ਇਸ ਲਈ ਅਈਅਰ ਨੂੰ 12 ਲੱਖ ਦਾ ਜੁਰਮਾਨਾ ਲਗਾਇਆ ਗਿਆ।ਤੇਜ਼ ਗੇਂਦਬਾਜ਼ ਵੈਸ਼ਕ ਵਿਜੇਕੁਮਾਰ ਅਤੇ ਲੈੱਗ-ਸਪਿਨਰ ਯੁਜਵੇਂਦਰ ਚਾਹਲ ਨੇ ਸਾਂਝੇ ਤੌਰ @ਤੇ ਪੰਜ ਵਿਕਟਾਂ ਲਈਆਂ, ਜਿਸ ਨਾਲ ਪੰਜਾਬ ਨੇ ਗੁਜਰਾਤ ਟਾਈਟਨਜ਼ ਨੂੰ ਛੇ ਵਿਕਟਾਂ ਦੇ ਨੁਕਸਾਨ @ਤੇ 162 ਦੌੜਾਂ ਤੱਕ ਰੋਕ ਦਿੱਤਾ। ਪੰਜਾਬ ਨੇ 19.1 ਓਵਰਾਂ ਵਿੱਚ ਟੀਚੇ ਦਾ ਪਿੱਛਾ ਕੀਤਾ । ਆਸਟ੍ਰੇਲੀਆਈ ਬੱਲੇਬਾਜ਼ ਕੂਪਰ ਕੌਨਲੀ ਨੇ 44 ਗੇਂਦਾਂ @ਤੇ 72 ਦੌੜਾਂ ਦੀ ਅਜੇਤੂ ਪਾਰੀ ਖੇਡ ਕੇ ਟੀਮ ਨੂੰ ਜਿੱਤ ਦਿਵਾਈ।

# 'ਕਾਫੀ ਟੇਬਲ ਬੁੱਕ' ਲੋਕ ਸਭਾ ਸਕੱਤਰੇਤ ਦੁਆਰਾ ਪ੍ਰਕਾਸ਼ਿਤ

ਨਵੀਂ ਦਿੱਲੀ, 1 ਅਪ੍ਰੈਲ (ਅੰਮ੍ਰਿਤਪਾਲ ਸਿੰਘ): ਲੋਕ ਸਭਾ ਸਪੀਕਰ ਸ਼੍ਰੀ ਓਮ ਬਿਰਲਾ ਨੇ ਅੱਜ ਦੇਸ਼ ਦੇ ਅਤੀਤ ਅਤੇ ਭਵਿੱਖ ਵਿਚਕਾਰ ਅੰਦਰੂਨੀ ਸਬੰਧ 'ਤੇ ਜ਼ੋਰ ਦਿੱਤਾ, ਇਹ ਵਿਚਾਰ ਪ੍ਰਗਟ ਕੀਤਾ ਕਿ ਇੱਕ ਰਾਸ਼ਟਰ ਦੀ ਤਾਕਤ ਅਤੇ ਇਸਦੇ ਵਿਕਾਸ ਦੀ ਦਿਸ਼ਾ ਇਸਦੀ ਇਤਿਹਾਸਕ ਚੇਤਨਾ ਤੋਂ ਪ੍ਰਭਾਵਿਤ ਹੁੰਦੀ ਹੈ। ਭਾਰਤ ਦੀ ਸੱਭਿਅਤਾ ਦੀ ਯਾਤਰਾ ਦਾ ਹਵਾਲਾ ਦਿੰਦੇ ਹੋਏ, ਉਨ੍ਹਾਂ ਕਿਹਾ ਕਿ ਸਦੀਆਂ ਤੋਂ ਕਈ ਚੁਣੌਤੀਆਂ ਦਾ ਸਾਹਮਣਾ ਕਰਨ ਦੇ ਬਾਵਜੂਦ, ਦੇਸ਼ ਨੇ ਲਗਾਤਾਰ ਦ੍ਰਿੜਤਾ, ਹਿੰਮਤ ਅਤੇ ਤਰੱਕੀ ਲਈ ਅਟੁੱਟ ਵਚਨਬੱਧਤਾ ਦਾ ਪ੍ਰਦਰਸ਼ਨ ਕੀਤਾ ਹੈ। ਸ਼੍ਰੀ ਬਿਰਲਾ ਨੇ ਇਹ ਵਿਚਾਰ ਸੰਸਦ ਮੈਂਬਰ ਸ਼੍ਰੀਮਤੀ ਸੁਧਾ ਮੂਰਤੀ ਦੁਆਰਾ ਲਿਖੀ ਗਈ ਕੌਫੀ ਟੇਬਲ ਕਿਤਾਬ ਟਾਈਡਸ ਆਫ ਟਾਈਮ: ਇੰਡੀਆਜ਼ ਹਿਸਟਰੀ ਥਰੂ ਮਿਊਰਲਜ਼ ਇਨ ਪਾਰਲੀਮੈਂਟ÷ ਨੂੰ ਸਾਂਝੇ ਤੌਰ 'ਤੇ ਜਾਰੀ ਕਰਦੇ ਹੋਏ ਭਾਰਤ ਦੇ ਮਾਣਯੋਗ ਉਪ ਰਾਸ਼ਟਰਪਤੀ ਅਤੇ ਰਾਜ ਸਭਾ ਦੇ ਮਾਣਯੋਗ ਚੇਅਰਮੈਨ ਸ਼੍ਰੀ ਸੀ.ਪੀ. ਰਾਧਾਕ੍ਰਿਸ਼ਨਨ ਦੇ ਨਾਲ, ਨਵੀਂ ਦਿੱਲੀ ਦੇ ਸੰਵਿਧਾਨ ਭਵਨ ਦੇ ਪ੍ਰਿੰਸੈਸ ਚੈਂਬਰ ਵਿੱਚ ਆਯੋਜਿਤ ਇੱਕ ਸਮਾਗਮ ਵਿੱਚ ਪ੍ਰਗਟ ਕੀਤੇ। ਇਸ ਮੌਕੇ ਕੇਂਦਰੀ ਮੰਤਰੀ, ਸੰਸਦ ਮੈਂਬਰ, ਸਾਬਕਾ ਸੰਸਦ ਮੈਂਬਰ ਅਤੇ ਹੋਰ ਪਤਵੰਤੇ ਮੌਜੂਦ ਸਨ।




ਸ਼੍ਰੀ ਬਿਰਲਾ ਨੇ ਕਿਹਾ ਕਿ ਇਹ ਕਿਤਾਬ ਸੰਸਦ ਦੇ ਕੰਧ-ਚਿੱਤਰਾਂ ਵਿੱਚ ਦਰਸਾਏ ਗਏ ਅਮੀਰ ਇਤਿਹਾਸ, ਸੱਭਿਆਚਾਰ ਅਤੇ ਸੱਭਿਅਤਾ ਦੀ ਵਿਰਾਸਤ ਨੂੰ ਜਨਤਾ ਤੱਕ ਪਹੁੰਚਾਉਣ ਲਈ ਇੱਕ ਸ਼ਕਤੀਸ਼ਾਲੀ ਅਤੇ ਪ੍ਰਭਾਵਸ਼ਾਲੀ ਮਾਧਿਅਮ ਹੈ। ਉਨ੍ਹਾਂ ਇਹ ਵੀ ਜ਼ਿਕਰ ਕੀਤਾ ਕਿ ਇਤਿਹਾਸਕ ਸੰਵਿਧਾਨ ਭਵਨ ਦੀਆਂ ਕੰਧਾਂ 'ਤੇ ਚਿੱਤਰ ਭਾਰਤ ਦੀ ਸ਼ਾਨਦਾਰ ਕਹਾਣੀ ਨੂੰ ਸਪਸ਼ਟ ਤੌਰ 'ਤੇ ਪੇਸ਼ ਕਰਦੇ ਹਨ, ਜਿਸ ਵਿੱਚ ਭਾਰਤ ਦੀ ਪ੍ਰਾਚੀਨ ਵਿਰਾਸਤ, ਅਮੀਰ ਸੱਭਿਆਚਾਰ ਅਤੇ ਆਜ਼ਾਦੀ ਲਈ ਇਤਿਹਾਸਕ ਸੰਘਰਸ਼ ਸ਼ਾਮਲ ਹੈ। ਉਨ੍ਹਾਂ ਅੱਗੇ ਕਿਹਾ ਕਿ ਇਹ ਰਚਨਾ ਸੰਸਦ ਦੀ ਕਲਾਤਮਕ ਵਿਰਾਸਤ, ਲੋਕਤੰਤਰੀ ਕਦਰਾਂ-ਕੀਮਤਾਂ ਅਤੇ ਸਮੂਹਿਕ ਰਾਸ਼ਟਰੀ ਚੇਤਨਾ ਨੂੰ ਮਜ਼ਬੂਤ ਕਰਦੀ ਹੈ। ਇਨ੍ਹਾਂ ਬਿਰਤਾਂਤਾਂ ਨੂੰ ਇੱਕ ਦਿਲਚਸਪ ਅਤੇ ਆਕਰਸ਼ਕ ਰੂਪ ਵਿੱਚ ਪੇਸ਼ ਕਰਦੇ ਹੋਏ, ਇਹ ਕਿਤਾਬ ਭੂਤਕਾਲ ਅਤੇ ਵਰਤਮਾਨ ਵਿਚਕਾਰ ਇੱਕ ਪੁਲ ਹੈ, ਭਵਿੱਖ ਦੀਆਂ ਪੀੜ੍ਹੀਆਂ ਨੂੰ ਸੇਵਾ, ਸਮਰਪਣ ਅਤੇ ਰਾਸ਼ਟਰ-ਨਿਰਮਾਣ ਦੇ ਮੁੱਲਾਂ ਨੂੰ ਗ੍ਰਹਿਣ ਕਰਨ ਲਈ ਪ੍ਰੇਰਿਤ ਕਰਦੀ ਹੈ। ਆਪਣੇ ਸੰਬੋਧਨ ਵਿੱਚ, ਸ਼੍ਰੀਮਤੀ ਸੁਧਾ ਮੂਰਤੀ ਨੇ ਲੋਕ ਸਭਾ ਦੇ ਸਪੀਕਰ, ਸ਼੍ਰੀ ਓਮ ਬਿਰਲਾ, ਲੋਕ ਸਭਾ ਦੇ ਸਕੱਤਰ-ਜਨਰਲ, ਸ਼੍ਰੀ ਉਤਪਲ ਕੁਮਾਰ ਸਿੰਘ ਅਤੇ ਲੋਕ ਸਭਾ ਸਕੱਤਰੇਤ ਦਾ ਇਸ ਕਿਤਾਬ ਦੇ ਪ੍ਰਕਾਸ਼ਨ ਵਿੱਚ ਉਨ੍ਹਾਂ ਦੇ ਸਮਰਥਨ ਲਈ ਧੰਨਵਾਦ ਕੀਤਾ। ਇਸ ਕੰਮ ਦੇ ਪਿੱਛੇ ਪ੍ਰੇਰਨਾ ਸਾਂਝੀ ਕਰਦੇ ਹੋਏ, ਉਨ੍ਹਾਂ ਕਿਹਾ ਕਿ ਦੇਸ਼ ਦੇ ਨੌਜਵਾਨਾਂ ਨਾਲ ਆਪਣੀ ਗੱਲਬਾਤ ਰਾਹੀਂ, ਉਨ੍ਹਾਂ ਨੂੰ ਭਾਰਤ ਦੇ ਇਤਿਹਾਸ ਅਤੇ ਵਿਰਾਸਤ ਬਾਰੇ ਜਾਗਰੂਕਤਾ ਦੀ ਚਿੰਤਾਜਨਕ ਘਾਟ ਦਾ ਪਤਾ ਲੱਗਿਆ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਇਤਿਹਾਸ ਸਿਰਫ਼ ਤਾਰੀਖਾਂ ਜਾਂ ਅਲੱਗ-ਥਲੱਗ ਘਟਨਾਵਾਂ ਦਾ ਸੰਗ੍ਰਹਿ ਨਹੀਂ ਹੈ, ਸਗੋਂ ਇੱਕ ਜੀਵਤ, ਚੱਲ ਰਹੀ ਪ੍ਰਕਿਰਿਆ ਹੈ ਜੋ ਸਾਡੀ ਪਛਾਣ, ਕਦਰਾਂ-ਕੀਮਤਾਂ ਅਤੇ ਵਿਸ਼ਵ ਦ੍ਰਿਸ਼ਟੀਕੋਣ ਨੂੰ ਪ੍ਰਭਾਵਿਤ ਕਰਦੀ ਹੈ।

# 5 ਅਪ੍ਰੈਲ ਤੋਂ ਨਿਊਜ਼ੀਲੈਂਡ ਦੀਆਂ ਘੜੀਆਂ ਇੱਕ ਘੰਟਾ ਪਿੱਛੇ ਹੋ ਜਾਣਗੀਆਂ

ਔਕਲੈਂਡ, 1 ਅਪ੍ਰੈਲ (ਚ.ਨ.ਸ.) : ਨਿਊਜ਼ੀਲੈਂਡ ਦੇ ਵਿਚ 'ਡੇਅ ਲਾਈਟ ਸੇਵਿੰਗ' ਨਿਯਮਾਂ ਤਹਿਤ ਸਮਾਂ ਦੱਸਣ ਵਾਲੀਆਂ ਘੜੀਆਂ ਦਾ ਸਮਾਂ ਅਗਲੇ ਐਤਵਾਰ 05 ਅਪ੍ਰੈਲ 2026 ਨੂੰ ਤੜਕੇ ਸਵੇਰੇ 3 ਵਜੇ ਇਕ ਘੰਟਾ ਪਿੱਛੇ ਕਰ ਦਿੱਤਾ ਜਾਵੇਗਾ। ਇਸ ਦੇ ਨਾਲ ਹੀ ਪਿਛਲੇ 189 ਦਿਨਾਂ ਦੀ ਚੱਲ ਰਹੀ ਡੇਅ ਲਾਈਟ ਸੇਵਿੰਗ (ਦਿਨ ਦੀ ਰੋਸ਼ਨੀ ਦੀ ਬੱਚਤ) ਖਤਮ ਹੋ ਜਾਵੇਗੀ। ਇਹ ਸਮਾਂ ਇਸੀ ਤਰ੍ਹਾਂ 27 ਸਤੰਬਰ 2026 ਤੱਕ ਜਾਰੀ ਰਹੇਗਾ ਅਤੇ ਫਿਰ ਘੜੀਆਂ ਇਕ ਘੰਟਾ ਅੱਗੇ ਕਰ ਦਿੱਤੀਆਂ ਜਾਣਗੀਆਂ ਤੇ ਡੇਅ ਲਾਈਟ ਸੇਵਿੰਗ ਦੁਬਾਰਾ ਸ਼ੁਰੂ ਹੋਵੇਗੀ। ਆਮ ਤੌਰ 'ਤੇ ਲੋਕਾਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਇਕ ਦਿਨ ਪਹਿਲਾਂ ਯਾਨਿ ਕਿ




ਸ਼ਨੀਵਾਰ (4 ਅਪ੍ਰੈਲ) ਨੂੰ ਸੌਣ ਤੋਂ ਪਹਿਲਾਂ ਆਪਣੀਆਂ ਚਾਬੀ ਵਾਲੀਆਂ ਘੜੀਆਂ ਤੇ ਕੰਧ ਘੜੀਆਂ (ਟਾਈਮਪੀਸ) ਇਕ ਘੰਟਾ ਪਿੱਛੇ ਕਰ ਲੈਣ ਤਾਂ ਕਿ ਉਨ੍ਹਾਂ ਨੂੰ ਸਵੇਰੇ ਉਠਣ ਸਾਰ ਬਦਲਿਆ ਹੋਇਆ ਸਮਾਂ ਮਿਲ ਸਕੇ। ਸਮਾਰਟ ਫੋਨਾਂ ਦੇ ਉਤੇ ਇਹ ਸਮਾਂ ਅਕਸਰ ਆਪਣੇ ਆਪ ਬਦਲ ਜਾਂਦਾ ਹੈ। 5 ਅਪ੍ਰੈਲ ਨੂੰ ਸੂਰਜ ਸਵੇਰੇ 7.37 ਵਜੇ ਦੀ ਥਾਂ 6.37 ਉਤੇ ਚੜ੍ਹੇਗਾ ਅਤੇ ਸ਼ਾਮ 6.09 ਮਿੰਟ ਉਤੇ ਮਿਟੇਗਾ। 5 ਅਪ੍ਰੈਲ ਨੂੰ ਲੋਕਾਂ ਨੂੰ ਇਕ ਘੰਟਾ ਪਹਿਲਾਂ ਸੂਰਜ ਚੜ੍ਹਿਆ ਹੋਇਆ ਪ੍ਰਤੀਤ ਹੋਵੇਗਾ ਤੇ ਇਕ ਘੰਟਾ ਪਹਿਲਾਂ ਸੂਰਜ ਮਿਟ ਜਾਵੇਗਾ। ਦਿਨ ਦੀ ਲੰਬਾਈ ਰਹੇਗੀ 11 ਘੰਟੇ 32 ਮਿੰਟ ਅਤੇ 05 ਸੈਕਿੰਡ। ਜੂਨ, ਜੁਲਾਈ ਅਤੇ ਅਗਸਤ ਮਹੀਨਾ ਨਿਊਜ਼ੀਲੈਂਡ ਦੇ ਵਿਚ ਸਿਆਲ ਦੇ ਮਹੀਨੇ ਮੰਨੇ ਜਾਂਦੇ ਹਨ।

# ਕੈਲਗਰੀ ਸ਼ਹਿਰ ਦੇ ਮੇਅਰ ਜਰਮੀ ਫਰਕਸ ਨੇ ਅਪ੍ਰੈਲ ਮਹੀਨੇ ਨੂੰ ਸਿੱਖ ਵਿਰਾਸਤੀ ਮਹੀਨੇ ਵਜੋਂ ਐਲਾਨਿਆ

ਕੈਲਗਰੀ, 1 ਅਪ੍ਰੈਲ (ਚ.ਨ.ਸ.): ਕੈਲਗਰੀ ਸ਼ਹਿਰ ਦੇ ਮੇਅਰ ਜਰਮੀ ਫਰਕਸ ਨੇ ਅਪ੍ਰੈਲ ਮਹੀਨੇ ਨੂੰ ਸਿੱਖ ਵਿਰਾਸਤੀ ਮਹੀਨਾ ਐਲਾਨ ਕੀਤਾ ਹੈ। ਮੇਅਰ ਦੇ ਦਫ਼ਤਰ ਵਲੋਂ ਜਾਰੀ ਕੀਤੀ ਗਈ ਜਾਣਕਾਰੀ ਮੁਤਾਬਕ ਜਰਮੀ ਨੇ ਕਿਹਾ ਕਿ ਅਸੀਂ ਕੈਲਗਰੀ ਵਿਚ ਵਿਭਿੰਨਤਾ, ਸਮਾਵੇਸ਼ ਅਤੇ ਭਾਈਚਾਰਕ ਭਾਵਨਾ ਨੂੰ ਉਤਸ਼ਾਹਿਤ ਕਰਨ ਵਿਚ ਭਾਈਚਾਰੇ ਵਲੋਂ ਦਿੱਤੇ ਜਾ ਰਹੇ ਸਮਰਥਨ ਦੀ ਸੱਚਮੁੱਚ ਕਦਰ ਕਰਦੇ ਹਾਂ। ਇਸ ਸਮੇਂ ਕੌਂਸਲਰ ਰਾਜ ਧਾਲੀਵਾਲ ਤੋਂ ਇਲਾਵਾ ਗੁਰੂ ਘਰਾਂ ਦੀਆਂ ਪ੍ਰਬੰਧਕ ਕਮੇਟੀਆਂ ਦੇ ਮੈਂਬਰ ਅਤੇ ਅਹੁਦੇਦਾਰ ਵੀ ਮੌਜੂਦ ਸਨ।

# ਬਾਬਾ ਰਾਜ਼ੇਸ਼ਵਾਨੰਦ ਤੇ ਬਾਬਾ ਰਣਪ੍ਰੀਤ ਸਿੰਘ ਨੇ ਸੰਗਤ ਦੇ ਕੀਤੇ ਦਰਸ਼ਨ

ਅੰਬਾਲਾ, 1ਅਪ੍ਰੈਲ (ਚ.ਨ.ਸ.) : ਅੱਜ ਸਰਕੜਾ ਫਾਰਮ ਡੇਰਾ ਬਾਬਾ ਗਾਂਧਾ ਨਿਰਮਲੇ ਸਾਧੂ ਅਸਥਾਨ ਤੇ ਸੰਤ ਬਾਬਾ ਨਿਰਮਲੇ ਸਾਧੂ ਰਾਜੇਸ਼ਵਾਨੰਦ ਜੀ ਅਤੇ ਸੰਤ ਬਾਬਾ ਰਣਪ੍ਰੀਤ ਸਿੰਘ ਜੀ ਮਹੰਤ ਡੇਰਾ ਬਾਬਾ ਗਾਂਧਾ ਬਰਨਾਲਾ ਵਾਲਿਆਂ ਨੇ ਸੰਗਤਾਂ ਦੇ ਦਰਸ਼ਨ ਕੀਤੇ ਅਤੇ ਵਿਸਾਖੀ ਤੋਂ ਪਹਿਲਾਂ ਫਸਲਾਂ ਦਾ ਮੁਆਇਨਾ ਕੀਤਾ ਤੇ ਮੈਨੇਜਰ ਠੀਕਰੀਵਾਲ ਸਾਹਿਬ ਐਸਜੀਪੀਸੀ ਦਾ ਧੰਨਵਾਦ ਕੀਤਾ ਜਿਨਾਂ ਨੇ ਫਾਰਮ ਹਾਊਸ ਤੇ ਸੁਚੱਜੀ ਸੇਵਾ ਕਰਵਾ ਕੇ ਫਸਲਾਂ ਦਾ ਧਿਆਨ ਕਰਕੇ ਸੋਹਣੀ ਅਤੇ ਚੰਗੀ ਫਸਲ ਪ੍ਰਾਪਤ ਕਰਨ ਵਿੱਚ





ਸੇਵਾ ਕਰਕੇ ਪੂਰਾ ਯੋਗਦਾਨ ਪਾਇਆ ਇਸ ਅਨਾਜ ਦੀ ਸੇਵਾ ਗੁਰੂ ਘਰ ਦੇ ਲੰਗਰਾਂ ਲਈ ਜਾਂਦੀ ਹੈ ਜੋ ਕਿ ਮਾਨਵਤਾ ਦੀ ਉੱਚ ਸੇਵਾ ਹੈ ਪੂਰੇ ਸੰਸਾਰ ਦੀਆਂ ਸੰਗਤਾਂ ਲੰਗਰ ਅਤੇ ਹਰ ਤਰ੍ਹਾਂ ਦੀਆਂ ਸੇਵਾ ਕਰਕੇ ਆਪਣੇ ਆਪਣੇ ਆਪ ਨੂੰ ਭਾਗਾਂ ਵਾਲਾ ਮਹਿਸੂਸ ਕਰਦੇ ਹਨ।

ਅੱਜ ਸਵਾਮੀ ਰਾਜੇਸ਼ਵਰਨ ਵਿਸ਼ੇਸ਼ ਤੌਰ ਤੇ ਇਥੇ ਪਹੁੰਚੇ ਅਤੇ ਚੱਲ ਰਹੀਆਂ ਸੇਵਾਵਾਂ ਨੂੰ ਦੇਖ ਕੇ ਗੁਰੂ ਦਾ ਸ਼ੁਕਰ ਕੀਤਾ ਅਤੇ ਅਰਦਾਸ ਕੀਤੀ ਕਿ ਇਸੇ ਤਰ੍ਹਾਂ ਗੁਰੂ ਦੀ ਸੇਵਾ ਵਿੱਚ ਸੰਗਤ ਲੱਗੀ ਰਹੇ ਅਤੇ ਗੁਰੂ ਦੀ ਖੁਸ਼ੀਆਂ ਪ੍ਰਾਪਤ ਕਰਦੀ ਰਹੇ।

## ਜਨਮ ਦਿਨ ਮੁਬਾਰਕ



ਅਸੀਸ ਕੌਰ

# ਡਾ. ਭੀਮ ਰਾਓ ਅੰਬੇਦਕਰ ਦੇ ਬੁੱਤ ਦੀ ਕੀਤੀ ਤੋੜ ਭੰਨ ਨਿੰਦਣਯੋਗ : ਦਮਨ ਬਾਜਵਾ



ਸੁਨਾਮ ਊਧਮ ਸਿੰਘ ਵਾਲਾ, 1 ਅਪ੍ਰੈਲ (ਮੋਹਣ ਸ਼ਰਮਾ/ਰਾਊਵਰਿੰਦਰ ਮਠਾੜੂ) : ਜ਼ਿਲ੍ਹਾ ਹੁਸ਼ਿਆਰਪੁਰ ਦੇ ਹਲਕਾ ਗੜ੍ਹਸ਼ੰਕਰ ਵਿੱਚ ਡਾ. ਭੀਮ ਰਾਓ ਅੰਬੇਦਕਰ ਜੀ ਦੇ ਬੁੱਤ ਨਾਲ ਕੀਤੀ ਗਈ ਤੋੜ-ਭੰਨ ਦੀ ਨਿੰਦਣਯੋਗ ਘਟਨਾ ਦੇ ਖਿਲਾਫ਼ ਅੱਜ ਦਿੜ੍ਹਬਾ ਵਿਖੇ ਭਾਰਤੀ ਜਨਤਾ ਪਾਰਟੀ ਦੀ ਜ਼ਿਲ੍ਹਾ ਪ੍ਰਧਾਨ ਦਮਨ ਬਾਜਵਾ ਦੀ ਅਗਵਾਈ ਹੇਠ ਜ਼ੋਰਦਾਰ ਰੋਸ ਪ੍ਰਗਟ ਕੀਤਾ ਗਿਆ। ਇਸ ਮੌਕੇ ਭਾਰਤੀ ਜਨਤਾ ਪਾਰਟੀ ਦੇ ਸੀਨੀਅਰ ਆਗੂ ਜੀਵਨ ਗਰਗ ਭਵਾਨੀਗੜ੍ਹ ਵਿਸ਼ੇਸ਼ ਤੌਰ 'ਤੇ ਪਹੁੰਚੇ।ਇਸ ਮੌਕੇ ਸੰਬੋਧਨ ਕਰਦੇ ਹੋਏ ਦਮਨ ਬਾਜਵਾ ਨੇ ਕਿਹਾ ਕਿ ਗੜ੍ਹਸ਼ੰਕਰ ਵਿੱਚ ਡਾ. ਭੀਮ ਰਾਓ ਅੰਬੇਡਕਰ ਜੀ ਦੇ ਬੁੱਤ ਨਾਲ ਕੀਤੀ ਗਈ ਤੋੜ-ਭੰਨ ਬਹੁਤ ਹੀ ਦੁੱਖਦਾਈ ਅਤੇ ਨਿੰਦਣਯੋਗ ਘਟਨਾ ਹੈ। ਉਨ੍ਹਾਂ ਕਿਹਾ ਕਿ ਇਹ ਸਿਰਫ਼ ਇੱਕ ਮੂਰਤੀ ਦੀ ਬੇਅਦਬੀ ਨਹੀਂ, ਸਗੋਂ ਦੇਸ਼ ਦੇ ਸੰਵਿਧਾਨ ਨਿਰਮਾਤਾ ਅਤੇ ਸਮਾਜਿਕ ਨਿਆਂ ਦੇ ਪ੍ਰਤੀਕ ਪ੍ਰਤੀ ਅਪਮਾਨ ਹੈ, ਜਿਸਨੂੰ ਕਿਸੇ ਵੀ ਹਾਲਤ ਵਿੱਚ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ।ਉਨ੍ਹਾਂ ਅੱਗੇ ਕਿਹਾ ਕਿ ਅਜਿਹੀਆਂ ਘਟਨਾਵਾਂ ਸੂਬੇ ਵਿੱਚ ਕਾਨੂੰਨ-ਵਿਵਸਥਾ ਦੀ ਨਾਕਾਮੀ ਨੂੰ ਬੇਨਕਾਬ ਕਰਦੀਆਂ ਹਨ ਅਤੇ ਇਹ ਸਾਰੀ ਸਥਿਤੀ ਮੌਜੂਦਾ ਪੰਜਾਬ ਸਰਕਾਰ ਦੀ ਨਲਾਇਕੀ ਦਾ ਨਤੀਜਾ ਹੈ। ਭਾਜਪਾ ਆਗੂਆਂ ਨੇ ਮੰਗ ਕੀਤੀ ਕਿ ਦੋਸ਼ੀਆਂ ਨੂੰ ਜਲਦ ਤੋਂ ਜਲਦ ਗ੍ਰਿਫ਼ਤਾਰ ਕਰਕੇ ਕੜੀ ਤੋਂ ਕੜੀ ਸਜ਼ਾ ਦਿੱਤੀ ਜਾਵੇ, ਤਾਂ ਜੋ ਭਵਿੱਖ ਵਿੱਚ ਅਜਿਹੀਆਂ ਘਟਨਾਵਾਂ ਨੂੰ ਰੋਕਿਆ ਜਾ ਸਕੇ।ਇਸ ਮੌਕੇ ਸਮੁੱਚੀ ਭਾਜਪਾ ਲੀਡਰਸ਼ਿਪ ਵੱਲੋਂ ਬਾਬਾ ਭੀਮ ਰਾਓ ਅੰਬੇਦਕਰ ਜੀ ਨੂੰ ਫੁੱਲ ਭੇਂਟ ਕਰਕੇ ਨਮਨ ਵੀ ਕੀਤਾ।ਇਸ ਮੌਕੇ ਜ਼ਿਲ੍ਹਾ ਐਸ.ਸੀ ਮੋਰਚਾ ਪ੍ਰਧਾਨ ਬਚਿੱਤਰ ਚੱਠਾ, ਸਾਬਕਾ ਜ਼ਿਲ੍ਹਾ ਪ੍ਰਧਾਨ ਰਿਸ਼ੀਪਾਲ ਖੇਰਾ, ਜ਼ਿਲ੍ਹਾ ਜਨਰਲ ਸਕੱਤਰ ਸ਼ੇਰਵਿੰਦਰ ਧਾਲੀਵਾਲ, ਸੀਨੀਅਰ ਬੀਜੇਪੀ ਆਗੂ ਰਣਧੀਰ ਸਿੰਘ ਕਲੇਰ, ਸੀਨੀਅਰ ਬੀਜੇਪੀ ਆਗੂ ਸੋਮ ਨਾਥ ਸੂਲਰ, ਸਰਕਲ ਪ੍ਰਧਾਨ ਦਿੜ੍ਹਬਾ ਮੁਕੇਸ਼ ਮੋਦੀ, ਸਰਕਲ ਪ੍ਰਧਾਨ ਸੇਵਕ ਮੋੜਾ, ਸਰਕਲ ਪ੍ਰਧਾਨ ਰਜਿੰਦਰਪਾਲ ਰੋਗਲਾ, ਸਰਕਲ ਪ੍ਰਧਾਨ ਜਤਿੰਦਰ ਸੰਗਤਪੁਰਾ, ਸਰਕਲ ਪ੍ਰਧਾਨ ਨਰਿੰਦਰ ਸ਼ੇਰੋਂ, ਪਰਮਜੀਤ ਦੁੱਲਟ ਵਾਲਾ ਸਾਬਕਾ ਸਰਪੰਚ, ਰਾਜ ਸਿੰਘ ਸਾਬਕਾ ਸਰਪੰਚ, ਕੁਲਵੀਰ ਕੇਹਰ ਸਿੰਘ ਵਾਲੀ, ਸੁਖਚੈਨ ਕਾਲਾ, ਸੁਖਜਿੰਦਰ ਲਾਡੀ, ਕਿੱਕਰ ਸੰਗਤਪੁਰਾ, ਰਾਜ ਕੁਮਾਰ ਸਾਦੀਹਰੀ, ਨਾਜਰ ਉੱਭਿਆ, ਰਾਣਾ ਪਰੋਹਿਤ ਚੱਠਾ, ਬਲਜਿੰਦਰ ਫੌਜੀ, ਨੰਬਰਦਾਰ ਜਗਰਾਜ ਗਾਗਾ, ਆਦਿ ਹਾਜ਼ਰ ਸਨ।

# ਕਰਮਚਾਰੀਆਂ ਦੀ ਸੇਵਾ ਮੁਕਤੀ 'ਤੇ ਵਿਦਾਇਗੀ ਸਮਾਰੋਹ ਕਰਵਾਇਆ



ਮੂਨਕ, 1 ਅਪਰੈਲ (ਸਮਸ਼ੇਰ ਸਿੰਘ ਭੁਟਾਲ):ਡੀ.ਏ.ਵੀ. ਪਬਲਿਕ ਸਕੂਲ, ਮੂਨਕ ਵਿੱਚ ਪ੍ਰਿੰਸੀਪਲ ਸ੍ਰੀ ਸੰਜੀਵ ਸ਼ਰਮਾ ਜੀ ਦੀ ਯੋਗ ਅਗਵਾਈ ਹੇਠ ਸਕੂਲ ਦੁਆਰਾਮਾਣਯੋਗ ਅਧਿਆਪਕਾਂ ਸ਼੍ਰੀਮਤੀ ਸਰੀਤਾ ਜੈਨ, ਸ਼੍ਰੀਮਤੀ ਸੁਨੀਤਾ ਰਾਣੀ ਅਤੇ ਦਫਤਰੀ ਕਰਮਚਾਰੀ ਸ਼੍ਰੀ ਦੇਵਾ ਸਿੰਘ ਦੇ ਰਿਟਾਇਰਮੈਂਟ ਮੌਕੇ ਇੱਕ ਸਨਮਾਨ ਸਮਾਰੋਹ ਆਯੋਜਿਤ ਕੀਤਾ ਗਿਆ। ਇਸ ਮੌਕੇ ਸਕੂਲ ਦੇ ਪ੍ਰਿੰਸੀਪਲ ਅਤੇ ਸਟਾਫ ਮੈਂਬਰ ਹਾਜ਼ਰ ਹੋਏ। ਇਸ ਪ੍ਰੋਗਰਾਮ ਦੀ ਸ਼ੁਰੂਆਤ ਪ੍ਰਿੰਸੀਪਲ ਸਾਹਿਬ ਅਤੇ ਸਟਾਫ ਮੈਂਬਰਾਂ ਦੁਆਰਾ ਜੋਤੀ ਪ੍ਰਜਵਲਿਤ ਕਰਕੇ ਕੀਤੀ ਗਈ।ਸ਼੍ਰੀਮਤੀ ਸਰੀਤਾ ਜੈਨ ਅਤੇ ਸ਼੍ਰੀਮਤੀ ਸੁਨੀਤਾ ਰਾਣੀ ਨੇ 30 ਸਾਲ ਅਤੇ ਸ਼੍ਰੀ ਦੇਵਾ ਸਿੰਘ ਨੇ 17 ਸਾਲਾਂ ਤੱਕ ਸਕੂਲ ਵਿੱਚ ਸੇਵਾ ਨਿਭਾਈ ਅਤੇ ਆਪਣੇ ਅਨੁਭਵ ਅਤੇ ਮਿਹਨਤ ਨਾਲ ਹਜ਼ਾਰਾਂ ਵਿਦਿਆਰਥੀਆਂ ਦਾ ਭਵਿੱਖ ਨਿਖਾਰਿਆ। ਉਨ੍ਹਾਂ ਦੀ ਸਿੱਖਿਆ ਦੇ ਪ੍ਰਤੀ ਲਗਨ ਅਤੇ ਮਿਹਨਤ ਦੀ ਹਰ ਕਿਸੇ ਨੇ ਪ੍ਰਸ਼ੰਸਾ ਕੀਤੀ।ਸਮਾਰੋਹ ਦੌਰਾਨ ਅਧਿਆਪਕਾਂ ਵੱਲੋਂ ਗੀਤਾਂ ਅਤੇ ਸ਼ਾਇਰੀ ਦੁਆਰਾ ਰਿਟਾਇਰ ਹੋਣ ਵਾਲੇ ਕਰਮਚਾਰੀਆਂ ਪ੍ਰਤੀ ਆਪਣੀਆਂ ਭਾਵਨਾਵਾਂ ਨੂੰ ਪੇਸ਼ ਕੀਤਾ ਗਿਆ। ਪ੍ਰਿੰਸੀਪਲ ਸਾਹਿਬ ਅਤੇ ਸਟਾਫ ਵੱਲੋਂ ਸ਼੍ਰੀਮਤੀ ਸਰੀਤਾ ਜੈਨ, ਸ਼੍ਰੀਮਤੀ ਸੁਨੀਤਾ ਰਾਣੀ ਅਤੇ ਸ਼੍ਰੀ ਦੇਵਾ ਸਿੰਘ ਜੀ ਨੂੰ ਯਾਦਗਾਰੀ ਤੋਹਫੇ ਦੇ ਕੇ ਸਨਮਾਨਿਤ ਕੀਤਾ ਗਿਆ।ਪ੍ਰਿੰਸੀਪਲ ਸਾਹਿਬ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਇਨ੍ਹਾਂ ਸਾਰਿਆਂ ਦਾ ਯੋਗਦਾਨ ਹਮੇਸ਼ਾ ਯਾਦ ਰਹੇਗਾ ਅਤੇ ਉਹ ਸਾਡੇ ਲਈ ਪ੍ਰੇਰਣਾ ਸਰੋਤ ਹਨ। ਸਕੂਲ ਦੇ ਹਰ ਕਦਮ ਤੇ ਇਹਨਾਂ ਦੁਆਰਾ ਇੱਕ ਚਟਾਨ ਦੀ ਤਰ੍ਹਾਂ ਸਾਥ ਦਿੱਤਾ ਗਿਆ।ਅੰਤ ਵਿੱਚ ਦੋਨੋਂ ਅਧਿਆਪਕਾਂ ਨੇ ਅਤੇ ਦਫਤਰੀ ਕਰਮਚਾਰੀ ਨੇ ਆਪਣੇ ਨੇ ਅਨੁਭਵ ਸਾਂਝੇ ਕੀਤੇ ।

# ਸੁਨਾਮ ਵਿਧਾਨ ਸਭਾ ਹਲਕੇ ਵਿੱਚ ਪਾਰਟੀ ਵੱਲੋਂ ਨਿਯੁਕਤ ਬੀ.ਐਲ.ਓਜ਼ ਦੀ ਵਰਕਸ਼ਾਪ ਕਰਵਾਈ



ਸੁਨਾਮ, 1 ਅਪ੍ਰੈਲ (ਮੋਹਣ ਸ਼ਰਮਾ/ਰਾਊਵਰਿੰਦਰ ਮਠਾੜੂ) :ਭਾਜਪਾ ਦੇ ਜ਼ਿਲ੍ਹਾ ਪ੍ਰਧਾਨ ਦਮਨ ਥਿੰਦ ਬਾਜਵਾ ਦੀ ਅਗਵਾਈ ਹੇਠ ਪਾਰਟੀ ਵੱਲੋਂ ਨਿਯੁਕਤ 2 ਬੀ.ਐਲ.ਓਜ਼ ਦੀ ਵਰਕਸ਼ਾਪ ਦਾ ਆਯੋਜਨ ਕੀਤਾ ਗਿਆ। ਪਾਰਟੀ ਵੱਲੋਂ ਜਾਣਕਾਰੀ ਦੇਣ ਲਈ ਸੀਨੀਅਰ ਪਾਰਟੀ ਆਗੂ ਜੀਵਨ ਗਰਗ ਭਵਾਨੀਗੜ੍ਹ ਪਹੁੰਚੇ। ਇਸੇ ਤਰ੍ਹਾਂ ਰਾਹੁਲ ਸਿੰਘ 6 ਅਪ੍ਰੈਲ ਨੂੰ ਭਾਜਪਾ ਦੇ ਸਥਾਪਨਾ ਦਿਵਸ ਸਬੰਧੀ ਜਾਣਕਾਰੀ ਦੇਣ ਲਈ ਪਾਰਟੀ ਵੱਲੋਂ ਵਿਸ਼ੇਸ਼ ਤੌਰ 'ਤੇ ਪਹੁੰਚੇ। ਪਾਰਟੀ ਵੱਲੋਂ ਉਨ੍ਹਾਂ ਦਾ ਸਵਾਗਤ ਕੀਤਾ ਗਿਆ। ਰਾਹੁਲ ਸਿੰਘ ਨੇ ਕਿਹਾ ਕਿ 6 ਅਪ੍ਰੈਲ ਨੂੰ ਸਾਰੇ ਵਰਕਰ ਆਪਣੇ ਘਰਾਂ ਅਤੇ ਦਫਤਰਾਂ ਤੇ ਪਾਰਟੀ ਦਾ ਝੰਡਾ ਲਹਿਰਾਉਣਗੇ ਅਤੇ ਇਸ ਪ੍ਰੋਗਰਾਮ ਨੂੰ ਮੰਡਲ ਪੱਧਰ ਤੇ ਇੱਕ ਜਸ਼ਨ ਵਜੋਂ ਮਨਾਇਆ ਜਾਵੇਗਾ ਅਤੇ ਬਾਜ਼ਾਰਾਂ ਨੂੰ ਪਾਰਟੀ ਦੇ ਝੰਡਿਆਂ ਨਾਲ ਸਜਾਇਆ ਜਾ ਸਕਦਾ ਹੈ। ਇਸ ਤੋਂ ਬਾਅਦ ਜ਼ਿਲ੍ਹਾ ਪ੍ਰਧਾਨ ਦਮਨ ਥਿੰਦ ਬਾਜਵਾ ਅਤੇ ਜੀਵਨ ਗਰਗ ਨੇ ਪਾਰਟੀ ਵੱਲੋਂ ਨਿਯੁਕਤ ਕੀਤੇ ਗਏ ਬੀ.ਐਲ.ਓਜ਼ ਨੂੰ ਉਨ੍ਹਾਂ ਦੀਆਂ ਜ਼ਿੰਮੇਵਾਰੀਆਂ ਬਾਰੇ ਜਾਣਕਾਰੀ ਦਿੱਤੀ ਅਤੇ ਕਿਹਾ ਕਿ ਸਰਕਾਰ ਵੱਲੋਂ ਨਿਯੁਕਤ ਕੀਤੇ ਗਏ ਵੀ.ਐਲ.ਓਜ਼. ਵੀ.ਐਲ.ਓਜ਼ ਤਾਇਨਾਤ ਕੀਤੇ ਗਏ ਹਨ ਅਤੇ ਇਹ ਸਾਡੀ ਜ਼ਿੰਮੇਵਾਰੀ ਹੈ ਕਿ ਅਸੀਂ ਉਨ੍ਹਾਂ ਨਾਲ ਤਾਲਮੇਲ ਕਰਕੇ ਸਹੀ ਵੋਟਾਂ ਪਾਈਆਂ ਜਾਣ ਅਤੇ ਗਲਤ ਵੋਟਾਂ ਨਾ ਪਾਈਆਂ ਜਾਣ। ਪਾਰਟੀ ਨੇ ਹਰੇਕ ਵਿਧਾਨ ਸਭਾ ਹਲਕੇ ਵਿੱਚ ਇੱਕ ਵੀ.ਐਲ.ਓ. ਤਾਇਨਾਤ ਕੀਤਾ ਹੈ ਜੋ ਪੂਰੀ ਤਰ੍ਹਾਂ ਚੋਣ ਕਮਿਸ਼ਨ ਨਾਲ ਜੁੜਿਆ ਰਹੇਗਾ ਅਤੇ ਹਰ ਤਰ੍ਹਾਂ ਦੀ ਜਾਣਕਾਰੀ ਪ੍ਰਾਪਤ ਕਰੇਗਾ। ਜ਼ਿਲ੍ਹਾ ਪ੍ਰਧਾਨ ਦਮਨ ਥਿੰਦ ਬਾਜਵਾ ਨੇ ਕਿਹਾ ਕਿ ਸੁਨਾਮ ਵਿਧਾਨ ਸਭਾ ਹਲਕੇ ਦੇ ਹਰ ਬੂਥ ਤੇ ਬੀ.ਐਲ.ਓਜ਼ ਤਾਇਨਾਤ ਕੀਤੇ ਗਏ ਹਨ। ਉਨ੍ਹਾਂ ਕਿਹਾ ਕਿ ਪਾਰਟੀ ਕੋਲ ਸਿਰਫ਼ ਇੱਕ ਵੋਟ ਹੈ ਅਤੇ ਉਹ ਬੂਥ ਜਿੱਤਣ ਦਾ ਮਤਲਬ ਚੋਣ ਜਿੱਤਣਾ ਹੈ, ਇਸ ਆਧਾਰ ਤੇ ਕੰਮ ਕਰ ਰਹੀ ਹੈ। ਇਸ ਮੌਕੇ ਮੰਡਲ ਪ੍ਰਧਾਨ ਰਾਜੀਵ ਮੱਖਣ, ਸਾਬਕਾ ਜ਼ਿਲ੍ਹਾ ਪ੍ਰਧਾਨ ਰਿਸ਼ੀਪਾਲ ਖਹਿਰਾ, ਜ਼ਿਲ੍ਹਾ ਜਨਰਲ ਸਕੱਤਰ ਸੰਜੇ ਗੋਇਲ, ਧੀਰਜ ਗੋਇਲ, ਜ਼ਿਲ੍ਹਾ ਕੈਸ਼ੀਅਰ ਹਰਮਨ ਦੇਵ ਬਾਜਵਾ, ਪਾਰਟੀ ਦੇ ਸੀਨੀਅਰ ਆਗੂ ਸ਼ੰਕਰ ਬਾਂਸਲ, ਡਾ: ਜਗ ਮਹਿੰਦਰ ਸੈਣੀ ਮੋਨਿਕਾ ਗੋਇਲ ਅਸ਼ੋਕ ਗੋਇਲ ਜਰਨੈਲ ਸਿੰਘ ਢੋਟ ਰਜਿੰਦਰ ਬਿੱਟੂ ਹਰੀ ਭਗਤ ਨਾਇਕ ਯੂਵਾ ਮੋਰਚਾ ਦੇ ਜਿਲਾ ਪ੍ਰਧਾਨ ਸੰਦੀਪ ਸਰਮਾ ਪਰਮਜੀਤ ਸਿੰਘ ਰਤਨ ਲਾਲ ਲੋਗੋਵਾਲ ਨਰਿੰਦਰ ਸਿੰਘ ਸੇਰੋ ਦਰਸਨ ਸਿੰਘ ਨਮੋਲ ਜਸਵੀਰ ਸਿੰਘ ਖੇੜੀ ਜਿੰਮੀ ਲੋਗੋਵਾਲ ਤਰਸੇਮ ਚੰਦ ਅੰਕਿਤ ਕਾਸਲ ਗੁਰਮੇਲ ਸਿੰਘ ਨਾਗਰਾ ਹਰਜੀਤ ਸਿੰਘ ਚੱਠੇ ਪਰਦੀਪ ਰਿੰਕੂ ਆਲਮਪੁਰੀਆ ਸੂਰਜ ਭਾਨ ਬੰਟੀ ਅਵਤਾਰ ਸਿੰਘ ਨਾਗਰਾ ਆਦਿ ਹਾਜ਼ਰ ਹੋਏ।

# ਡਿਜੀਟਲ ਨਸ਼ਾ ਬੱਚਿਆਂ ਦੇ ਹੱਥਾਂ ਵਿੱਚ ਮੋਬਾਈਲ ਨਹੀਂ, ਮਾਨਸਿਕ ਰੋਗ ਦੀ ਦਸਤਕ : ਮਾਪਿਆਂ ਲਈ ਵੱਡੀ ਚੇਤਾਵਨੀ

ਬਠਿੰਡਾ, 1ਅਪ੍ਰੈਲ (ਦੀਪਕ ਸ਼ਰਮਾ): ਜ਼ਿਲ੍ਹੇ ਦੇ ਇੱਕ ਸਰਕਾਰੀ ਹਸਪਤਾਲ ਦੀ ਮਾਨਸਿਕ ਰੋਗਾਂ ਵਾਲੀ ਓ.ਪੀ.ਡੀ. ਦੇ ਬਾਹਰ ਸਵੇਰ ਦੇ 10 ਵਜੇ ਹੀ ਇੱਕ ਅਜੀਬ ਜਿਹੀ ਚੁੱਪ ਅਤੇ ਬੇਚੈਨੀ ਦਾ ਮਾਹੌਲ ਸੀ। ਇੱਥੇ ਬੈਠੇ ਮਾਪਿਆਂ ਦੀਆਂ ਅੱਖਾਂ ਵਿੱਚ ਆਪਣੇ ਬੱਚਿਆਂ ਦੇ ਭਵਿੱਖ ਨੂੰ ਲੈ ਕੇ ਡੂੰਘੀ ਚਿੰਤਾ ਸਾਫ਼ ਦਿਖਾਈ ਦੇ ਰਹੀ ਸੀ। ਇਸ ਭੀੜ ਵਿੱਚ ਇੱਕ ਮਾਂ ਆਪਣੇ 14 ਸਾਲਾਂ ਦੇ ਪੁੱਤਰ ਦਾ ਹੱਥ ਘੁੱਟ ਕੇ ਫੜੀ ਬੈਠੀ ਸੀ, ਜਿਵੇਂ ਉਸ ਨੂੰ ਡਰ ਹੋਵੇ ਕਿ ਜੇ ਹੱਥ ਛੁੱਟ ਗਿਆ ਤਾਂ ਉਹ ਫਿਰ ਕਿਸੇ ਅਦਿੱਖ ਦੁਨੀਆ ਵਿੱਚ ਗੁਆਚ ਜਾਵੇਗਾ।ਇਸ ਬੱਚੇ ਦੀ ਕਹਾਣੀ ਅੱਜ ਦੇ ਦੌਰ ਦੀ ਕੌੜੀ ਸੱਚਾਈ ਹੈ। ਮਾਪਿਆਂ ਅਨੁਸਾਰ, ਉਹ ਸਾਰੀ ਰਾਤ ਸੌਂਦਾ ਨਹੀਂ ਅਤੇ ਜੇਕਰ ਉਸ ਤੋਂ ਮੋਬਾਈਲ ਖੋਹ ਲਿਆ ਜਾਵੇ ਤਾਂ ਉਹ ਹਿੰਸਕ ਹੋ ਜਾਂਦਾ ਹੈ। ਇਹ ਸਿਰਫ਼ ਇੱਕ ਘਰ ਦੀ ਕਹਾਣੀ ਨਹੀਂ, ਬਲਕਿ ਹਸਪਤਾਲ ਪਹੁੰਚ ਰਹੇ ਦਰਜਨਾਂ ਕੇਸਾਂ ਵਿੱਚੋਂ ਇੱਕ ਹੈ। ਮਾਹਿਰਾਂ ਅਨੁਸਾਰ ਅੱਜ ਦੀ ਪੀੜ੍ਹੀ ਇੱਕ



ਅਜਿਹੀ ਬਿਮਾਰੀ ਦੀ ਗ੍ਰਿਫ਼ਤ ਵਿੱਚ ਹੈ ਜਿਸ ਨੂੰ ਨੋਮੋਫੋਬੀਆ ਕਿਹਾ ਜਾਂਦਾ ਹੈ। ਇਹ ਉਹ ਸਥਿਤੀ ਹੈ ਜਿੱਥੇ ਫ਼ੋਨ ਤੋਂ ਬਿਨਾਂ ਰਹਿਣਾ ਨੌਜਵਾਨਾਂ ਲਈ ਇੱਕ ਡਰਾਉਣੇ ਸੁਪਨੇ ਵਰਗਾ ਬਣ ਗਿਆ ਹੈ।**ਕਿਵੇਂ ਕੰਮ ਕਰਦਾ ਹੈ ਇਹ ਡਿਜੀਟਲ ਜਾਲ?** ਮਾਨਸਿਕ ਰੋਗਾਂ ਦੇ ਮਾਹਿਰਾਂ ਦਾ ਮੰਨਣਾ ਹੈ ਕਿ ਜਦੋਂ ਬੱਚੇ ਸੋਸ਼ਲ ਮੀਡੀਆ 'ਤੇ ਨਿੱਕੀਆਂ ਵੀਡੀਓਜ਼ ਦੇਖਦੇ ਹਨ ਜਾਂ ਕੋਈ ਖੇਡ ਖੇਡਦੇ ਹਨ, ਤਾਂ ਉਨ੍ਹਾਂ ਦੇ ਦਿਮਾਗ ਵਿੱਚ ਡੋਪਾਮਾਈਨ ਨਾਮਕ ਰਸਾਇਣ ਪੈਦਾ ਹੁੰਦਾ ਹੈ। ਇਹ ਰਸਾਇਣ ਇਨਸਾਨ ਨੂੰ ਵਾਰ-ਵਾਰ ਉਹੀ ਕੰਮ ਕਰਨ ਲਈ ਉਕਸਾਉਂਦਾ ਹੈ। ਇਸ ਨੂੰ ਡੋਪਾਮਾਈਨ ਲੂਪ ਕਿਹਾ ਜਾਂਦਾ ਹੈ, ਜੋ ਬਿਲਕੁਲ ਕਿਸੇ ਮਾਰੂ ਨਸ਼ੇ ਵਾਂਗ ਕੰਮ ਕਰਦਾ ਹੈ। ਇਹੀ ਕਾਰਨ ਹੈ ਕਿ ਬੱਚੇ ਚਾਹ ਕੇ ਵੀ ਫ਼ੋਨ ਨੂੰ ਪਾਸੇ ਨਹੀਂ ਰੱਖ ਪਾਉਂਦੇ।

**ਇੰਟਰਨੈੱਟ ਰਾਹੀਂ ਪ੍ਰੇਸ਼ਾਨ ਕਰਨਾ: ਇੱਕ ਹੋਰ ਖ਼ਤਰਨਾਕ ਪਹਿਲੂ**ਸਮੱਸਿਆ ਸਿਰਫ਼ ਫ਼ੋਨ ਦੀ ਵਰਤੋਂ ਤੱਕ ਸੀਮਤ ਨਹੀਂ ਹੈ। ਹਸਪਤਾਲ ਪਹੁੰਚ ਰਹੇ ਕਈ ਨੌਜਵਾਨ ਸਾਈਬਰ ਬੁਲਿੰਗ (ਇੰਟਰਨੈੱਟ ਰਾਹੀਂ ਮਾਨਸਿਕ ਤੌਰ ਤੇ ਪ੍ਰੇਸ਼ਾਨ ਕਰਨਾ) ਦਾ ਸ਼ਿਕਾਰ ਪਾਏ ਗਏ ਹਨ। ਸੋਸ਼ਲ ਮੀਡੀਆ ਤੇ ਅਣਪਛਾਤੇ ਲੋਕਾਂ ਵੱਲੋਂ ਕੀਤੇ ਗਏ ਭੱਦੇ ਟਿੱਪਣੀਆਂ ਜਾਂ ਨਿੱਜੀ ਜਾਣਕਾਰੀ ਸਾਂਝੀ ਕਰਨ ਦੀਆਂ ਧਮਕੀਆਂ ਬੱਚਿਆਂ ਨੂੰ ਮਾਨਸਿਕ ਤਣਾਅ ਵੱਲ ਧੱਕ ਰਹੀਆਂ ਹਨ। ਕਈ ਕੇਸਾਂ ਵਿੱਚ ਦੇਖਿਆ ਗਿਆ ਹੈ ਕਿ ਬੱਚੇ ਇਸ ਡਰ ਕਾਰਨ ਅੰਤ ਦੇ ਕਦਮ ਚੁੱਕਣ ਬਾਰੇ ਵੀ ਸੋਚਣ ਲੱਗ ਪੈਂਦੇ ਹਨ। **ਕੀ ਕਹਿੰਦੇ ਹਨ ਮਾਨਸਿਕ ਰੋਗਾਂ ਦੇ ਮਾਹਿਰ ਡਾਕਟਰ**।ਮਾਨਸਿਕ ਰੋਗਾਂ ਦੇ ਮਾਹਿਰ ਡਾਕਟਰ ਅਤੇ ਸਰਕਾਰੀ ਹਸਪਤਾਲ ਬਠਿੰਡਾ ਦੇ ਐਸਐਮਓ ਡਾਕਟਰ ਅਰੁਣ ਬਾਂਸਲ ਅਨੁਸਾਰ, ਇਸ ਦਾ ਹੱਲ ਸਿਰਫ਼ ਫ਼ੋਨ ਖੋਹ ਲੈਣਾ ਨਹੀਂ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਬੱਚਿਆਂ ਨੂੰ ਡਿਜੀਟਲ ਨਸ਼ੇ ਤੋਂ ਮੁਕਤ ਕਰਨ ਦੀ ਲੋੜ ਹੈ। ਮਾਪਿਆਂ ਨੂੰ ਚਾਹੀਦਾ ਹੈ ਕਿ ਉਹ ਬੱਚਿਆਂ ਨਾਲ ਗੱਲਬਾਤ ਵਧਾਉਣ ਅਤੇ ਉਨ੍ਹਾਂ ਨੂੰ ਮੈਦਾਨੀ ਖੇਡਾਂ ਜਾਂ ਹੋਰ ਸਿਰਜਣਾਤਮਕ ਕੰਮਾਂ ਵਿੱਚ ਰੁਝਾਉਣ। ਡਾਕਟਰਾਂ ਨੇ ਸਲਾਹ ਦਿੱਤੀ ਹੈ ਕਿ ਘਰ ਵਿੱਚ ਕੁਝ ਘੰਟੇ ਫ਼ੋਨ ਮੁਕਤ ਖੇਤਰ ਬਣਾਏ ਜਾਣੇ ਚਾਹੀਦੇ ਹਨ। ਜੇਕਰ ਬੱਚੇ ਦੇ ਵਿਹਾਰ ਵਿੱਚ ਜ਼ਿਆਦਾ ਚਿੜਚਿੜਾਪਨ ਜਾਂ ਨੀਂਦ ਦੀ ਕਮੀ ਦਿਖਾਈ ਦੇਵੇ, ਤਾਂ ਤੁਰੰਤ ਮਾਹਿਰ ਦੀ ਸਲਾਹ ਲੈਣੀ ਚਾਹੀਦੀ ਹੈ।ਇਹ ਸਪੱਸ਼ਟ ਹੈ ਕਿ ਜੇਕਰ ਸਮੇਂ ਸਿਰ ਇਸ ਡਿਜੀਟਲ ਨਸ਼ੇ ਨੂੰ ਨਾ ਰੋਕਿਆ ਗਿਆ, ਤਾਂ ਆਉਣ ਵਾਲੀ ਪੀੜ੍ਹੀ ਸਰੀਰਕ ਅਤੇ ਮਾਨਸਿਕ ਤੌਰ ਤੇ ਬਹੁਤ ਕਮਜ਼ੋਰ ਹੋ ਜਾਵੇਗੀ।

# ਮੇਅਰ ਪਦਮਜੀਤ ਮਹਿਤਾ ਦੀ ਅਗਵਾਈ ਹੇਠ ਜਨਰਲ ਹਾਊਸ ਦੀ ਅਹਿਮ ਬੈਠਕ ਅੱਜ

## ਸ਼ਹਿਰ ਵਾਸੀਆਂ ਨੂੰ ਮਿਲਣਗੀਆਂ ਨਵੀਆਂ ਸਹੂਲਤਾਂ

ਬਠਿੰਡਾ,1 ਅਪ੍ਰੈਲ (ਦੀਪਕ ਸ਼ਰਮਾ)ਸ਼ਹਿਰ ਦੇ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨ ਅਤੇ ਵਿਕਾਸ ਕਾਰਜਾਂ ਨੂੰ ਨਵੀਂ ਗਤੀ ਦੇਣ ਲਈ ਨਗਰ ਨਿਗਮ ਬਠਿੰਡਾ ਦੇ ਜਨਰਲ ਹਾਊਸ ਦੀ ਇੱਕ ਅਹਿਮ ਬੈਠਕ 2 ਅਪ੍ਰੈਲ ਨੂੰ ਸੱਦੀ ਗਈ ਹੈ। ਮੇਅਰ ਪਦਮਜੀਤ ਸਿੰਘ ਮਹਿਤਾ ਨੇ ਏਜੰਡੇ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਸ ਮੀਟਿੰਗ ਦੌਰਾਨ ਸ਼ਹਿਰ ਦੇ ਵੱਖ-ਵੱਖ ਵਿਕਾਸ ਕਾਰਜਾਂ ਲਈ ਲਗਭਗ 93 ਕਰੋੜ ਰੁਪਏ ਦੇ ਬਜਟ ਨੂੰ ਪ੍ਰਵਾਨਗੀ ਦਿੱਤੀ ਜਾਵੇਗੀ।ਏਜੰਡੇ ਅਨੁਸਾਰ, ਸ਼ਹਿਰ ਦੀਆਂ ਮੁੱਖ ਸੜਕਾਂ ਦੀ ਹਾਲਤ ਸੁਧਾਰਨ ਲਈ ਪ੍ਰੀਮਿਕਸ ਪਾਉਣ ਅਤੇ ਇੰਟਰਲੌਕਿੰਗ ਟਾਈਲਾਂ ਲਗਾਉਣ ਦੇ ਕਾਰਜਾਂ ਲਈ 44 ਕਰੋੜ ਰੁਪਏ ਰਾਖਵੇਂ ਰੱਖੇ ਗਏ ਹਨ। ਇਸ ਤੋਂ ਇਲਾਵਾ, ਬਰਸਾਤ ਦੇ ਦਿਨਾਂ ਵਿੱਚ ਜਲ-ਥਲ ਦੀ ਸਮੱਸਿਆ ਦੇ ਸਥਾਈ ਹੱਲ ਲਈ 47 ਲੱਖ ਰੁਪਏ ਦੀ ਲਾਗਤ



ਨਾਲ ਰੋਡ ਜਾਲੀਆਂ ਦੀ ਸਫ਼ਾਈ ਕਰਵਾਉਣ ਦਾ ਪ੍ਰਸਤਾਵ ਵੀ ਪੇਸ਼ ਕੀਤਾ ਜਾਵੇਗਾ। ਸੀਵਰੇਜ ਦੀ ਪੁਰਾਣੀ ਸਮੱਸਿਆ ਨੂੰ ਨਜਿੱਠਣ ਲਈ ਫੇਜ਼-3 ਵਿੱਚ ਨਵੀਂ ਪਾਈਪਲਾਈਨ ਵਿਛਾਉਣ ਦੀ ਯੋਜਨਾ ਵੀ ਇਸ ਬੈਠਕ ਦਾ ਮੁੱਖ ਹਿੱਸਾ ਹੋਵੇਗੀ।ਨਿਗਮ ਵੱਲੋਂ ਸ਼ਹਿਰ ਦੇ ਸੁੰਦਰੀਕਰਨ ਵੱਲ ਵੀ ਵਿਸ਼ੇਸ਼ ਧਿਆਨ ਦਿੱਤਾ ਜਾ ਰਿਹਾ ਹੈ। ਰੋਜ਼ ਗਾਰਡਨ ਵਿੱਚ ਨਵੀਂ ਨਰਸਰੀ ਲਈ ਪੌਲੀਹਾਊਸ ਸਥਾਪਤ ਕਰਨ, ਸੁਰੱਖਿਆ ਰੂਮ ਬਣਾਉਣ ਅਤੇ ਇੰਟਰਲੌਕਿੰਗ ਟਾਈਲਾਂ ਲਗਾਉਣ ਤੇ ਵਿਚਾਰ ਕੀਤਾ ਜਾਵੇਗਾ। ਇਸ ਦੇ ਨਾਲ ਹੀ ਦਾਦੀ-ਪੋਤੀ ਪਾਰਕ ਦੀ ਮੁਰੰਮਤ, ਵੱਖ-ਵੱਖ ਪਾਰਕਾਂ ਵਿੱਚ ਬਾਗਬਾਨੀ ਦੇ ਕੰਮ ਸ਼ੁਰੂ ਕਰਨ ਅਤੇ ਲੋੜ ਅਨੁਸਾਰ ਸਬਮਰਸੀਬਲ ਪੰਪ ਲਗਾਉਣ ਦਾ ਮਾਮਲਾ ਵੀ ਏਜੰਡੇ ਵਿੱਚ ਸ਼ਾਮਲ ਹੈ।ਮੀਟਿੰਗ ਦੌਰਾਨ ਬੀਬੀਵਾਲਾ ਰੋਡ ਤੇ ਬੱਸ ਕਿਊ ਸ਼ੈਲਟਰ ਬਣਾਉਣ, ਵਾਰਡ ਨੰਬਰ 3 ਦੇ ਕਮਿਊਨਿਟੀ ਸੈਂਟਰ ਵਿੱਚ ਸ਼ੈੱਡ ਦੀ ਉਸਾਰੀ ਅਤੇ ਹੋਮਲੈਂਡ ਐਨਕਲੇਵ ਵਿੱਚ ਸੈਂਟਰਲ ਵਰਜ ਗਰਿੱਲ ਲਗਾਉਣ ਵਰਗੇ ਕਈ ਹੋਰ ਪ੍ਰਸਤਾਵਾਂ ਨੂੰ ਵੀ ਹਰੀ ਝੰਡੀ ਦਿੱਤੀ ਜਾ ਸਕਦੀ ਹੈ। ਸ਼ਹਿਰ ਦੀ ਸਫਾਈ ਵਿਵਸਥਾ ਨੂੰ ਆਧੁਨਿਕ ਬਣਾਉਣ ਲਈ ਮਸ਼ੀਨੀ ਸਫ਼ਾਈ ਅਤੇ ਧੁਲਾਈ ਦੇ ਪ੍ਰੋਜੈਕਟ ਲਈ ਵੀ ਲਗਭਗ 46 ਕਰੋੜ ਰੁਪਏ ਦੇ ਬਜਟ ਤੇ ਮੋਹਰ ਲੱਗਣ ਦੀ ਉਮੀਦ ਹੈ। ਮੇਅਰ ਮਹਿਤਾ ਨੇ ਦਾਅਵਾ ਕੀਤਾ ਕਿ ਇਹਨਾਂ ਪ੍ਰੋਜੈਕਟਾਂ ਦੇ ਮੁਕੰਮਲ ਹੋਣ ਨਾਲ ਸ਼ਹਿਰ ਵਾਸੀਆਂ ਦੇ ਜੀਵਨ ਪੱਧਰ ਵਿੱਚ ਵੱਡਾ ਸੁਧਾਰ ਆਵੇਗਾ।

# ਪੰਜਾਬ ਵਿੱਚ ਸਮਾਜਿਕ ਸਦਭਾਵਨਾ ਨੂੰ ਭੰਗ ਕਰਨ ਲਈ ਰਚੀ ਜਾ ਰਹੀ ਹੈ ਸਾਜ਼ਿਸ਼: ਲੱਧੜ

## ਡਾ. ਬੀ.ਆਰ. ਅੰਬੇਡਕਰ ਦੇ ਬੁੱਤਾਂ ਦੀ ਬੇਅਦਬੀ ਦੀਆਂ ਘਟਨਾਵਾਂ ਚਿੰਤਾਜਨਕ: ਡਾ. ਵੀਨਾ ਗਰਗ

ਤਲਵੰਡੀ ਸਾਬੋ, 1 ਅਪ੍ਰੈਲ (ਸੰਦੀਪ ਕੁਮਾਰ ਜੋਸ਼ੀ) :ਸੀਨੀਅਰ ਭਾਜਪਾ ਆਗੂ ਅਤੇ ਐਸ.ਸੀ. ਮੋਰਚਾ ਪੰਜਾਬ ਦੇ ਪ੍ਰਧਾਨ ਸ੍ਰੀ ਐਸ.ਆਰ. ਲੱਧੜ ਨੇ ਪੰਜਾਬ ਵਿੱਚ ਡਾ. ਬੀ.ਆਰ. ਅੰਬੇਡਕਰ ਦੇ ਬੁੱਤਾਂ ਦੀ ਲਗਾਤਾਰ ਬੇਅਦਬੀ 'ਤੇ ਡੂੰਘੀ ਚਿੰਤਾ ਪ੍ਰਗਟ ਕੀਤੀ। ਅੱਜ, ਸੀਨੀਅਰ ਭਾਜਪਾ ਆਗੂ ਅਤੇ ਐਸ.ਸੀ. ਮੋਰਚਾ ਪੰਜਾਬ ਦੇ ਪ੍ਰਧਾਨ ਸ੍ਰੀ ਐਸ.ਆਰ. ਲੱਧੜ ਦੀ ਅਗਵਾਈ ਵਿੱਚ ਇੱਕ ਵਫ਼ਦ ਰਾਜਪਾਲ ਨੂੰ ਮਿਲਿਆ ਅਤੇ ਮੰਗ ਕੀਤੀ ਕਿ ਬਾਬਾ ਸਾਹਿਬ ਦੇ ਬੁੱਤਾਂ ਦੀ ਬੇਅਦਬੀ ਨੂੰ ਪ੍ਰਸਤਾਵਿਤ ਕਾਨੂੰਨ ਵਿੱਚ ਸ਼ਾਮਲ ਕੀਤਾ ਜਾਵੇ। ਇਸ ਦੌਰਾਨ ਸ਼੍ਰੀ ਸ਼ੀਤਲ ਅੰਗੂਰਾਲ, ਡਾ. ਵੀਨਾ ਗਰਗ ਸ਼੍ਰੀਮਤੀ ਮੇਜਰ ਅੰਜੂ ਬਾਲਾ ਅਤੇ ਸ਼੍ਰੀ ਗੌਤਮ ਗਿਰੀਸ਼ ਵੀ ਮੌਜੂਦ ਸਨ।ਉਪਰੋਕਤ ਆਗੂਆਂ ਨੇ ਕਿਹਾ ਕਿ 31 ਮਾਰਚ, 2026 ਨੂੰ ਹੁਸ਼ਿਆਰਪੁਰ ਜ਼ਿਲ੍ਹੇ ਦੇ ਪਿੰਡ ਨੂਰਪੁਰ ਜੱਟਾਂ ਵਿੱਚ ਬਾਬਾ ਸਾਹਿਬ ਦੇ ਬੁੱਤ ਦੀ ਬੇਅਦਬੀ ਕੀਤੀ ਗਈ ਸੀ, ਜੋ ਕਿ ਬਹੁਤ ਹੀ ਮੰਦਭਾਗੀ ਗੱਲ ਹੈ। ਇਹ ਸਿਰਫ਼ ਇੱਕ ਘਟਨਾ ਨਹੀਂ ਹੈ, ਸਗੋਂ ਪਿਛਲੇ ਚਾਰ ਸਾਲਾਂ ਵਿੱਚ ਨੌਵੀਂ ਅਜਿਹੀ ਘਟਨਾ ਹੈ, ਜੋ ਸਮਾਜਿਕ ਸਦਭਾਵਨਾ ਨੂੰ ਭੰਗ ਕਰਨ ਦੀ ਇੱਕ ਜਾਣਬੁੱਝ ਕੇ ਕੀਤੀ ਗਈ ਸਾਜ਼ਿਸ਼ ਜਾਪਦੀ ਹੈ।ਸ੍ਰੀ ਲੱਧੜ ਨੇ ਕਿਹਾ ਕਿ



ਪੰਜਾਬ ਦੇਸ਼ ਵਿੱਚ ਸਭ ਤੋਂ ਵੱਧ ਅਨੁਸੂਚਿਤ ਜਾਤੀ ਆਬਾਦੀ ਵਾਲਾ ਸੂਬਾ ਹੈ ਅਤੇ ਦਲਿਤ ਭਾਈਚਾਰਾ ਡਾ. ਬੀ.ਆਰ. ਅੰਬੇਡਕਰ ਨੂੰ ਭਗਵਾਨ ਮੰਨਦਾ ਹੈ। ਅਜਿਹੀਆਂ ਘਟਨਾਵਾਂ ਭਾਈਚਾਰੇ ਦੀਆਂ ਭਾਵਨਾਵਾਂ ਨੂੰ ਡੂੰਘੀ ਠੇਸ ਪਹੁੰਚਾਉਂਦੀਆਂ ਹਨ।ਉਨ੍ਹਾਂ ਮੰਗ ਕੀਤੀ ਕਿ ਮਾਣਯੋਗ ਰਾਜਪਾਲ ਤੁਰੰਤ ਐਫ.ਆਈ.ਆਰ. ਦਰਜ ਕਰਵਾਉਣ ਅਤੇ ਮੌਜੂਦਾ ਪ੍ਰਸ਼ਾਸਨ ਦੌਰਾਨ ਵਾਪਰੀਆਂ ਅਜਿਹੀਆਂ ਸਾਰੀਆਂ ਘਟਨਾਵਾਂ, ਜਿਸ ਵਿੱਚ ਇਹ ਘਟਨਾ ਵੀ ਸ਼ਾਮਲ ਹੈ, ਵਿੱਚ ਸਖ਼ਤ ਕਾਰਵਾਈ ਯਕੀਨੀ ਬਣਾਉਣ। ਉਨ੍ਹਾਂ ਕਿਹਾ ਕਿ ਚੋਣ ਸਾਲ ਦੇ ਮੱਦੇਨਜ਼ਰ ਕਾਨੂੰਨ ਵਿਵਸਥਾ ਬਣਾਈ ਰੱਖਣਾ ਬਹੁਤ ਜ਼ਰੂਰੀ ਹੈ।ਉਨ੍ਹਾਂ ਇਹ ਵੀ ਮੰਗ ਕੀਤੀ ਕਿ ਸੂਬਾ ਸਰਕਾਰ ਸਾਰੀਆਂ ਥਾਵਾਂ ਤੇ ਸਥਾਪਤ ਬਾਬਾ ਸਾਹਿਬ ਦੀਆਂ ਮੂਰਤੀਆਂ ਦੀ ਸੁਰੱਖਿਆ ਅਤੇ ਸਤਿਕਾਰ ਲਈ ਠੋਸ ਕਦਮ ਚੁੱਕੇ।ਉਨ੍ਹਾਂ ਇਹ ਵੀ ਸੁਝਾਅ ਦਿੱਤਾ ਕਿ ਜੇਕਰ ਸਰਕਾਰ ਧਾਰਮਿਕ ਗ੍ਰੰਥਾਂ ਦੀ ਬੇਅਦਬੀ ਵਿਰੁੱਧ ਕਾਨੂੰਨ ਬਣਾਉਣ ਜਾ ਰਹੀ ਹੈ, ਤਾਂ ਡਾ. ਬੀ.ਆਰ. ਅੰਬੇਡਕਰ ਦੀਆਂ ਮੂਰਤੀਆਂ ਦੀ ਬੇਅਦਬੀ ਨੂੰ ਵੀ ਉਸ ਕਾਨੂੰਨ ਦੇ ਦਾਇਰੇ ਵਿੱਚ ਸ਼ਾਮਲ ਕੀਤਾ ਜਾਣਾ ਚਾਹੀਦਾ ਹੈ।

# ਬਲਾਕ ਸੰਮਤੀ ਫੂਲ 'ਤੇ ਅਕਾਲੀ ਦਲ ਦਾ ਕਬਜ਼ਾ, ਚੇਅਰਮੈਨ ਤੇ ਉੱਪ ਚੇਅਰਮੈਨ ਦੀ ਚੋਣ ਜਿੱਤੀ

## ਵਿਧਾਇਕ ਦੀ ਵੋਟ ਵੀ ਆਪ ਦੀ ਬੇੜੀ ਬੰਨ੍ਹੇ ਨਾਂ ਲਾ ਸਕੀ , ਮਲੂਕਾ ਨੇ ਕਿਹਾ ਇਹ ਜਿੱਤ ਸਾਲ 2027 ਦਾ ਟ੍ਰੇਲਰ

ਬਠਿੰਡਾ 1 ਅਪ੍ਰੈਲ ( ਜਗਸੀਰ, ਭੁੱਲਰ ) : ਫੂਲ ਬਲਾਕ ਸੰਮਤੀ ਦੇ ਚੇਅਰਮੈਨ ਅਤੇ ਉੱਪ ਚੇਅਰਮੈਨ ਦੀ ਚੋਣ ਨੇ ਜ਼ਿਲ੍ਹਾ ਬਠਿੰਡਾ ਦੀ ਰਾਜਨੀਤੀ ਨੂੰ ਗਰਮਾ ਦਿੱਤਾ ਹੈ। ਕਈ ਹਫਤਿਆਂ ਤੋਂ ਚਰਚਾ ਦਾ ਕੇਂਦਰ ਬਣੀ ਇਹ ਚੋਣ ਆਖਿਰਕਾਰ ਸ਼੍ਰੋਮਣੀ ਅਕਾਲੀ ਦਲ ਦੇ ਹੱਕ ਵਿੱਚ ਗਈ। ਪੰਚਾਇਤ ਸੰਮਤੀ ਫੂਲ ਦੇ ਇਨ੍ਹਾਂ ਦੋਵੇਂ ਅਹੁਦਿਆਂ 'ਤੇ ਸ਼੍ਰੋਮਣੀ ਅਕਾਲੀ ਦਲ ਨੇ ਕਬਜ਼ਾ ਕਰ ਲਿਆ ਹੈ। ਇਸ ਚੋਣ ਵਿਚ ਸ਼੍ਰੋਮਣੀਅਕਾਲੀ ਦਲ ਦੀ ਉਮੀਦਵਾਰ ਮਨਦੀਪ ਕੌਰ ਪਤਨੀ ਬਲਜੀਤ ਸਿੰਘ ਨੀਲਾ ਮਹਿਰਾਜ ਚੇਅਰਪਰਸਨ ਚੁਣੀ ਗਈ, ਜਦੋਂ ਕਿ ਕਿਰਨਜੀਤ ਕੌਰ ਪਤਨੀ ਅੰਮ੍ਰਿਤਪਾਲ ਸਿੰਘ ਪਿੰਡ ਰਾਈਆ ਵਾਇਸ ਚੇਅਰਮੈਨ ਚੁਣੀ ਗਈ ਹੈ। ਇਸ ਨਤੀਜੇ ਨਾਲ ਆਮ ਆਦਮੀ ਪਾਰਟੀ ਨੂੰ ਵੱਡਾ ਸਿਆਸੀ ਝਟਕਾ ਲੱਗਾ ਹੈ, ਖ਼ਾਸ ਕਰਕੇ ਉਸ ਵੇਲੇ ਜਦੋਂ ਕਾਂਗਰਸ ਦੇ ਮੈਂਬਰਾਂ ਦਾ ਸਹਿਯੋਗ ਅਤੇ ਵਿਧਾਇਕ ਦੀ ਵੋਟ ਵੀ ਆਪ ਦੇ ਹੱਕ ਵਿੱਚ ਗਈ।ਇਹ ਚੋਣ ਬਠਿੰਡਾ ਦੇ ਡਿਪਟੀ ਕਮਿਸ਼ਨਰ ਦੀ ਨਿਗਰਾਨੀ ਹੇਠ ਅਤੇ ਹਾਈ ਕੋਰਟ ਵੱਲੋਂ ਨਿਯੁਕਤ ਅਬਜ਼ਰਵਰ ਦੀ ਦੇਖ-ਰੇਖ ਵਿੱਚ



ਕਰਵਾਈ ਗਈ। ਕੁੱਲ 18 ਬਲਾਕ ਸੰਮਤੀ ਮੈਂਬਰਾਂ ਵਿੱਚੋਂ ਸ਼੍ਰੋਮਣੀ ਅਕਾਲੀ ਦਲ ਕੋਲ 10, ਆਪ ਕੋਲ 5 ਅਤੇ ਕਾਂਗਰਸ ਕੋਲ 2 ਅਤੇ 1 ਅਜ਼ਾਦ ਮੈਂਬਰ ਸੀ, ਜਦੋਂਕਿ ਇਕ ਵੋਟ ਵਿਧਾਇਕ ਦੀ ਪਈ ਹੈ। ਅਕਾਲੀ ਆਗੂਆਂ ਅਨੁਸਾਰ ਵੋਟਿੰਗ ਦੌਰਾਨ ਕਾਂਗਰਸ ਦੇ ਦੋਵੇਂ ਮੈਂਬਰ ਆਪ ਦੇ ਹੱਕ ਵਿੱਚ ਗਏ ਨਾਲ ਹੀ ਵਿਧਾਇਕ ਬਲਕਾਰ ਸਿੱਧੂ ਦੀ ਵੋਟ ਵੀ ਆਪ ਦੇ ਉਮੀਦਵਾਰ ਨੂੰ ਮਿਲੀ, ਜਿਸ ਨਾਲ ਆਪ ਦੇ ਹੱਕ ਵਿੱਚ 9 ਵੋਟਾਂ ਪਈਆਂ। ਇਸ ਦੇ ਬਾਵਜੂਦ ਅਕਾਲੀ ਦਲ ਦੇ ਦੋਵੇਂ ਉਮੀਦਵਾਰਾਂ ਨੇ 10 ਵੋਟਾਂ ਹਾਸਲ ਕਰਕੇ ਜਿੱਤ ਦਰਜ ਕੀਤੀ। ਹਾਲਾਕਿ ਆਮ ਆਦਮੀ ਪਾਰਟੀ ਦੇ ਵਿਧਾਇਕ ਬਲਕਾਰ ਸਿੱਧੂ ਪੂਰੀ ਤਰ੍ਹਾ ਆਸਵੰਦ ਸਨ ਕਿ ਉਨ੍ਹਾਂ ਦੀ ਪਾਰਟੀ ਦੇ ਉਮੀਦਵਾਰ ਇਸ ਚੋਣ ਵਿਚ ਜੇਤੂ ਰਹਿਣਗੇ, ਪਰ ਜਦੋਂ ਵਿਧਾਇਕ ਚੋਣ ਨਤੀਜੇ ਅਕਾਲੀ ਦਲ ਦੇ ਹੱਕ ਵਿਚ ਆਉਣ ਦਾ ਪਤਾ ਲੱਗਾ ਤਾਂ ਉਹ ਚੋਣ ਮੀਟਿੰਗ ਵਿੱਚੋਂ ਉੱਠ ਕੇ ਚਲੇ ਗਏ। ਉਨ੍ਹਾਂ ਪ੍ਰੈਸ ਨਾਲ ਵੀ ਕੋਈ ਗੱਲਬਾਤ ਕਰਨ ਤੋਂ ਇਨਕਾਰ ਕਰ ਦਿੱਤਾ। ਉਧਰ ਇਹ ਚੋਣ ਵਿਧਾਇਕ ਬਲਕਾਰ ਸਿੱਧੂ ਦੀ ਸਿਆਸੀ ਭਵਿੱਖ ਲਈ ਵੀ ਅਹਿਮ ਮੰਨੀ ਜਾ ਰਹੀ ਸੀ, ਪਰ ਨਤੀਜੇ ਨੇ ਉਨ੍ਹਾਂ ਲਈ ਸਵਾਲ ਖੜ੍ਹੇ ਕਰ ਦਿੱਤੇ ਹਨ।ਚੋਣ ਨਤੀਜਿਆਂ ਤੋਂ ਬਾਅਦ ਸ੍ਰੋਮਣੀ ਅਕਾਲੀ ਦਲ ਦੇ ਸੀਨੀਅਰ ਮੀਤ ਪ੍ਰਧਾਨ ਤੇ ਸਾਬਕਾ ਮੰਤਰੀ ਸਿਕੰਦਰ ਸਿੰਘ ਮਲੂਕਾ ਨੇ ਇਸ ਜਿੱਤ ਨੂੰ ਵੱਡੀ ਸਿਆਸੀ ਉਪਲੱਬਧੀ ਕਰਾਰ ਦਿੰਦੇ ਹੋਏ ਕਿਹਾ ਕਿ ਇਹ ਸਿਰਫ਼ ਬਲਾਕ ਸੰਮਤੀ ਚੇਅਰਮੈਨ ਤੇ ਉੱਪ ਚੇਅਰਮੈਨ ਦੀ ਜਿੱਤ ਨਹੀਂ, ਸਗੋਂ ਲੋਕਾਂ ਦਾ ਅਕਾਲੀ ਦਲ ਦੇ ਹੱਕ ਵਿੱਚ ਫ਼ੈਸਲਾ ਹੈ ਅਤੇ 2027 ਦੀਆਂ ਚੋਣਾਂ ਦਾ ਟ੍ਰੇਲਰ ਵੀ ਹੈ। ਉਨ੍ਹਾਂ ਕਿਹਾ ਕਿ ਲੋਕ ਸੂਬਾ ਸਰਕਾਰ ਦੀਆਂ ਨੀਤੀਆਂ ਤੋਂ ਨਾਰਾਜ਼ ਹਨ ਅਤੇ ਆਉਣ ਵਾਲੇ ਸਮੇਂ ਵਿੱਚ ਇਸਦਾ ਅਸਰ ਸਪੱਸ਼ਟ ਨਜ਼ਰ ਆਵੇਗਾ। ਉਨ੍ਹਾਂ ਕਿਹਾ ਕਿ ਸਾਲ 2027 ਵਿਚ ਆਉਣ ਵਾਲੀ ਅਕਾਲੀ ਦਲ ਦੀ ਹਨ੍ਹੇਰੀ ਦਾ ਇਹ ਸੰਕੇਤ ਹੈ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਪਹਿਲਾਂ ਵੀ ਹਾਰ ਦੇ ਡਰੋਂ ਦੋ ਵਾਰ ਚੋਣ ਮੁਲਤਵੀ ਕਰ ਦਿੱਤੀ ਸੀ, ਜਿਸ ਕਾਰਨ ਅਕਾਲੀ ਦਲ ਨੇ ਪੰਜਾਬ ਹਰਿਆਣਾ ਹਾਈਕੋਰਟ ਦਾ ਦਰਵਾਜਾ ਖੜਕਾਇਆ ਸੀ। ਹੁਣ ਪੰਜਾਬ ਹਰਿਆਣਾ ਹਾਈਕੋਰਟ ਦੇ ਆਬਜ਼ਰਵਰ ਅਤੇ ਡਿਪਟੀ ਕਮਿਸ਼ਨਰ ਬਠਿੰਡਾ ਦੀ ਰਹਿਨਮਾਈ ਹੇਠ ਇਹ ਚੋਣ ਨਿਰਪੱਖ ਢੰਗ ਨਾਲ ਹੋਈ ਹੈ। ਸਾਬਕਾ ਮੰਤਰੀ ਨੇ ਇਕ ਸਵਾਲ ਦੇ ਜਵਾਬ ਵਿਚ ਕਿਹਾ ਕਿ ਨਾਂ ਤਾਂ ਵਿਧਾਇਕ ਚੋਣ ਵਿਚ ਜਾ ਸਕਦੇ ਸਨ ਅਤੇ ਨਾਂ ਹੀ ਵੋਟ ਪਾ ਸਕਦੇ ਸਨ, ਪਰ ਵਿਧਾਇਕ ਦੀ ਵੋਟ ਅਤੇ ਕਾਂਗਰਸ ਦਾ ਸਾਥ ਵੀ ਆਪ ਦੀ ਬੇੜੀ ਬੰਨੇ ਨਹੀਂ ਲਾ ਸਕਿਆ।

# ਗੁਰੂ ਗੋਬਿੰਦ ਸਿੰਘ ਪਬਲਿਕ ਸਕੂਲ ਮਲੂਕਾ ਵਿੱਚ ਨਵੇਂ ਸੈਸ਼ਨ ਦੀ ਸ਼ੁਰੂਆਤ ਦੌਰਾਨ ਪਾਠ ਦੇ ਭੋਗ ਪਾਏ



ਭਗਤਾ ਭਾਈ ਕਾ, 1 ਅਪ੍ਰੈਲ (ਸਵਰਨ ਸਿੰਘ ਭਗਤਾ) :ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਧੀਨ ਚੱਲ ਰਹੀ ਮਾਲਵੇ ਦੀ ਪ੍ਰਸਿੱਧ ਵਿਦਿਅਕ ਸੰਸਥਾ ਗੁਰੂ ਗੋਬਿੰਦ ਸਿੰਘ ਪਬਲਿਕ ਸਕੂਲ ਮਲੂਕਾ ਵਿਖੇ ਪ੍ਰਿੰਸੀਪਲ ਮੈਡਮ ਗੁਰਿੰਦਰ ਕੌਰ ਦੀ ਸੁਚੱਜੀ ਅਗਵਾਈ ਹੇਠ ਜਪੁਜੀ ਸਾਹਿਬ ਜੀ ਦੇ ਪਾਠ ਕੀਤੇ ਗਏ। ਇਸ ਮੌਕੇ ਸਕੂਲ ਦੇ ਧਾਰਮਿਕ ਅਧਿਆਪਕ ਗੁਰਪ੍ਰੀਤ ਸਿੰਘ ਸਮੇਤ ਸਾਰੇ ਅਧਿਆਪਕਾਂ ਅਤੇ ਵਿਦਿਆਰਥੀਆਂ ਨੇ ਮਿਲ ਕੇ ਜਪੁਜੀ ਸਾਹਿਬ, ਚੌਪਈ ਸਾਹਿਬ ਅਤੇ ਅਨੰਦ ਸਾਹਿਬ ਜੀ ਦੇ ਪਾਠ ਕਰਕੇ ਸਰਬੱਤ ਦੇ ਭਲੇ ਅਤੇ ਸਕੂਲ ਦੀ ਚੜ੍ਹਦੀ ਕਲਾ ਲਈ ਅਰਦਾਸ ਕੀਤੀ।ਪਾਠ ਉਪਰੰਤ ਰੂਹਾਨੀ ਮਾਹੌਲ ਵਿੱਚ ਸ਼ਬਦ ਕੀਰਤਨ ਕੀਤਾ ਗਿਆ, ਜਿਸ ਵਿੱਚ ਗੁਰਿ ਪੂਰੇ ਮੇਰੀ ਰਾਖਿ ਲਈ॥ ਅਤੇ ਜਿਨਿ ਜਿਨਿ ਨਾਮੁ ਧਿਆਇਆ ਤਿਨ ਕੇ ਕਾਜ ਸਰੇ॥ ਵਰਗੇ ਪਵਿੱਤਰ ਸ਼ਬਦਾਂ ਨਾਲ ਵਿਦਿਆਰਥੀਆਂ ਅਤੇ ਅਧਿਆਪਕਾਂ ਨੂੰ ਨਿਵਾਜਿਆ ਗਿਆ। ਇਹ ਕੀਰਤਨ ਮਿਊਜ਼ਿਕ ਅਧਿਆਪਕ ਸੁਖਜਿੰਦਰ ਸਿੰਘ ਅਤੇ ਵਿਦਿਆਰਥੀਆਂ ਵੱਲੋਂ ਭਾਵਪੂਰਨ ਢੰਗ ਨਾਲ ਪੇਸ਼ ਕੀਤਾ ਗਿਆ। ਕੀਰਤਨ ਉਪਰੰਤ ਅਰਦਾਸ ਕੀਤੀ ਗਈ ਅਤੇ ਵਿਦਿਆਰਥੀਆਂ ਨੂੰ ਦੇਗ ਵਰਤਾਈ ਗਈ। ਇਸ ਮੌਕੇ ਪ੍ਰਿੰਸੀਪਲਮੈਡਮ ਗੁਰਿੰਦਰ ਕੌਰ ਨੇ ਸਾਰੇ ਵਿਦਿਆਰਥੀਆਂ ਅਤੇ ਅਧਿਆਪਕਾਂ ਨੂੰ ਨਵੇਂ ਸੈਸ਼ਨ ਦੀਆਂ ਦਿਲੋਂ ਸ਼ੁਭਕਾਮਨਾਵਾਂ ਦਿੱਤੀਆਂ। ਉਨ੍ਹਾਂ ਵਿਦਿਆਰਥੀਆਂ ਨੂੰ ਪ੍ਰੇਰਿਤ ਕਰਦਿਆਂ ਕਿਹਾ ਕਿ ਉਹ ਮਨ ਲੱਗਾ ਕੇ ਪੜ੍ਹਾਈ ਕਰਨ ਅਤੇ ਵਾਹਿਗੁਰੂ ਜੀ ਦਾ ਸਿਮਰਨ ਅਤੇ ਨਿਤਨੇਮ ਆਪਣੀ ਰੋਜ਼ਾਨਾ ਜ਼ਿੰਦਗੀ ਦਾ ਹਿੱਸਾ ਬਣਾਉਣ।

# ਅਮਨ ਅਰੋੜਾ ਦੀ ਅਗਵਾਈ ਹੇਠ 29 ਪਰਿਵਾਰ ਆਮ ਆਦਮੀ ਪਾਰਟੀ ਵਿੱਚ ਸ਼ਾਮਲ

ਸੁਨਾਮ, 1 ਅਪ੍ਰੈਲ (ਮੋਹਣ ਸ਼ਰਮਾ/ਰਾਊਵਰਿੰਦਰ ਮਠਾੜੂ) : ਕੈਬਨਿਟ ਮੰਤਰੀ ਸ਼੍ਰੀ ਅਮਨ ਅਰੋੜਾ ਵੱਲੋਂ ਹਲਕੇ ਵਿੱਚ ਕਰਵਾਏ ਜਾ ਰਹੇ ਵਿਕਾਸ ਕਾਰਜਾਂ ਅਤੇ ਲੋਕਹਿਤੀ ਨੀਤੀਆਂ ਤੋਂ ਪ੍ਰਭਾਵਿਤ ਹੋ ਕੇ ਅੱਜ ਮੌਖਾ ਕਲੋਨੀ ਦੇ 29 ਪਰਿਵਾਰਾਂ ਦੇ ਲਗਭਗ 80 ਮੈਂਬਰਾਂ ਨੇ ਹੋਰਨਾਂ ਰਾਜਨੀਤਿਕ ਪਾਰਟੀਆਂ ਨੂੰ ਛੱਡ ਕੇ ਆਮ ਆਦਮੀ ਪਾਰਟੀ ਵਿੱਚ ਵਿਸ਼ਵਾਸ ਜਤਾਇਆ ਤੇ ਨਾਲ ਹੀ ਆਪ ਨੂੰ ਆਮ ਆਦਮੀ ਪਾਰਟੀ ਦਾ ਲਕਬ ਦਿੱਤਾ।ਇਸ ਮੌਕੇ ਮਦਨ ਲਾਲ ਮੰਨਾ ਦੀ ਅਗਵਾਈ ਹੇਠ ਇਹਨਾਂ ਪਰਿਵਾਰਾਂ ਨੇ ਪਾਰਟੀ ਵਿੱਚ ਸ਼ਾਮਲ ਹੋਣ ਦਾ ਐਲਾਨ ਕੀਤਾ ਅਤੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਕੀਤੇ ਜਾ ਰਹੇ ਪਾਰਦਰਸ਼ੀ ਪ੍ਰਸ਼ਾਸਨ, ਭ੍ਰਿਸ਼ਟਾਚਾਰ ਖ਼ਿਲਾਫ਼ ਸਖ਼ਤ ਨੀਤੀ ਅਤੇ ਆਮ ਲੋਕਾਂ ਲਈ ਸ਼ੁਰੂ ਕੀਤੀਆਂ ਭਲਾਈ ਯੋਜਨਾਵਾਂ ਨੇ ਉਨ੍ਹਾਂ ਨੂੰ ਬਹੁਤ ਪ੍ਰਭਾਵਿਤ ਕੀਤਾ ਹੈ। ਉਨ੍ਹਾਂ ਦੱਸਿਆ ਕਿ ਕੈਬਨਿਟ ਮੰਤਰੀ ਅਮਨ ਅਰੋੜਾ ਦੀ ਅਗਵਾਈ ਹੇਠ ਹਲਕੇ ਵਿੱਚ ਹੋ ਰਹੇ ਬੇਮਿਸਾਲ ਵਿਕਾਸ ਕਾਰਜ ਅਤੇ ਲੋਕਾਂ ਨਾਲ ਸਿੱਧਾ ਸੰਪਰਕ ਬਣਾਉਣ ਦੀ ਨੀਤੀ ਨੇ ਉਨ੍ਹਾਂ ਦਾ ਭਰੋਸਾ ਜਿੱਤਿਆ ਹੈ।ਇਸ ਮੌਕੇ ਪਾਰਟੀ ਵਿੱਚ ਸ਼ਾਮਲ ਹੋਏ ਮੈਂਬਰਾਂ ਦਾ ਸਵਾਗਤ ਕਰਦਿਆਂ ਪਾਰਟੀ ਆਗੂਆਂ ਨੇ ਕਿਹਾ ਕਿ ਆਮ ਆਦਮੀ ਪਾਰਟੀ ਹਮੇਸ਼ਾ ਲੋਕਾਂ ਦੀ ਭਲਾਈ ਲਈ ਕੰਮ ਕਰਦੀ ਰਹੇਗੀ ਅਤੇ ਨਵੇਂ ਸ਼ਾਮਲ ਹੋਏ



ਸਾਥੀਆਂ ਨੂੰ ਪੂਰਾ ਮਾਣ-ਸਨਮਾਨ ਦਿੱਤਾ ਜਾਵੇਗਾ। ਉਨ੍ਹਾਂ ਨੇ ਕਿਹਾ ਕਿ ਵੱਡੀ ਗਿਣਤੀ ਵਿੱਚ ਲੋਕਾਂ ਦਾ ਪਾਰਟੀ ਨਾਲ ਜੁੜਨਾ ਇਸ ਗੱਲ ਦਾ ਸਪੱਸ਼ਟ ਸਬੂਤ ਹੈ ਕਿ ਪੰਜਾਬ ਦੇ ਲੋਕ ਸਰਕਾਰ ਦੀ ਕਾਰਗੁਜ਼ਾਰੀ ਨਾਲ ਸੰਤੁਸ਼ਟ ਹਨ।ਉਨ੍ਹਾਂ ਅੱਗੇ ਕਿਹਾ ਕਿ ਪਾਰਟੀ ਦੀਆਂ ਨੀਤੀਆਂ ਅਤੇ ਲੋਕ-ਕੇਂਦਰਿਤ ਫ਼ੈਸਲੇ ਆਉਣ ਵਾਲੇ ਸਮੇਂ ਵਿੱਚ ਵੀ ਇਸੇ ਤਰ੍ਹਾਂ ਜਾਰੀ ਰਹਿਣਗੇ ਅਤੇ ਹਰ ਵਰਗ ਦੀ ਭਲਾਈ ਨੂੰ ਯਕੀਨੀ ਬਣਾਇਆ ਜਾਵੇਗਾ। ਨਵੇਂ ਸ਼ਾਮਲ ਹੋਏ ਮੈਂਬਰਾਂ ਨੇ ਵੀ ਭਰੋਸਾ ਦਿੱਤਾ ਕਿ ਉਹ ਪਾਰਟੀ ਦੀਆਂ ਨੀਤੀਆਂ ਨੂੰ ਘਰ-ਘਰ ਤੱਕ ਪਹੁੰਚਾਉਣ ਲਈ ਪੂਰੀ ਤਨਦੇਹੀ ਨਾਲ ਕੰਮ ਕਰਨਗੇ।ਇਸ ਮੌਕੇ ਰਿਸ਼ੀ ਬਾਗੜੀਆ ( ਐਡਵੋਕੇਟ) ਲੀਗਲ ਅਡਵਾਈਜ਼ਰ, ਪੁਨੀਤ ਸ਼ਰਮਾ (ਐਡਵੋਕੇਟ) ( ਕੈਸ਼ੀਅਰ), ਲਲਿਤ ਕਾਂਸਲ (ਸੀ . ਏ) ਸੁਮਿਤ ਕਾਂਸਲ, ਨਰਿੰਦਰ ਬਾਂਸਲ, ਸੁਸ਼ੀਲ ਗਰਗ (ਵਾਈਸ ਪ੍ਰੈਜ਼ੀਡੈਂਟ), ਰਜੇਸ਼ ਗੁਪਤਾ, ਅਮਨਦੀਪ ਖਿਪਲ, ਸੋਨੂ ਚੀਮਾ ਪਾਈਪ ਫੈਕਟਰੀ, ਸਵਰਨਜੀਤ ਸਿੰਘ, ਅਮਨ ਆਪਟੀਕਲ, ਜਤਿੰਦਰ ਗਰਗ, ਵਿਜੇ ਕਾਂਸਲ, ਰਿਤੇਸ਼ ਗੋਇਲ (ਸੈਕਟਰੀ), ਸੁਭਾਸ਼ ਅਕਾਊਂਟੈਂਟ ਮਨਦੀਪ ਸਿੰਘ, ਵਿਨੇ ਨਾਗਪਾਲ, ਆਸ਼ੂ ਨਾਗਪਾਲ, ਜਗਤਾਰ ਸਿੰਘ, ਨੀਰਜ ਬਾਂਸਲ (ਐਡਵੋਕੇਟ, ਸੰਦੀਪ ਬਾਂਸਲ (ਐਡਵੋਕੇਟ), ਆਕਾਸ਼ ਜਿੰਦਲ (ਐਡਵੋਕੇਟ), ਅੰਮ੍ਰਿਤ ਸਾਗਰ ਸਿੰਘ, ਸੁਖਵਿੰਦਰ ਸਿੰਘ, ਹਰਿੰਦਰ ਸਿੰਘ (ਹਨੀ), ਪ੍ਰਭਜੋਤ ਸਿੰਘ, ਮਨਜੀਤ ਸਿੰਘ ਅਤੇ ਦਲੀਪ ਸਿੰਘ(ਚੋਟੀਆਂ ਵਾਲੇ) ਨੇ ਆਪ ਦਾ ਲੜ ਫੜਿਆ। ਇਸ ਮੌਕੇ ਨਗਰ ਕੌਂਸਲ ਪ੍ਰਧਾਨ ਨਿਸ਼ਾਨ ਸਿੰਘ ਟੋਨੀ, ਮਾਰਕੀਟ ਕਮੇਟੀ ਚੇਅਰਮੈਨ ਮੁਕੇਸ਼ ਜੁਨੇਜਾ, ਮੀਡੀਆ ਇੰਚਾਰਜ ਜਤਿੰਦਰ ਜੈਨ ਮਨਪ੍ਰੀਤ ਬਾਂਸਲ, ਕੁਲਵੀਰ ਭੰਗੂ, ਹਰਵਿੰਦਰ ਸਿੰਘ ਛਾਜਲੀ ਚੇਅਰਮੈਨ, ਯਾਦਵਿੰਦਰ ਨਿਰਮਾਣ, ਸੋਨੀ ਚੈਅਰਮੈਨ ਹਾਜ਼ਰ ਸਨ।

# ਡੀ.ਸੀ. ਦ.ਫਤਰ ਅੱਗੇ ਧਰਨਾ 6 ਅਪ੍ਰੈਲ ਨੂੰ

ਸੰਗਰੂਰ, 1 ਅਪ੍ਰੈਲ (ਹਰਕੰਵਲ ਸਿੰਘ ਹੈਪੀ) : ਸੰਯੁਕਤ ਕਿਸਾਨ ਮੋਰਚੇ ਦੀ ਮੀਟਿੰਗ ਬੀਕੇਯੂ ਏਕਤਾ ਉਗਰਾਹਾਂ ਦੇ ਸੂਬਾ ਸਕੱਤਰ ਜਗਤਾਰ ਸਿੰਘ ਕਾਲਾਝਾੜ ਦੀ ਪ੍ਰਧਾਨਗੀ ਹੇਠ ਕਾਮਰੇਡ ਤੇਜਾ ਸਿੰਘ ਸੁਤੰਤਰ ਭਵਨ ਸੰਗਰੂਰ ਵਿਖੇ ਹੋਈ ਜਿਸ ਵਿੱਚ ਸੂਬਾ ਪੱਧਰੀ ਸੱਦੇ ਤਹਿਤ 6 ਅਪ੍ਰੈਲ ਨੂੰ ਡੀਸੀ ਦਫਤਰ ਸੰਗਰੂਰ ਅੱਗੇ ਲਾਏ ਜਾਣ ਵਾਲੇ ਧਰਨੇ ਦੀ ਵਿਉਂਤਬੰਦੀ ਕੀਤੀ ਗਈ।ਇਸ ਸਬੰਧੀ ਪ੍ਰੈਸ ਨੂੰ ਜਾਣਕਾਰੀ ਦਿੰਦਿਆਂ ਕਿਰਤੀ ਕਿਸਾਨ ਯੂਨੀਅਨ ਦੇ ਸੂਬਾ ਆਗੂ ਭੁਪਿੰਦਰ ਸਿੰਘ ਲੌਂਗੋਵਾਲ, ਬੀਕੇਯੂ ਡਕੌਂਦਾ ਧਨੇਰ ਦੇ ਜਨਰਲ ਸਕੱਤਰ ਜਗਤਾਰ ਸਿੰਘ ਦੁੱਗਾਂ,ਬੀਕੇਯੂ ਰਾਜੇਵਾਲ ਦੇ ਜ਼ਿਲ੍ਹਾ ਮੀਤ ਪ੍ਰਧਾਨ ਕਸ਼ਮੀਰ ਸਿੰਘ ਘਰਾਚੋਂ,ਬੀਕੇਯੂ ਡਕੌਂਦਾ ਬੁਰਜ ਗਿੱਲ ਦੇ ਜ਼ਿਲ੍ਹਾ ਆਗੂ ਸ਼ਮਸ਼ੇਰ ਸਿੰਘ ਈਸ਼ਾਪੁਰ ਲੰਡਾ, ਕੁੱਲ ਹਿੰਦ ਕਿਸਾਨ ਸਭਾ ਅਜੇ ਭਵਨ ਦੇ ਨਿਰਮਲ ਸਿੰਘ ਬਟੜਿਆਣਾ, ਕੁੱਲ ਹਿੰਦ ਕਿਸਾਨ ਫੈਡਰੇਸ਼ਨ ਦੇ ਜ਼ਿਲ੍ਹਾ ਆਗੂ ਨਿਰੰਜਨ ਸਿੰਘ ਸਫੀਪੁਰ, ਜਮੂਰੀ ਕਿਸਾਨ ਸਭਾ ਪੰਜਾਬ ਦੇ



ਸੂਬਾ ਆਗੂ ਊਧਮ ਸਿੰਘ ਸੰਤੋਖਪੁਰਾ, ਕੁੱਲ ਹਿੰਦ ਕਿਸਾਨ ਸਭਾ ਪੰਜਾਬ ਦੇ ਜ਼ਿਲ੍ਹਾ ਆਗੂ ਇੰਦਰਪਾਲ ਸਿੰਘ ਪੁੰਨਾਂਵਾਲ ਨੇ ਦੱਸਿਆ ਕਿ ਪੰਜਾਬ ਅਤੇ ਕੇਂਦਰ ਸਰਕਾਰ ਲਗਾਤਾਰ ਪੰਜਾਬ ਦੇ ਮਸਲਿਆਂ ਨੂੰ ਅਣਗੌਲੇ ਕਰ ਰਹੀ ਹੈ। ਪੰਜਾਬ ਦੇ ਦਰਿਆਈ ਪਾਣੀਆਂ ਦਾ ਹੱਕ ਪੰਜਾਬੀਆਂ ਦਾ ਹੈ ਇਹ ਪੰਜਾਬ ਦੇ ਹਰੇਕ ਖੇਤ ਤੱਕ ਪਹੁੰਚਦਾ ਕਰਨ, ਬਿਜਲੀ ਬਿੱਲ 25 ਰੱਦ ਕਰਕੇ ਸਮਾਰਟ ਮੀਟਰ ਲਾਉਣੇ ਬੰਦ ਕਰਨ, ਕਿਸਾਨਾਂ ਦੀ ਕਰਜ਼ਾ ਮੁਕਤੀ, ਭਾਰਤ ਅਮਰੀਕਾ ਕਰ ਮੁਕਤ ਸਮਝੌਤਾ ਰੱਦ ਕਰਨ ਸਮੇਤ ਬਾਕੀ ਕਿਸਾਨੀ ਮੰਗਾਂ ਨੂੰ ਲੈ ਕੇ ਪੂਰੇ ਪੰਜਾਬ ਭਰ ਵਿੱਚ ਸੰਯੁਕਤ ਕਿਸਾਨ ਮੋਰਚੇ ਵੱਲੋਂ ਜ਼ਿਲਾ ਕੇਂਦਰਾਂ ਤੇ ਧਰਨੇ ਦਿੱਤੇ ਜਾਣੇ ਹਨ ਜਿਸ ਤਹਿਤ ਸੰਗਰੂਰ ਵਿਖੇ ਵੀ ਇਹ ਧਰਨਾ ਦਿੱਤਾ ਜਾਵੇਗਾ।ਇਸ ਦੌਰਾਨ ਵੱਖ-ਵੱਖ ਜਥੇਬੰਦੀਆਂ ਦੀ ਪ੍ਰਬੰਧਾਂ ਦੀ ਡਿਊਟੀ ਲਾਈ ਗਈ ਤੇ ਪਿੰਡਾਂ ਵਿੱਚ ਕਿਸਾਨਾਂ ਨੂੰ ਜਾਗਰੂਕ ਕਰਕੇ ਧਰਨੇ ਵਿੱਚ ਸ਼ਮੂਲੀਅਤ ਕਰਵਾਉਣ ਦਾ ਫੈਸਲਾ ਕੀਤਾ ਗਿਆ। ਅੱਜ ਦੀ ਮੀਟਿੰਗ ਵਿੱਚ ਕਿਸਾਨ ਆਗੂ ਹਰਜੀਤ ਸਿੰਘ ਜਲਾਣ, ਜਰਨੈਲ ਸਿੰਘ ਜਹਾਂਗੀਰ, ਗੁਰਤੇਜ ਸਿੰਘ ਦੁੱਗਾ, ਪ੍ਰੀਤਮ ਸਿੰਘ ਬਡਰੁੱਖਾਂ, ਬਹਾਦਰ ਸਿੰਘ ਦੁੱਗਾਂ, ਬਲਵਿੰਦਰ ਸਿੰਘ ਘਨੌੜ, ਰਾਮ ਸਿੰਘ ਸਮੂਰਾਂ ਸਮੇਤ ਕਿਸਾਨ ਆਗੂ ਹਾਜ਼ਰ ਸਨ।ਇਸ ਦੌਰਾਨ ਵੱਖ-ਵੱਖ ਜਥੇਬੰਦੀਆਂ ਦੀ ਪ੍ਰਬੰਧਾਂ ਦੀ ਡਿਊਟੀ ਲਾਈ ਗਈ ਤੇ ਪਿੰਡਾਂ ਵਿੱਚ ਕਿਸਾਨਾਂ ਨੂੰ ਜਾਗਰੂਕ ਕਰਕੇ ਧਰਨੇ ਵਿੱਚ ਸਮੂਲੀਅਤ ਕਰਵਾਉਣ ਦਾ ਫੈਸਲਾ ਕੀਤਾ ਗਿਆ। ਅੱਜ ਦੀ ਮੀਟਿੰਗ ਵਿੱਚ ਕਿਸਾਨ ਆਗੂ ਹਰਜੀਤ ਸਿੰਘ ਜਲਾਣ, ਜਰਨੈਲ ਸਿੰਘ ਜਹਾਂਗੀਰ, ਗੁਰਤੇਜ ਸਿੰਘ ਦੁੱਗਾ, ਪ੍ਰੀਤਮ ਸਿੰਘ ਬਡਰੁੱਖਾਂ, ਬਹਾਦਰ ਸਿੰਘ ਦੁੱਗਾਂ, ਬਲਵਿੰਦਰ ਸਿੰਘ ਘਨੌੜ, ਰਾਮ ਸਿੰਘ ਸਮੂਰਾਂ ਸਮੇਤ ਕਿਸਾਨ ਆਗੂ ਹਾਜ਼ਰ ਸਨ।

# ਤਹਿਸੀਲ ਕੰਪਲੈਕਸ 'ਚ ਸਾਈਕਲ ਸਟੈਂਡ ਪਾਰਕਿੰਗ ਦੀ ਬੋਲੀ 13 ਅਪ੍ਰੈਲ ਨੂੰ

ਮੂਨਕ, 1 ਅਪ੍ਰੈਲ (ਸਮਸ਼ੇਰਸਿੰਘਭੁਟਾਲ): ਤਹਿਸੀਲ ਕੰਪਲੈਕਸ ਮੂਨਕ ਵਿਖੇ ਵਾਹਨਾਂ ਲਈ ਪਾਰਕਿੰਗ ਠੇਕੇ 'ਤੇ ਦੇਣ ਸਬੰਧੀ ਖੁੱਲ੍ਹੀ ਬੋਲੀ 13 ਅਪ੍ਰੈਲ ਨੂੰ ਤਹਿਸੀਲ ਦਫ਼ਤਰ ਮੂਣਕ ਚ ਰੱਖੀ ਗਈ ਹੈ, ਸਕਿਓਰਿਟੀ ਰਕਮ 10 ਹਜ਼ਾਰ ਰੁਪਏ ਨਿਰਧਾਰਤ ਕੀਤੀ ਗਈ ਹੈ। ਇਸ ਸਬੰਧੀ ਤਹਿਸੀਲਦਾਰ ਸੀਮਾ ਸ਼ਰਮਾ ਨੇ ਜਾਣਕਾਰੀ ਦਿੰਦਿਆਂ ਦੱਸਿਆ ਸਾਲ 2026-27 ਲਈ ਤਹਿਸੀਲ ਕੰਪਲੈਕਸ ਮੂਣਕ ਵਿਖੇ ਵਾਹਨਾਂ ਲਈ ਪਾਰਕਿੰਗ ਠੇਕੇ 'ਤੇ ਦੇਣ ਸਬੰਧੀ ਖੁੱਲ੍ਹੀ ਬੋਲੀ 13 ਅਪ੍ਰੈਲ ਨੂੰ ਸਵੇਰੇ 11.ਵਜੇ ਤਹਿਸੀਲਦਾਰ ਦਫ਼ਤਰ ਮੂਣਕ ਵਿਖੇ ਹੋਵੇਗੀ। ਉਨ੍ਹਾਂ ਦੱਸਿਆ ਬੋਲੀ ਦੀ ਰਕਮ ਦਾ ਚੌਥਾ ਹਿੱਸਾ ਮੌਕੇ ਤੇ ਹੀ ਜਮ੍ਹਾਂ ਕਰਵਾਇਆ ਜਾਵੇਗਾ ਤੇ ਰਾਸ਼ੀ ਜਮ੍ਹਾਂ ਨਾ ਕਰਵਾਉਣ ਤੇ ਠੇਕੇਦਾਰ ਵੱਲੋਂ ਜਮ੍ਹਾਂ ਕਰਵਾਈ ਸਕਿਓਰਿਟੀ ਦੀ ਰਕਮ ਜ਼ਬਤ ਕਰ ਲਈ ਜਾਵੇਗੀ, ਇਸ ਸਬੰਧੀ ਬੋਲੀ ਦੇਣ ਵਾਲੇ ਚਾਹਵਾਨ ਮਿਤੀ 09.04.2026 ਤੱਕ ਬੋਲੀ ਸਬੰਧੀ ਆਪਣੀ ਦਰਖ਼ਾਸਤ ਇਸ ਦਫਤਰ ਵਿਖੇ ਦੇ ਸਕਦੇ ਹਨਸਭ ਤੋਂ ਵੱਧ ਬੋਲੀ ਵਾਲੇ ਬੋਲੀਕਾਰ ਨੂੰ ਪ੍ਰਵਾਨਗੀ ਡਿਪਟੀ ਕਮਿਸ਼ਨਰ ਸੰਗਰੂਰ ਜੀ ਵੱਲੋ ਦਿੱਤੀ ਜਾਣੀ ਹੈ, ਜੋ ਬਿਨਾਂ ਕਾਰਨ ਦੱਸੇ ਬੋਲੀ ਨਾਂਮਨਜ਼ੂਰ ਵੀ ਕਰ ਸਕਦੇ ਹਨ। ਬੋਲੀ ਦੀ ਪ੍ਰਵਾਨਗੀ ਤੋਂ ਪਹਿਲਾ ਵੱਧ ਬੋਲੀ ਦੇਣ ਵਾਲੇ ਨੂੰ ਪੱਟੇਦਾਰੀ ਦਾ ਕੋਈ ਵੀ ਹੱਕ ਨਹੀਂ ਹੋਵੇਗਾ। ਅਗਰ ਉਕਤ ਮਿਤੀ ਨੂੰ ਸਰਕਾਰ ਵੱਲੋ ਕੋਈ ਛੁੱਟੀ ਹੋ ਜਾਂਦੀ ਹੈ ਤਾਂ ਇਹ ਬੋਲੀ ਅਗਲੇ ਕੰਮ ਵਾਲੇ ਦਿਨ ਇਸ ਸਥਾਨ ਅਤੇ ਨਿਸ਼ਚਿਤ ਸਮੇਂ ਪਰ ਕਰਵਾਈ ਜਾਵੇਗੀ। ਠੇਕੇ ਸਬੰਧੀ ਸ਼ਰਤਾ ਮੌਕੇ ਤੇ ਦੱਸੀਆਂ ਜਾਣਗੀਆ। ਇਸ ਤੋ ਇਲਾਵਾ ਕਿਸੇ ਵੀ ਤਰਾਂ ਦੀ ਹੋਰ ਕੋਈ ਜਾਣਕਾਰੀ ਲਈ ਸ੍ਰੀ ਲਾਲ ਸਿੰਘ ਕਲਰਕ ਤਹਿਸੀਲ ਦਫਤਰ ਮੁਨਕ ਨਾਲ ਮੋਬਾਇਲ ਨੰਬਰ 84271-51052 ' ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਸ਼ਹੀਦ ਭਗਤ ਸਿੰਘ ਪਾਰਕ ਵਿਖੇ ਲਾਈਟਾਂ ਅਤੇ ਸੀ.ਸੀ.ਟੀ.ਵੀ. ਕੈਮਰੇ ਲਗਾਉਣ ਦਾ ਕੰਮ ਸ਼ੁਰੂ : ਮਹੇਸ਼ ਲੋਟਾ



ਬਰਨਾਲਾ, 1 ਅਪ੍ਰੈਲ (ਸੁਖਵਿੰਦਰ ਸਿੰਘ ਭੰਡਾਰੀ) : ਸ਼ਹੀਦ ਭਗਤ ਸਿੰਘ ਪਾਰਕ ਬਚਾਓ ਸੰਘਰਸ਼ ਕਮੇਟੀ ਵੱਲੋਂ ਬਹੁਤ ਵਾਰ ਮੌਕੇ ਦੀ ਸਰਕਾਰ, ਪ੍ਰਸ਼ਾਸਨਿਕ ਅਧਿਕਾਰੀਆਂ ਅਤੇ ਨਗਰ ਨਿਗਮ ਨੂੰ ਬੇਨਤੀਆਂ ਕੀਤੀਆਂ ਗਈਆਂ ਕਿ ਪਾਰਕ ਦੀਆਂ ਲਾਈਟਾਂ ਲੰਬੇ ਸਮੇਂ ਤੋਂ ਖ਼ਰਾਬ ਪਈਆਂ ਹਨ, ਉਨ੍ਹਾਂ ਨੂੰ ਚਾਲੂ ਕਰਵਾਇਆ ਜਾਵੇ, ਪਰ ਪਰਨਾਲਾ ਉੱਥੇ ਦਾ ਉੱਥੇ ਹੀ ਰਿਹਾ। ਅੱਜ ਕਾਂਗਰਸ ਪਾਰਟੀ ਦੇ ਬਲਾਕ ਸ਼ਹਿਰੀ ਪ੍ਰਧਾਨ ਮਹੇਸ਼ ਕੁਮਾਰ ਲੋਟਾ ਦੇ ਯਤਨਾਂ ਸਦਕਾ ਅਤੇ ਸ੍ਰੀ ਗਿਰੀਰਾਜ ਹੈਲਥ ਕੇਅਰ ਸੋਸਾਇਟੀ ਦੇ ਸਹਿਯੋਗ ਨਾਲ ਜਿਸ ਦਾ ਮਹੇਸ਼ ਲੋਟਾ ਜਨਰਲ ਸਕੱਤਰ ਹੈ, ਤਕਰੀਬਨ ਇਨ੍ਹਾਂ ਲਾਈਟਾਂ ਉੱਪਰ ਇਕ ਲੱਖ ਰੁਪਏ ਤੋਂ ਵੱਧ ਦਾ ਖਰਚਾ ਆਵੇਗਾ ਅਤੇ ਮਹੇਸ਼ ਕੁਮਾਰ ਲੋਟਾ ਵੱਲੋਂ ਆਪਣੇ ਪੱਧਰ 'ਤੇ ਯਤਨ ਕਰਕੇ ਲਗਾਏ ਜਾ ਰਹੇ ਲੱਗਭੱਗ 20 ਸੀ ਸੀ ਟੀ ਵੀ ਕੈਮਰਿਆਂ ਉੱਪਰ ਵੀ ਇੱਕ ਲੱਖ ਤੋਂ ਵੱਧ ਦਾ ਖਰਚਾ ਆਵੇਗਾ ਅਤੇ ਕੁੱਲ ਮਿਲਾ ਕੇ ਲਾਈਟਾਂ ਅਤੇ ਕੈਮਰਿਆਂ 'ਤੇ ਲੱਗਭੱਗ ਢਾਈ ਲੱਖ ਰੁਪਏ ਖ਼ਰਚ ਆਉਣ ਦਾ ਅਨੁਮਾਨ ਹੈ। ਅੱਜ ਲਾਈਟਾਂ ਲਗਾਉਣ ਦਾ ਕੰਮ ਸ਼ੁਰੂ ਹੋ ਗਿਆ ਹੈ। ਜਿਹੜੇ ਲੋਕ ਨੁਮਾਇੰਦੇ ਲੋਕਾਂ ਦੀ ਮੱਦਦ ਨਾਲ ਸਰਕਾਰੇ ਦਰਬਾਰੇ ਕੁਰਸੀਆਂ ਦਾ ਆਨੰਦ ਮਾਣ ਰਹੇ ਹਨ। ਉਹਨਾਂ ਪਾਸ ਲੋੜੀਦੇ ਫੰਡ ਹਨ, ਜੋ ਸਮਾਜ ਦੀ ਬੇਹਤਰੀ ਵਾਸਤੇ ਲਗਾਉਣੇ ਬਣਦੇ ਹਨ। ਉਹਨਾਂ ਸਾਰਿਆਂ ਨੇ ਆਪਣੀਆਂ ਅੱਖਾਂ ਬੰਦ ਕੀਤੀਆਂ ਹੋਈਆਂ ਹਨ, ਜਲਦੀ ਹੀ ਆਉਣ ਵਾਲੇ ਦਿਨਾਂ ਵਿੱਚ ਸ਼ਹਿਰ ਦੇ ਦਾਨੀ ਸੱਜਣਾਂ ਦੇ ਸਹਿਯੋਗ ਨਾਲ ਸ਼ਹੀਦ ਭਗਤ ਸਿੰਘ ਪਾਰਕ ਵਿੱਚ ਕੈਮਰੇ ਲਗਾਉਣ ਦਾ ਕੰਮ ਵੀ ਸ਼ੁਰੂ ਕਰ ਦਿੱਤਾ ਜਾਵੇਗਾ। ਪਾਰਕ ਵਿੱਚ ਹਨੇਰਾ ਹੋਣ ਕਾਰਨ ਸਾਡੇ ਨੌਜਵਾਨ ਬੱਚੇ ਬੱਚੀਆਂ ਮਾਤਾਵਾਂ ਭੈਣਾਂ ਅਤੇ ਬਜ਼ੁਰਗਾਂ ਨੂੰ ਬਹੁਤ ਜਿਆਦਾ ਪ੍ਰੇਸ਼ਾਨੀ ਆਉਂਦੀ ਸੀ। ਅੱਜ ਇਹ ਸਮੱਸਿਆ ਦੂਰ ਹੋ ਗਈ। ਸ਼ਹਿਰ ਦੇ ਲੋਕਾਂ ਅਤੇ ਸਮਾਜ ਸੇਵੀ ਸੰਸਥਾਵਾਂ ਨੇ ਪਾਰਕ 'ਚ ਲਾਈਟਾਂ ਅਤੇ ਕੈਮਰੇ ਲਗਾਏ ਜਾਣ 'ਤੇ ਖੁਸ਼ੀ ਦਾ ਪ੍ਰਗਟਾਵਾ ਕਰਦਿਆਂ ਇਸ ਉਪਰਾਲੇ ਦੀ ਸ਼ਲਾਘਾ ਕੀਤੀ ਹੈ।

# ਸਰਕਾਰੀ ਪ੍ਰਾਇਮਰੀ ਸਕੂਲ ਕੈਰੇ ਵਿੱਚ ਲਗਵਾਈ ਸਬਮਰਸੀਬਲ ਮੋਟਰ



ਬਰਨਾਲਾ, 1 ਅਪ੍ਰੈਲ (ਸੁਖਵਿੰਦਰ ਸਿੰਘ ਭੰਡਾਰੀ) : ਸਰਕਾਰੀ ਪ੍ਰਾਇਮਰੀ ਸਕੂਲ ਕੈਰੇ ਦੇ ਅਧਿਆਪਕ ਮਨੀਸ਼ ਕੁਮਾਰ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਪਿੰਡ ਦੇ ਸਰਪੰਚ ਗੁਰਮੇਲ ਕੌਰ ਅਤੇ ਉਹਨਾਂ ਦੇ ਪਤੀ ਸਮਾਜ ਸੇਵੀ ਸੁਖਵਿੰਦਰ ਸਿੰਘ ਦੀ ਸਿੱਖਿਆ ਪ੍ਰਤੀ ਉਚੇਰੀ ਸੋਚ ਦੇ ਸਦਕਾ ਨਗਰ ਪੰਚਾਇਤ ਵੱਲੋਂ ਸਰਕਾਰੀ ਪ੍ਰਾਇਮਰੀ ਸਕੂਲ ਕੈਰੇ ਵਿੱਚ ਸਬਮਰਸੀਬਲ ਮੋਟਰ ਲਗਵਾਈ ਗਈ। ਸਕੂਲ ਮੁਖੀ ਯਾਦਵਿੰਦਰ ਸਿੰਘ ਵੱਲੋਂ ਦੱਸਿਆ ਗਿਆ, ਕਿ ਮੌਜੂਦਾ ਸਰਪੰਚ ਅਤੇ ਪੰਚਾਇਤ ਸਿੱਖਿਆ ਨੂੰ ਬਹੁਤ ਪਹਿਲ ਦੇ ਰਹੇ ਹਨ। ਸਭ ਤੋਂ ਪਹਿਲਾਂ ਪੰਚਾਇਤ ਨੇ ਕਾਰਜਭਾਰ ਸੰਭਾਲ ਦੇ ਹੀ ਸਕੂਲ ਵਿੱਚ ਇੰਟਰਲੌਕ ਟਾਇਲ ਲਗਵਾਈ ਅਤੇ ਕਈ ਹੋਰ ਕੰਮ ਕਰਵਾਏ ਅਤੇ ਸਕੂਲ ਦੀ ਸਭ ਤੋਂ ਵੱਡੀ ਜ਼ਰੂਰਤ ਸਬਮਰਸੀਬਲ ਮੋਟਰ ਉਨਾਂ ਨੇ ਪਹਿਲ ਦੇ ਆਧਾਰ 'ਤੇ ਸਕੂਲ ਵਿੱਚ ਲਗਵਾਈ। ਇਸ ਸਬੰਧੀ ਜਦੋਂ ਨਗਰ ਦੇ ਸਰਪੰਚ ਗੁਰਮੇਲ ਕੌਰ ਅਤੇ ਉਨ੍ਹਾਂ ਦੇ ਪਤੀ ਸਮਾਜ ਸੇਵੀ ਸੁਖਵਿੰਦਰ ਸਿੰਘ ਨਾਲ ਗੱਲ ਕੀਤੀ ਗਈ ਤਾਂ ਉਹਨਾਂ ਨੇ ਦੱਸਿਆ ਕਿ ਸਾਡੇ ਪਿੰਡ ਦੇ ਸਕੂਲ ਦਾ ਵਿਕਾਸ ਹੀ ਸਾਡੀ ਸਭ ਤੋਂ ਵੱਡੀ ਜਿੰਮੇਵਾਰੀ ਹੈ। ਇਹਨਾਂ ਵੱਲੋਂ ਸਮੇਂ ਸਮੇਂ 'ਤੇ ਸਕੂਲ ਸਬੰਧੀ ਸਾਰੀ ਜਾਣਕਾਰੀ ਸਾਨੂੰ ਦਿੱਤੀ ਜਾਂਦੀ ਹੈ ਅਤੇ ਸਕੂਲ ਦੀਆਂ ਮੁੱਖ ਲੋੜਾਂ ਬਾਰੇ ਦੱਸਿਆ ਜਾਂਦਾ ਹੈ। ਅਸੀਂ ਧੰਨਵਾਦੀ ਹਾਂ ਐਮ.ਐਲ.ਏ ਹਲਕਾ ਮਹਿਲਕਲਾਂ ਕੁਲਵੰਤ ਸਿੰਘ ਪੰਡੋਰੀ ਦੇ, ਕਿਉਂਕਿ ਜਦੋਂ ਅਸੀਂ ਇਹ ਬੇਨਤੀ ਪੂਰੀ ਪੰਚਾਇਤ ਵੱਲੋਂ ਐਮ.ਐਲ.ਏ ਸਾਹਿਬ ਅੱਗੇ ਰੱਖੀ ਤੇ ਉਨ੍ਹਾਂ ਨੇ ਸਾਨੂੰ ਉਸੇ ਸਮੇਂ ਇਸ ਦਾ ਪ੍ਰਬੰਧ ਕਰਨ ਦਾ ਵਾਅਦਾ ਕੀਤਾ ਅਤੇ ਕੁਝ ਦਿਨਾਂ ਬਾਅਦ ਹੀ ਇਸ ਮੋਟਰ ਨੂੰ ਲਗਵਾਉਣ ਲਈ ਹਰੀ ਝੰਡੀ ਦੇ ਦਿੱਤੀ। ਸਕੂਲ ਮੁਖੀ ਯਾਦਵਿੰਦਰ ਸਿੰਘ ਅਤੇ ਸਮੂਹ ਸਟਾਫ ਵੱਲੋਂ ਨਗਰ ਪੰਚਾਇਤ ਅਤੇ ਮਾਨਯੋਗ ਐਮ.ਐਲ.ਏ ਹਲਕਾ ਮਹਿਲ ਕਲਾਂ ਦਾ ਇਸ ਲਈ ਵਿਸ਼ੇਸ਼ ਧੰਨਵਾਦ ਕੀਤਾ ਗਿਆ। ਇਸ ਸਮੇਂ ਸਮੂਹ ਸਟਾਫ ਮੈਂਬਰ ਅਤੇ ਨਗਰ ਪੰਚਾਇਤ ਦੇ ਮੈਂਬਰ ਮੌਜੂਦ ਸਨ।

# ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਦਾ ਨਤੀਜਾ 100 ਫ਼ੀਸਦੀ ਰਿਹਾ



ਭਦੌੜ, 1 ਅਪ੍ਰੈਲ (ਸੁਖਵਿੰਦਰ ਪਲਾਹਾ) : ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਲੜਕੇ ਭਦੌੜ ਦਾ ਸਲਾਨਾ ਨਤੀਜਾ 100% ਰਿਹਾ ਅਤੇ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਭਦੌੜ ਸਿੱਖਿਆ ਦੇ ਉੱਚੇ ਮਿਆਰ ਵਾਲੇ ਮੋਹਰੀ ਸਕੂਲਾਂ ਦੀ ਲਿਸਟ ਵਿੱਚ ਸ਼ਾਮਲ ਹੋ ਗਿਆ ਹੈ। ਸਕੂਲ ਦੇ ਪ੍ਰਿੰਸੀਪਲ ਮੇਜਰ ਸਿੰਘ ਨੇ ਕਿਹਾ ਕਿ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਭਦੌੜ ਦੇ ਆਏ ਸ਼ਾਨਦਾਰ ਨਤੀਜੇ ਅਧਿਆਪਕ ਅਤੇ ਬੱਚਿਆਂ ਦੇ ਆਪਸੀ ਤਾਲਮੇਲ ਅਤੇ ਵਧੀਆ ਕਰਕੇ ਸਕੂਲ ਦੇ ਨਤੀਜੇ 100% ਆਏ ਹਨ। ਉਹਨਾਂ ਕਿਹਾ ਕਿ ਅੱਜ ਜਿਹੜੇ ਬੱਚਿਆਂ ਨੇ ਵਧੀਆ ਪੁਜੀਸ਼ਨਾਂ ਹਾਸਿਲ ਕੀਤੀਆਂ ਹਨ ਉਹਨਾਂ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ ਹੈ ਅਤੇ ਉਹਨਾਂ ਬੱਚਿਆਂ ਦੇ ਮਾਂ ਪਿਓ ਨੂੰ ਵੀ ਸਕੂਲ ਵਿੱਚ ਬੁਲਾਇਆ ਗਿਆ ਤਾਂ ਕਿ ਉਹਨਾਂ ਦੇ ਬੱਚਿਆਂ ਪ੍ਰਤੀ ਕੀ ਫਰਜ਼ ਹਨ ਉਸ ਸਬੰਧੀ ਮਾਪਿਆਂ ਨੂੰ ਜਾਗਰੂਕ ਕੀਤਾ ਜਾ ਸਕੇ ਅਤੇ ਬੱਚੇ ਹਰ ਇੱਕ ਫੀਲਡ ਵਿੱਚ ਕਿਸ ਤਰ੍ਹਾਂ ਅੱਗੇ ਜਾ ਸਕਦੇ ਹਨ, ਉਹਨਾਂ ਬਾਰੇ ਜਾਣਕਾਰੀ ਵੀ ਦਿੱਤੀ ਗਈ। ਪ੍ਰਿੰਸੀਪਲ ਮੇਜਰ ਸਿੰਘ ਵੱਲੋਂ ਜਾਣਕਾਰੀ ਦਿੰਦਿਆਂ ਦੱਸਿਆ ਕਿ ਸਾਡੇ ਸਕੂਲ ਦੇ ਅਧਿਆਪਕ ਪੂਰੀ ਮਿਹਨਤ ਅਤੇ ਲਗਨ ਨਾਲ ਬੱਚਿਆਂ ਦੀ ਪੜ੍ਹਾਈ ਕਰਵਾਉਂਦੇ ਹਨ ਅਤੇ ਅਨੁਸ਼ਾਸਨ ਨੂੰ ਕਾਇਮ ਰੱਖ ਕੇ ਬੱਚਿਆਂ ਨਾਲ ਦੋਸਤਾਨਾ ਮਾਹੌਲ ਪੈਦਾ ਕਰਕੇ ਉਹਨਾਂ ਨੂੰ ਅੱਗੇ ਵਧਣ ਦੀ ਪ੍ਰੇਰਨਾ ਦਿੰਦੇ ਰਹਿੰਦੇ ਹਨ। ਉਹਨਾਂ ਕਿਹਾ ਕਿ ਬਾਰਵੀਂ ਤੋਂ ਬਾਅਦ ਬੱਚੇ ਕਿਸ ਫੀਲਡ ਵਿੱਚ ਅੱਗੇ ਜਾ ਸਕਦੇ ਨੇ ਉਹਨਾਂ ਬਾਰੇ ਬੱਚਿਆਂ ਨੂੰ ਜਾਣਕਾਰੀ ਦੇਣ ਲਈ ਸਮੇਂ-ਸਮੇਂ ਸਿਰ ਸਕੂਲ ਅੰਦਰ ਸਮਾਗਮ ਕਰਵਾਏ ਜਾਂਦੇ ਹਨ ਤਾਂ ਕਿ ਸਰਕਾਰੀ ਸਕੂਲ ਦੇ ਬੱਚੇ ਮਹਿੰਗੀਆਂ ਫੀਸਾਂ ਵਾਲੇ ਇੰਗਲਿਸ਼ ਮੀਡੀਅਮ ਵਾਲੇ ਸਕੂਲਾਂ ਤੋਂ ਅੱਗੇ ਹੋ ਕੇ ਆਪਣੇ ਮਾਂ ਪਿਓ ਅਤੇ ਸਕੂਲ ਦਾ ਨਾਮ ਉੱਚਾ ਕਰ ਸਕਣ। ਇਸ ਮੌਕੇ ਹੇਮ ਰਾਜ ਸ਼ਰਮਾ, ਮਾਸਟਰ ਬਲਵਿੰਦਰ ਸਿੰਘ, ਚੇਅਰਮੈਨ ਮੋਨੂ ਸ਼ਰਮਾ, ਮੈਂਬਰ ਰਾਜਿੰਦਰ ਸਿੰਘ ਆਦਿ ਤੋਂ ਇਲਾਵਾ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਭਦੌੜ ਦਾ ਸਮੂਹ ਸਟਾਫ ਵੀ ਮੌਜੂਦ ਸੀ।

# ਧੋਖਾਧੜੀ ਕਰਕੇ ਰਿਹਾਇਸ਼ੀ ਮਕਾਨ ਦੀ ਰਜਿਸਟਰੀ ਆਪਣੇ ਨਾਮ ਕਰਵਾਕੇ ਲਿਆ ਕਰਜ਼ਾ, ਚਾਰ ਖ਼ਿਲਾਫ਼ ਮਾਮਲਾ ਦਰਜ



ਤਪਾ ਮੰਡੀ, 1 ਅਪ੍ਰੈਲ (ਭੂਸ਼ਨ ਘੜੈਲਾ) : ਸ਼ਥਾਨਕ ਸਹਿਰ ਅੰਦਰ ਇੱਕ ਗੰਭੀਰ ਧੋਖਾਧੜੀ ਦਾ ਮਾਮਲਾ ਸਾਹਮਣੇ ਆਇਆ ਹੈ, ਜਿਸ ਵਿੱਚ ਮ੍ਰਿਤਕ ਵਿਅਕਤੀ ਦੀ ਜ਼ਮੀਨ ਨੂੰ ਜਾਲਸਾਜ਼ੀ ਨਾਲ ਮਾਲ ਅਤੇ ਬੈਂਕ ਅਧਿਕਾਰੀਆਂ ਦੀ ਮਿਲੀ ਭੁਗਤ ਨਾਲ ਕਰਕੇ ਆਪਣੇ ਨਾਂ ਕਰਵਾ ਕੇ 15 ਲੱਖ ਰੁਪਏ ਦਾ ਲੋਨ ਲੈਣ ਦਾ ਮਾਮਲਾ ਸਾਹਮਣੇ ਆਉਣ ਕਾਰਨ ਦੋਸ਼ ਲੱਗਿਆ ਹੈ। ਇਸ ਸਬੰਧੀ ਗੁਰਦੀਪ ਸਿੰਘ ਪੁੱਤਰ ਸੁਰਜੀਤ ਸਿੰਘ ਵਾਸੀ ਗੁਗਾ ਮਾੜੀ ਬਸਤੀ ਨੇ ਐਸਐਸਪੀ ਬਰਨਾਲਾ ਨੂੰ ਦਿੱਤੀ ਲਿਖਤੀ ਸ਼ਿਕਾਇਤ ਵਿੱਚ ਦੱਸਿਆ ਕਿ ਉਸਦੇ ਪਿਤਾ ਦੀ ਮੌਤ 11 ਜਨਵਰੀ 2019 ਨੂੰ ਹੋ ਗਈ ਸੀ। ਇਹ ਮਾਮਲਾ ਉਸ ਸਮੇਂ ਸਾਹਮਣੇ ਆਇਆ, ਜਦੋਂ ਉਹ ਆਪਣੇ ਮ੍ਰਿਤਕ ਪਿਤਾ ਦੇ ਮਕਾਨ ਦੀ ਵਸੀਅਤ ਕਰਵਾਉਣ ਲੱਗੇ ਤਾਂ ਉਨ੍ਹਾਂ ਨੂੰ ਫਰਦ ਕੱਢਵਾਉਣ ਤੋਂ ਪਤਾ ਲੱਗਿਆ ਕਿ ਕੁਝ ਵਿਅਕਤੀਆਂ ਨੇ ਮਿਲ ਕੇ ਧੋਖਾਧੜੀ ਕੀਤੀ ਹੈ। ਸ਼ਿਕਾਇਤ ਅਨੁਸਾਰ ਸੁਰਜੀਤ ਸਿੰਘ ਪੁੱਤਰ ਕੇਹਰ ਸਿੰਘ, ਬਲਵਿੰਦਰ ਸਿੰਘ,ਹਰਿੰਦਰ ਕੌਰ ਅਤੇ ਖੁਸ਼ਵਿੰਦਰ ਸਿੰਘ ਨੇ ਸਾਜ਼ਿਸ਼ ਰਚ ਕੇ ਮਕਾਨ ਆਪਣੇ ਨਾਂ ਕਰਵਾ ਲਈ ਅਤੇ ਉਸ ਦੇ ਆਧਾਰ 'ਤੇ ਲੱਗਭੱਗ 15 ਲੱਖ ਰੁਪਏ ਦਾ ਲੋਨ ਵੀ ਲੈ ਲਿਆ। ਇਸ ਮਾਮਲੇ ਵਿੱਚ ਹੈਰਾਨੀ ਦੀ ਗੱਲ ਇਹ ਵੀ ਸਾਹਮਣੇ ਆਈ ਕਿ ਇਸ ਜਾਇਦਾਦ ਦਾ ਤਿੰਨ ਵਾਰ ਵੱਖ-ਵੱਖ ਨਾਮਾਂ 'ਤੇ ਇੰਤਕਾਲ ਕੀਤਾ ਗਿਆ। ਸ਼ਿਕਾਇਤਕਰਤਾ ਨੇ ਦੱਸਿਆ ਕਿ ਪਹਿਲਾਂ ਵੀ ਇਸ ਸਬੰਧੀ ਦਰਖ਼ਾਸਤ ਐਸਪੀ (ਹੈੱਡਕੁਆਰਟਰ) ਨੂੰ ਜਾਂਚ ਲਈ ਦਿੱਤੀ ਗਈ ਸੀ। ਜਾਂਚ ਦੌਰਾਨ ਅਧਿਕਾਰੀਆਂ ਨੇ ਮਾਮਲੇ ਨੂੰ ਗੰਭੀਰ ਮੰਨਦਿਆਂ ਧੋਖਾਧੜੀ ਦੀ ਪੁਸ਼ਟੀ ਕੀਤੀ। ਜਾਂਚ ਪੂਰੀ ਹੋਣ ਤੋਂ ਬਾਅਦ ਐਸਪੀ ਵੱਲੋਂ ਮਾਮਲਾ ਦਰਜ ਕਰਨ ਲਈ ਫਾਈਲ ਤਪਾ ਥਾਣੇ ਭੇਜ ਦਿੱਤੀ ਗਈ। ਪੁਲਿਸ ਨੇ ਕੇਸ ਦਰਜ ਕਰਕੇ ਦੋਸ਼ੀਆਂ ਦੀ ਗ੍ਰਿਫ਼ਤਾਰੀ ਲਈ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਤਪਾ ਪੁਲਸ ਨੇ ਸੁਰਜੀਤ ਸਿੰਘ ਪੁੱਤਰ ਕੇਹਰ ਸਿੰਘ ਵਾਸੀਆਨ ਤਪਾ, ਬਲਵਿੰਦਰ ਸਿੰਘ (ਪੁੱਤਰ), ਹਰਿੰਦਰ ਕੌਰ (ਨੂੰਹ), ਖੁਸ਼ਵਿੰਦਰ ਸਿੰਘ (ਪੋਤਾ) ਖਿਲਾਫ ਪੁਲਸ ਨੇ 420, 467, 468, 471, 120ਬੀ ਅਧੀਨ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

# ਬਲਜੀਤ ਸਿੰਘ ਪੰਡੋਰੀ ਦਾ ਵੱਖ-ਵੱਖ ਸੰਸਥਾਵਾਂ ਵੱਲੋਂ ਵਿਸ਼ੇਸ਼ ਸਨਮਾਨ



ਮਹਿਲ ਕਲਾਂ / ਬਰਨਾਲਾ, 1 ਅਪ੍ਰੈਲ (ਹਮੀਰ ਸਿੰਘ) :ਸੂਚਨਾ ਤੇ ਲੋਕ ਸੰਪਰਕ ਵਿਭਾਗ ਪੰਜਾਬ ਵਿੱਚ 25 ਸਾਲ ਦੀਆਂ ਅਣਥੱਕ ਬੇਦਾਗ ਸੇਵਾਵਾਂ ਨਿਭਾਉਣ ਉਪਰੰਤ ਸੇਵਾ ਮੁਕਤ ਹੋਏ ਬਲਜੀਤ ਸਿੰਘ ਪੰਡੋਰੀ ਨੂੰ ਵੱਖ-ਵੱਖ ਸੰਸਥਾਵਾਂ ਵੱਲੋਂ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਹਲਕਾ ਵਿਧਾਇਕ ਕੁਲਵੰਤ ਸਿੰਘ ਪੰਡੋਰੀ, ਚੇਅਰਮੈਨ ਸ਼ੁਸ਼ੀਲ ਕੁਮਾਰ ਬਾਂਸਲ ਨੇ ਸਮੂਹ ਸਿੱਧੂ ਪਰਿਵਾਰ ਨੂੰ ਮੁਬਾਰਕਬਾਦ ਭੇਟ ਕੀਤੀ। ਕਸਬਾ ਮਹਿਲ ਕਲਾਂ ਵਿਖੇ ਹੋਏ ਵਿਦਾਇਗੀ ਪਾਰਟੀ ਸਮਾਗਮ ਵਿਚ ਬਰਨਾਲਾ, ਧਨੌਲਾ, ਭਦੌੜ, ਸ਼ਹਿਣਾ ਅਤੇ ਮਹਿਲ ਕਲਾਂ ਤੋਂ ਪੱਤਰਕਾਰ ਭਾਈਚਾਰੇ ਨੇ ਭਰਵੀਂ ਸ਼ਮੂਲੀਅਤ ਕੀਤੀ। ਇਸ ਮੌਕੇ ਡੀ ਪੀ ਆਰ ਓ ਬਠਿੰਡਾ ਮੈਡਮ ਮੇਘਾ ਮਾਨ, ਏ ਪੀ ਆਰ ਓ ਬਰਨਾਲਾ ਜਗਬੀਰ ਕੌਰ, ਯੁਨਿੰਦਰ ਜੋਸ਼ੀ ਨੇ ਕਿਹਾ ਬਲਜੀਤ ਸਿੰਘ ਪੰਡੋਰੀ ਵਲੋਂ ਲਗਾਤਾਰ ਨਿਸ਼ਕਾਮ ਭਾਵਨਾ ਨਾਲ ਨਿਭਾਈਆਂ ਸ਼ਾਨਦਾਰ ਸੇਵਾਵਾਂ ਸਾਡੇ ਲਈ ਪ੍ਰੇਰਨਾ ਸਰੋਤ ਹਨ। ਲੇਖਕ ਜਗਸੀਰ ਸਮਾਜ ਸੇਵੀ ਸੁਖਦਰਸ਼ਨ ਸਿੰਘ ਬੋਪਾਰਾਏ, ਨਿਰਮਲ ਪੰਡੋਰੀ, ਦਰਜਾਚਾਰ ਮੁਲਾਜ਼ਮ ਯੂਨੀਅਨ ਵਲੋਂ ਹਰਬੰਸ ਸਿੰਘ, ਸਿੰਘ ਜਲੰਧਰ ਨੇ ਵਧਾਈ ਦਿੰਦਿਆ ਕਿਹਾ ਪੰਡੋਰੀ ਨੇ ਹਰ ਔਖੀ ਘੜੀ ਦਾ ਅਡੋਲ ਰਹਿ ਕੇ ਮੁਕਾਬਲਾ ਕੀਤਾ। ਪ੍ਰੈਸ ਕਲੱਬ ਮਹਿਲ ਕਲਾਂ ਦੇ ਪ੍ਰਧਾਨ ਬਲਜਿੰਦਰ ਸਿੰਘ ਢਿੱਲੋਂ ਨੇ ਬਲਜੀਤ ਸਿੰਘ ਵੱਲੋਂ ਮਹਿਕਮੇ ਦੀਆਂ ਸੇਵਾਵਾਂ ਨਿਭਾਉਣ ਦੇ ਨਾਲ ਭਾਈ ਘਨੱਈਆ ਜੀ ਕਲੱਬ ਰਾਹੀ ਲੋੜਵੰਦਾਂ ਮੱਦਦ ਦਾ ਬੀੜਾ ਚੁੱਕਿਆ। ਉਨ੍ਹਾਂ ਸਮੂਹ ਸੰਗਤਾਂ ਦਾ ਧੰਨਵਾਦ ਕੀਤਾ । ਇਸ ਮੌਕੇ ਜ਼ਿਲ੍ਹਾ ਖਜ਼ਾਨਾ ਅਫ਼ਸਰ ਬਲਵੰਤ ਸਿੰਘ ਭੁੱਲਰ, ਪੰਜ ਆਪ ਜ਼ਿਲ੍ਹਾ ਪ੍ਰੈਸ ਕਲੱਬ ਬਰਨਾਲਾ (ਰਜਿ) ਦੇ ਪ੍ਰਧਾਨ ਬਘੇਲ ਸਿੰਘ ਧਾਲੀਵਾਲ, ਧਨੌਲਾ ਪ੍ਰੈਸ ਜਰਨਲਿਸਟ ਐਸੋਸੀਏਸ਼ਨ ਦੇ ਪ੍ਰਧਾਨ ਚਮਕੌਰ ਸਿੰਘ ਗੱਗੀ, ਸੁਰਿੰਦਰ ਸਿਓਦੌੜਾ, ਸੰਜੀਵ ਕੁਮਾਰ ਗਰਗ ਕਾਲੀ, ਕਰਮਜੀਤ ਸਾਗਰ, ਹਮੀਰ ਸਿੰਘ ਬਰਨਾਲਾ, ਰਾਜਿੰਦਰ ਬਰਾੜ, ਗੁਰਪ੍ਰੀਤ ਸਿੰਘ ਲਾਡੀ, ਅਵਤਾਰ ਸਿੰਘ ਅਣਖੀ, ਪੱਤਰਕਾਰ ਮੇਘ ਰਾਜ ਜੋਸ਼ੀ, ਐਡਵੋਕੇਟ ਚੇਤਨ ਸ਼ਰਮਾ, ਲਖਵਿੰਦਰ ਸ਼ਰਮਾ ਦੂਰਦਰਸ਼ਨ, ਗੁਰਜੀਤ ਸਿੰਘ ਧਾਲੀਵਾਲ, ਜਗਰਾਜ ਸਿੰਘ ਮਹਿਲ ਖ਼ੁਰਦ, ਪ੍ਰੇਮ ਕੁਮਾਰ ਪਾਸੀ, ਗੁਰਮੀਤ ਸਿੰਘ ਬਰਨਾਲਾ, ਮਨੋਜ ਸ਼ਰਮਾ, ਵਿਨੋਦ ਕਲਸੀ, ਅਵਤਾਰ ਸਿੰਘ ਸ਼ਹਿਣਾ, ਮੰਗਲ ਸਿੰਘ ਠੀਕਰੀਵਾਲ, ਜਸਵੀਰ ਵਜੀਦਕੇ, ਗੁਰਮੁੱਖ ਹਮੀਦੀ, ਜਸਪਾਲ ਸਿੰਘ ਪੰਡੋਰੀ, ਡਾ: ਨਰਿੰਦਰ ਸਿੰਘ ਆਦਿ ਪੱਤਰਕਾਰ ਅਤੇ ਪਟਵਾਰੀ।

# ਹਲਕੀ ਕਸਰਤ ਮਾਂ ਦੀ ਸਿਹਤ ਤੇ ਗਰਭ ਵਿੱਚ ਪਲ ਰਹੇ ਬੱਚੇ ਦੇ ਵਿਕਾਸ ਲਈ ਜ਼ਰੂਰੀ : ਡਾ. ਮਨਦੀਪ ਕੌਰ ਬੱਲ



ਧਨੌਲਾ, 1 ਅਪ੍ਰੈਲ (ਚਮਕੌਰ ਸਿੰਘ ਗੱਗੀ) : ਸਿਵਲ ਸਰਜਨ ਬਰਨਾਲਾ ਡਾ. ਹਰੀਪਾਲ ਸਿੰਘ ਸਿੱਧੂ ਦੇ ਹੁਕਮਾਂ ਅਨੁਸਾਰ ਅਤੇ ਸੀਨੀਅਰ ਮੈਡੀਕਲ ਅਫ਼ਸਰ ਡਾ. ਸਤਵੰਤ ਸਿੰਘ ਔਜਲਾ ਦੀ ਅਗਵਾਈ ਹੇਠ ਸੀ.ਐੱਚ.ਸੀ ਧਨੌਲਾ ਵਿਖੇ ਮਮਤਾ ਦਿਵਸ ਮੌਕੇ ਜਿੱਥੇ ਬੱਚਿਆਂ ਅਤੇ ਗਰਭਵਤੀ ਔਰਤਾਂ ਦੀ ਸਿਹਤ ਜਾਂਚ ਅਤੇ ਟੀਕਾਕਰਨ ਕੀਤਾ ਗਿਆ, ਉੱਥੇ ਹੀ ਗਰਭਵਤੀ ਔਰਤਾਂ ਨੂੰ ਸਰੀਰਕ ਕਸਰਤ ਕਰਨ ਲਈ ਵੀ ਪ੍ਰੇਰਿਤ ਕੀਤਾ ਗਿਆ। ਸੀ.ਐੱਚ.ਸੀ ਧਨੌਲਾ ਵਿਖੇ ਜਨਾਨਾ ਰੋਗਾਂ ਦੇ ਮਾਹਿਰ ਡਾ. ਮਨਦੀਪ ਕੌਰ ਬੱਲ ਨੇ ਦੱਸਿਆ ਕਿ ਹਲਕੀ-ਫੁਲਕੀ ਕਸਰਤ, ਜਿਵੇਂ ਸੈਰ ਅਤੇ ਯੋਗਾ, ਨਾ ਸਿਰਫ਼ ਮਾਂ ਦੀ ਚੰਗੀ ਸਿਹਤ ਲਈ ਜ਼ਰੂਰੀ ਹੈ, ਸਗੋਂ ਇਹ ਗਰਭ ਵਿੱਚ ਪਲ ਰਹੇ ਬੱਚੇ ਦੇ ਵਿਕਾਸ ਲਈ ਵੀ ਲਾਭਦਾਇਕ ਹੈ। ਉਹਨਾਂ ਦੱਸਿਆ ਕਿ ਜਿੱਥੇ ਨਿਯਮਿਤ ਟੀਕਾਕਰਨ ਮਾਂ ਅਤੇ ਬੱਚੇ ਨੂੰ ਕਈ ਮਾਰੂ ਰੋਗਾਂ ਤੋਂ ਬਚਾਉਂਦਾ ਹੈ ਉੱਥੇ ਹੀ ਰੋਜ਼ਾਨਾ ਸੈਰ ਜਾਂ ਕਸਰਤ ਕਰਨ ਨਾਲ ਗਰਭਵਤੀ ਔਰਤਾਂ ਵਿੱਚ ਤਣਾਅ ਘਟਦਾ ਹੈ ਅਤੇ ਬੱਚੇ ਦੇ ਜਨਮ ਸਮੇਂ ਆਉਣ ਵਾਲੀਆਂ ਜਟਿਲਤਾਵਾਂ ਦਾ ਖਤਰਾ ਵੀ ਘਟਦਾ ਹੈ, ਇਸ ਲਈ ਹਰ ਸਾਲ 6 ਅਪ੍ਰੈਲ ਨੂੰ ਵਿਸ਼ਵ ਸਰੀਰਕ ਗਤੀਵਿਧੀ ਦਿਵਸ ਵੀ ਮਨਾਇਆ ਜਾਂਦਾ ਹੈ। ਇਸ ਦੇ ਨਾਲ ਹੀ, ਡਾ. ਮਨਦੀਪ ਕੌਰ ਬੱਲ ਨੇ ਗਰਭਵਤੀ ਮਹਿਲਾਵਾਂ ਨੂੰ ਆਪਣੀ ਖ਼ੁਰਾਕ ਵਿੱਚ ਹਰੀਆਂ ਪੱਤੇਦਾਰ ਸਬਜ਼ੀਆਂ, ਦੁੱਧ, ਫਲ ਅਤੇ ਪ੍ਰੋਟੀਨ ਵਾਲੀਆਂ ਚੀਜ਼ਾਂ ਸ਼ਾਮਲ ਕਰਨ ਅਤੇ ਕਿਸੇ ਵੀ ਤਰ੍ਹਾਂ ਦੀ ਅਸੁਵਿਧਾ ਜਾਂ ਸਮੱਸਿਆ ਹੋਣ 'ਤੇ ਤੁਰੰਤ ਡਾਕਟਰ ਨਾਲ ਸੰਪਰਕ ਕਰਨ ਦੀ ਸਲਾਹ ਵੀ ਦਿੱਤੀ। ਬੀ.ਈ.ਈ ਰਤਿਕਾ ਓਬਰਾਏ ਨੇ ਦੱਸਿਆ ਕਿ ਇਸ ਮੌਕੇ ਐੱਲ.ਐੱਚ.ਵੀ ਇੰਦਰਜੀਤ ਕੌਰ, ਏ.ਐੱਨ.ਐੱਮ ਸਰਬਜੀਤ ਕੌਰ ਅਤੇ ਗੁੱਡੀ ਕੌਰ, ਆਸ਼ਾ ਨਿੱਕੀ ਕੌਰ ਤੋਂ ਇਲਾਵਾ ਪੂਨਮ ਦੇਵੀ ਅਤੇ ਨਰਸਿੰਗ ਦੇ ਵਿਦਿਆਰਥੀ ਹਾਜ਼ਰ ਸਨ।

# ਮਦਰ ਟੀਚਰ ਸਕੂਲ ਵਿੱਚ ਸੈਸ਼ਨ ਦਾ ਪਹਿਲਾ ਦਿਨ






ਬਰਨਾਲਾ, 1 ਅਪ੍ਰੈਲ (ਹਮੀਰ ਸਿੰਘ) : ਮਦਰ ਟੀਚਰ ਸਕੂਲ ਕ੍ਰੈੱਚ ਦਾ ਨਵੇਂ ਸੈਸ਼ਨ ਦਾ ਆਰੰਭ ਹਮੇਸ਼ਾ ਉਤੇਜਨਾ ਭਰਿਆ ਹੁੰਦਾ ਹੈ। ਇਹ ਨਿੱਕੇ -ਨਿੱਕੇ ਬੱਚਿਆਂ ਲਈ ਇੱਕ ਨਿੱਘੇ ਵਾਤਾਵਰਨ ਦਾ ਦਿਨ ਸੀ। ਅੱਜ ਦਾ ਦਿਨ ਬੱਚਿਆਂ ਅਤੇ ਅਧਿਆਪਕਾਂ ਲਈ ਮਿਸ਼ਰਤ ਭਾਵਨਾਵਾਂ ਨਾਲ ਭਰਿਆ ਦਿਨ ਸੀ।

ਅਧਿਆਪਕ ਬੱਚਿਆਂ ਨੂੰ ਅਰਾਮਦਾਇਕ ਅਤੇ ਖੁਸ਼ ਮਾਹੌਲ ਪ੍ਰਦਾਨ ਕਰਦੇ ਨਜ਼ਰ ਆਏ। ਸਾਰੇ ਬੱਚੇ ਆਪਣੇ ਪੁਰਾਣੇ ਦੋਸਤਾਂ, ਨਵੇਂ ਅਧਿਆਪਕ ਅਤੇ ਨਵੇਂ ਕਲਾਸ ਰੂਮ ਨੂੰ ਦੇਖਣ ਲਈ ਉਤਸ਼ਾਹਿਤ ਨਜ਼ਰ ਆਏ। ਬੱਚਿਆਂ ਅਤੇ ਅਧਿਆਪਿਕਾਂ ਨੇ ਮਿਲਕੇ ਪ੍ਰਮਾਤਮਾ ਦੀ ਪੂਜਾ ਤੋਂ ਬਾਅਦ ਸਾਰੇ ਬੱਚਿਆਂ ਨੇ ਆਪਣੇ ਅਧਿਆਪਕਾਂ ਨਾਲ ਮਿਲਕੇ ਡਾਂਸ ਕੀਤਾ ਅਤੇ ਕੁਝ ਮਜ਼ੇਦਾਰ ਖੇਡਾਂ ਖੇਡੀਆਂ। ਪੂਰਾ ਦਿਨ ਬੱਚਿਆਂ ਨੇ ਮਸਤੀ ਨਾਲ ਬਤੀਤ ਕੀਤਾ।

# ਜੈ ਵਾਟਿਕਾ ਪਬਲਿਕ ਸਕੂਲ ਵਿਖੇ ਨਵੇਂ ਅਕਾਦਮਿਕ ਸੈਸ਼ਨ ਦੀ ਸ਼ੁਰੂਆਤ



ਬਰਨਾਲਾ, 1 ਅਪ੍ਰੈਲ (ਇਸ਼ੇਨ ਕੰਗ) : ਜੈ ਵਾਟਿਕਾ ਪਬਲਿਕ ਸਕੂਲ ਵਿਖੇ 2026-27 ਦੇ ਅਕਾਦਮਿਕ ਸੈਸ਼ਨ ਦਾ ਪਹਿਲਾ ਦਿਨ ਬਹੁਤ ਖੁਸ਼ੀ, ਉਤਸ਼ਾਹ ਅਤੇ ਉਤਸ਼ਾਹ ਨਾਲ ਮਨਾਇਆ ਗਿਆ। ਸਕੂਲ ਕੈਂਪਸ ਬੱਚਿਆਂ ਦੀਆਂ ਮੁਸਕਰਾਹਟਾਂ, ਊਰਜਾ ਅਤੇ ਨਵੀਆਂ ਉਮੀਦਾਂ ਨਾਲ ਭਰਿਆ ਹੋਇਆ ਸੀ। ਨਵੇਂ ਸੈਸ਼ਨ ਦੀ ਸ਼ੁਰੂਆਤ ਤੇ, ਅਧਿਆਪਕਾਂ ਨੇ ਵਿਦਿਆਰਥੀਆਂ ਦਾ ਤਿਲਕ (ਮੱਥੇ ਦਾ ਨਿਸ਼ਾਨ) ਲਗਾ ਕੇ ਨਿੱਘਾ ਸਵਾਗਤ ਕੀਤਾ, ਜਿਸ ਨਾਲ ਉਨ੍ਹਾਂ ਦੇ ਚਿਹਰਿਆਂ ਤੇ ਖੁਸ਼ੀ ਆਈ।ਜਦੋਂ ਵਿਦਿਆਰਥੀ ਆਪਣੀਆਂ ਨਵੀਆਂ ਕਲਾਸਾਂ ਵਿੱਚ ਦਾਖਲ ਹੋਏ ਤਾਂ ਉਨ੍ਹਾਂ ਦਾ ਉਤਸ਼ਾਹ ਅਤੇ ਖੁਸ਼ੀ ਸਾਫ਼ ਦਿਖਾਈ ਦੇ ਰਹੀ ਸੀ। ਆਪਣੇ ਨਵੇਂ ਅਧਿਆਪਕਾਂ ਅਤੇ ਨਵੀਆਂ ਕਿਤਾਬਾਂ ਨਾਲ, ਬੱਚਿਆਂ ਨੇ ਨਵੇਂ ਸੈਸ਼ਨ ਦਾ ਬਹੁਤ ਉਤਸ਼ਾਹ ਨਾਲ ਸਵਾਗਤ ਕੀਤਾ। ਦਿਨ ਦੀ ਸ਼ੁਰੂਆਤ ਪ੍ਰਾਰਥਨਾ ਸਭਾ ਨਾਲ ਹੋਈ, ਜਿਸ ਵਿੱਚ ਵਿਦਿਆਰਥੀਆਂ ਨੇ ਬਹੁਤ ਉਤਸ਼ਾਹ ਅਤੇ ਸ਼ਰਧਾ ਨਾਲ ਹਿੱਸਾ ਲਿਆ। ਪ੍ਰਾਰਥਨਾ ਸਭਾ ਦੌਰਾਨ, ਬੱਚਿਆਂ ਨੇ ਨਵੇਂ ਸੈਸ਼ਨ ਦੀ ਸਫਲਤਾ, ਤਰੱਕੀ ਅਤੇ ਉੱਜਵਲ ਭਵਿੱਖ ਲਈ ਪ੍ਰਮਾਤਮਾ ਅੱਗੇ ਪ੍ਰਾਰਥਨਾ ਕੀਤੀ। ਅਧਿਆਪਕਾਂ ਨੇ ਨਾ ਸਿਰਫ਼ ਵਿਦਿਆਰਥੀਆਂ ਨੂੰ ਵੱਖ-ਵੱਖ ਗਤੀਵਿਧੀਆਂ ਵਿੱਚ ਸ਼ਾਮਲ ਕੀਤਾ ਸਗੋਂ ਉਨ੍ਹਾਂ ਨੂੰ ਨਵੇਂ ਪਾਠਕ੍ਰਮ, ਸਮੱਗਰੀ ਅਤੇ ਸੈਸ਼ਨ ਦੀ ਰੂਪ-ਰੇਖਾ ਨਾਲ ਵੀ ਜਾਣੂ ਕਰਵਾਇਆ। ਇਸ ਨਾਲ ਨਵੀਂ ਕਲਾਸ ਲਈ ਉਨ੍ਹਾਂ ਦੀ ਦਿਲਚਸਪੀ ਅਤੇ ਉਤਸ਼ਾਹ ਹੋਰ ਵਧਿਆ। ਇਸ ਮੌਕੇ 'ਤੇ ਸਕੂਲ ਦੀ ਪ੍ਰਿੰਸੀਪਲ, ਡਾ. ਪਰਵਿੰਦਰ ਕੌਰ ਨੇ ਵਿਦਿਆਰਥੀਆਂ ਨੂੰ ਸੰਬੋਧਨ ਕੀਤਾ। ਉਨ੍ਹਾਂ ਨੂੰ ਜ਼ਿੰਦਗੀ ਵਿੱਚ ਲਗਾਤਾਰ ਅੱਗੇ ਵਧਣ, ਅਨੁਸ਼ਾਸਨ ਬਣਾਈ ਰੱਖਣ, ਆਪਣੇ ਟੀਚਿਆਂ ਪ੍ਰਤੀ ਸਮਰਪਿਤ ਰਹਿਣ ਅਤੇ ਆਪਣੀ ਪ੍ਰਤਿਭਾ ਨੂੰ ਨਿਖਾਰਨ ਲਈ ਪ੍ਰੇਰਿਤ ਕੀਤਾ। ਉਨ੍ਹਾਂ ਬੱਚਿਆਂ ਨੂੰ ਦੱਸਿਆ ਕਿ ਹਰ ਨਵਾਂ ਸੈਸ਼ਨ ਨਵੀਆਂ ਸੰਭਾਵਨਾਵਾਂ, ਨਵੇਂ ਸੁਪਨਿਆਂ ਅਤੇ ਨਵੀਆਂ ਸਫਲਤਾਵਾਂ ਦੇ ਦਰਵਾਜ਼ੇ ਖੋਲ੍ਹਦਾ ਹੈ।ਸਕੂਲ ਦਾ ਇਹ ਪਹਿਲਾ ਦਿਨ ਵਿਦਿਆਰਥੀਆਂ ਲਈ ਸਿਰਫ਼ ਇੱਕ ਸ਼ੁਰੂਆਤ ਹੀ ਨਹੀਂ ਸੀ, ਸਗੋਂ ਨਵੇਂ ਉਤਸ਼ਾਹ, ਨਵੀਂ ਊਰਜਾ ਅਤੇ ਨਵੀਂ ਪ੍ਰੇਰਨਾ ਦਾ ਸੰਦੇਸ਼ ਵੀ ਲੈ ਕੇ ਆਇਆ।

# ਮਾਮੂਲੀ ਲੜਾਈ ਕਾਰਨ ਲੱਗੀਆਂ ਗ਼ੈਰ ਜ਼ਮਾਨਤੀ ਧਾਰਾਵਾਂ, ਕਰਵਾਈ ਵਿਰੁੱਧ ਲੱਗਿਆ ਧਰਨਾ



ਧਨੌਲਾ, 1 ਅਪ੍ਰੈਲ (ਚਮਕੌਰ ਸਿੰਘ ਗੱਗੀ) : ਬੀਤੇ ਦਿਨੀਂ ਥਾਣਾ ਧਨੌਲਾ ਅਧੀਨ ਪੈਂਦੇ ਪਿੰਡ ਪੰਧੇਰ ਵਿੱਚ ਮਾਮੂਲੀ ਲੜਾਈ ਕਾਰਨ 15/20 ਔਰਤਾਂ ਅਤੇ ਮਰਦਾਂ ਖਿਲਾਫ਼ ਦਰਜ ਹੋਏ ਦਰਜ ਹੋਏ ਮਾਮਲੇ ਦੇ ਵਿਰੋਧ ਵਿੱਚ ਮੰਗਲਵਾਰ ਨੂੰ ਪਿੰਡ ਵਾਸੀਆਂ ਨੇ ਥਾਣਾ ਧਨੌਲਾ ਅੱਗੇ ਜ਼ਬਰਦਸਤ ਧਰਨਾ ਦਿੱਤਾ। ਵੱਡੀ ਗਿਣਤੀ ਵਿੱਚ ਇਕੱਠੇ ਹੋਏ ਲੋਕਾਂ ਨੇ ਪੰਜਾਬ ਪੁਲਿਸ ਅਤੇ ਆਮ ਆਦਮੀ ਪਾਰਟੀ ਦੇ ਨੇਤਾਵਾਂ ਖ਼ਿਲਾਫ਼ ਨਾਅਰੇਬਾਜ਼ੀ ਕੀਤੀ। ਧਰਨੇ ਦੀ ਅਗਵਾਈ ਕਰ ਰਹੇ ਮਜ਼ਦੂਰ ਆਗੂ ਗੋਵਿੰਦ ਸਿੰਘ ਛਾਜਲੀ, ਅਤੇ ਗੁਰਦੀਪ ਸਿੰਘ ਬਾਠ ਹਲਕਾ ਬਰਨਾਲਾ ਦੇ ਵਿਧਾਇਕ ਕੁਲਦੀਪ ਸਿੰਘ ਢਿੱਲੋਂ, ਨੇ ਕਿਹਾ ਕਿ ਪਿੰਡ ਦੇ ਆਪ ਆਗੂ ਗੁਰਸੇਵਕ ਸਿੰਘ ਅਤੇ ਨਾਇਬ ਸਿੰਘ ਦੇ ਕਹਿਣ 'ਤੇ ਮਾਮੂਲੀ ਲੜਾਈ ਕਾਰਨ 13 ਲੋਕਾਂ ਖ਼ਿਲਾਫ਼ ਗੈਰ ਜ਼ਮਾਨਤੀ ਧਾਰਾਵਾਂ 452, 323, 148/149 ਹੇਠ ਝੂਠਾ ਪੱਰਚਾ ਦਰਜ ਕੀਤਾ ਗਿਆ। ਪੁਲਿਸ ਤਿੰਨ ਲੋਕਾਂ ਨੂੰ ਗ੍ਰਿਫ਼ਤਾਰ ਕਰ ਚੁੱਕੀ ਹੈ ਅਤੇ ਬਾਕੀਆਂ ਦੀ ਤਲਾਸ਼ ਲਈ ਛਾਪੇਮਾਰੀ ਕਰ ਰਹੀ ਹੈ। ਉਹਨਾਂ ਕਿਹਾ ਕਿ ਸਰਕਾਰ ਦੇ ਵਰਕਰਾਂ ਲੀਡਰਾਂ ਵੱਲੋਂ ਗਰੀਬ ਮਜ਼ਦੂਰਾਂ ਅਤੇ ਕਿਸਾਨਾਂ ਨੂੰ ਪੁਲਿਸ ਰਾਹੀਂ ਤੰਗ ਕੀਤਾ ਜਾ ਰਿਹਾ ਹੈ, ਜਿਸਨੂੰ ਕਾਂਗਰਸ ਬਰਦਾਸ਼ਤ ਨਹੀਂ ਕਰੇਗੀ। ਉੱਥੇ ਹੀ ਥਾਣਾ ਮੁਖੀ ਨੇ ਦੱਸਿਆ ਕਿ ਸ਼ਿਕਾਇਤ ਅਤੇ CCTV ਫੁਟੇਜ ਦੇ ਆਧਾਰ 'ਤੇ ਕਾਰਵਾਈ ਕੀਤੀ ਗਈ ਹੈ। ਤਿੰਨ ਦੋਸ਼ੀਆਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ ਅਤੇ ਬਾਕੀਆਂ ਨੂੰ ਜਲਦੀ ਕਾਬੂ ਕਰ ਲਿਆ ਜਾਵੇਗਾ। ਇਸ ਕਾਰਨ ਇਲਾਕੇ ਵਿੱਚ ਤਣਾਅ ਬਣਿਆ ਹੋਇਆ ਹੈ।

# 'ਆਪ' ਦੇ ਲੀਗਲ ਸੈੱਲ ਵਿੱਚ ਨਿਯੁਕਤੀਆਂ, ਧੀਰਜ ਕੁਮਾਰ ਜ਼ਿਲ੍ਹਾ ਪ੍ਰਧਾਨ ਤੇ ਗੁਰਪ੍ਰੀਤ ਕਾਲੀਆ ਮੁੜ ਸਕੱਤਰ ਨਿਯੁਕਤ





ਬਰਨਾਲਾ, 1 ਅਪ੍ਰੈਲ (ਹਮੀਰ ਸਿੰਘ) : ਆਮ ਆਦਮੀ ਪਾਰਟੀ ਪੰਜਾਬ ਵੱਲੋਂ ਲੀਗਲ ਸੈੱਲ ਵਿੱਚ ਵੱਡੀਆਂ ਨਿਯੁਕਤੀਆਂ ਕਰਦਿਆਂ ਜ਼ਿਲ੍ਹਾ ਬਰਨਾਲਾ ਲਈ ਨਵੇਂ ਅਹੁਦੇਦਾਰਾਂ ਦੀ ਘੋਸ਼ਣਾ ਕੀਤੀ ਗਈ ਹੈ। ਪੰਜਾਬ ਪ੍ਰਧਾਨ ਸ੍ਰੀ ਅਮਨ ਅਰੋੜਾ ਅਤੇ ਪੰਜਾਬ ਪ੍ਰਭਾਰੀ ਮਨੀਸ਼ ਸ਼ਿਸ਼ੋਦੀਆ ਵੱਲੋਂ ਐਡਵੋਕੇਟ ਧੀਰਜ ਕੁਮਾਰ ਨੂੰ ਜ਼ਿਲ੍ਹਾ ਕਚਹਿਰੀ ਬਰਨਾਲਾ ਤੋਂ ਲੀਗਲ ਸੈਲ ਦਾ ਜ਼ਿਲ੍ਹਾ ਪ੍ਰਧਾਨ ਨਿਯੁਕਤ ਕੀਤਾ ਗਿਆ ਹੈ। ਇਸਦੇ ਨਾਲ ਹੀ ਐਡਵੋਕੇਟ ਗੁਰਪ੍ਰੀਤ ਸਿੰਘ ਕਾਲੀਆ ਨੂੰ ਦੂਜੀ ਵਾਰ ਜ਼ਿਲ੍ਹਾ ਸਕੱਤਰ ਦੀ ਜ਼ਿੰਮੇਵਾਰੀ ਸੌਂਪੀ ਗਈ ਹੈ। ਇਸ ਤੋਂ ਇਲਾਵਾ ਹਰਪ੍ਰੀਤ ਸਿੰਘ ਸੰਧੂ, ਪਾਰਸਦੀਪ ਕੁਮਾਰ ਅਤੇ ਪੰਕਜ ਸਿੰਗਲਾ (ਤਪਾ) ਨੂੰ ਵਾਈਸ ਪ੍ਰਧਾਨ, ਜਦਕਿ ਅਮਨਦੀਪ ਸ਼ਰਮਾ, ਜਸਪ੍ਰੀਤ ਗਿੱਲ ਅਤੇ ਪੁਲਕਿਤ ਨੂੰ ਜੁਆਇੰਟ ਸਕੱਤਰ ਨਿਯੁਕਤ ਕੀਤਾ ਗਿਆ ਹੈ। ਸਬ ਡਵੀਜ਼ਨ ਪੱਧਰ 'ਤੇ ਗੁਰਪ੍ਰੀਤ ਸਿੰਘ ਚੈਰੀ ਨੂੰ ਭਦੌੜ ਦਾ ਪ੍ਰਧਾਨ ਅਤੇ ਜਸਵਿੰਦਰ ਕੌਰ ਨੂੰ ਸਕੱਤਰ ਬਣਾਇਆ ਗਿਆ ਹੈ। ਇਸੇ ਤਰ੍ਹਾਂ ਮਹਿਲ ਕਲਾਂ ਲਈ ਮਨਦੀਪ ਸਿੰਘ ਸਹਿਜੜਾ ਨੂੰ ਪ੍ਰਧਾਨ ਅਤੇ ਅਮਨਦੀਪ ਸਿੰਘ ਸਿੰਮਕ ਨੂੰ ਸਕੱਤਰ ਨਿਯੁਕਤ ਕੀਤਾ ਗਿਆ ਹੈ। ਇਨ੍ਹਾਂ ਨਿਯੁਕਤੀਆਂ ਨਾਲ ਬਰਨਾਲਾ ਬਾਰ ਦੇ ਵਕੀਲਾਂ ਵਿੱਚ ਖੁਸ਼ੀ ਦੀ ਲਹਿਰ ਦਿਖਾਈ ਦਿੱਤੀ। ਵੱਖ-ਵੱਖ ਵਕੀਲਾਂ ਵੱਲੋਂ ਨਵੇਂ ਅਹੁਦੇਦਾਰਾਂ ਨੂੰ ਵਧਾਈਆਂ ਦਿੱਤੀਆਂ ਗਈਆਂ ਅਤੇ ਪਾਰਟੀ ਹਾਈਕਮਾਨ ਦਾ ਧੰਨਵਾਦ ਕੀਤਾ ਗਿਆ। ਇਸ ਮੌਕੇ ਐਡਵੋਕੇਟ ਨਿਤਿਨ ਬਾਂਸਲ, ਰਜਨੀਸ਼ ਕੁਮਾਰ, ਹਰਮਨਦੀਪ ਜੱਸੜ, ਮਹੇਸ਼ ਗੋਇਲ, ਸਿਮਰਨਜੀਤ ਕੌਰ, ਖੁਸ਼ਾਂਤ ਸਿੰਗਲਾ, ਤਾਰੁਸ਼ ਗੋਇਲ, ਕੀਰਤ ਕੌਸ਼ਲ, ਚੰਦਰ ਸ਼ੇਖਰ ਅਤੇ ਅਰੁਣਜੀਤ ਗਰੇਵਾਲ ਵੱਲੋਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ, ਮੈਂਬਰ ਪਾਰਲੀਮੈਂਟ ਗੁਰਮੀਤ ਸਿੰਘ ਮੀਤ ਹੇਅਰ, ਹਲਕਾ ਇੰਚਾਰਜ ਹਰਿੰਦਰ ਸਿੰਘ ਧਾਲੀਵਾਲ, ਐਮ.ਐਲ.ਏ. ਲਾਭ ਸਿੰਘ ਉਗੋਕੇ ਅਤੇ ਐਮ.ਐਲ.ਏ. ਕੁਲਵੰਤ ਸਿੰਘ ਪੰਡੋਰੀ ਦਾ ਵਿਸ਼ੇਸ਼ ਧੰਨਵਾਦ ਕੀਤਾ ਗਿਆ। ਉਹਨਾਂ ਨੇ ਕਿਹਾ ਕਿ ਨਵੀਂ ਟੀਮ ਪਾਰਟੀ ਦੀ ਨੀਤੀਆਂ ਨੂੰ ਮਜ਼ਬੂਤੀ ਨਾਲ ਅੱਗੇ ਵਧਾਉਣ ਅਤੇ ਲੋਕਾਂ ਦੀ ਸੇਵਾ ਕਰਨ ਵਿੱਚ ਅਹਿਮ ਭੂਮਿਕਾ ਨਿਭਾਏਗੀ।

# ਫਰਦ ਕੇਂਦਰ ਕਰਮਚਾਰੀਆਂ ਦਾ ਸਰਕਾਰ ਖ਼ਿਲਾਫ਼ ਰੋਸ, 4 ਅਪ੍ਰੈਲ ਤੋਂ ਹੜਤਾਲ ਦਾ ਐਲਾਨ

ਬਰਨਾਲਾ, 1 ਅਪ੍ਰੈਲ (ਬਘੇਲ ਸਿੰਘ ਧਾਲੀਵਾਲ) : ਫਰਦ ਕੇਂਦਰ ਮੁਲਾਜ਼ਮਾਂ ਵੱਲੋਂ ਸਰਕਾਰ ਦੀ ਵਾਅਦਾ ਖ਼ਿਲਾਫ਼ੀ ਦੇ ਸਬੰਧ ਵਿਚ ਮੀਟਿੰਗ ਕੀਤੀ ਗਈ । ਜਿਸ ਵਿੱਚ ਸੂਬਾ ਪ੍ਰਧਾਨ ਰਮਨਦੀਪ ਸਿੰਘ ਚਕੇਰੀਆ ਜੀ ਅਤੇ ਸੂਬਾ ਕਮੇਟੀ ਮੈਂਬਰ ਸਾਹਿਬਾਨ ਨੇ ਦੱਸਿਆ ਕਿ ਫਰਦ ਕੇਂਦਰ ਦੇ ਭਵਿੱਖ ਨੂੰ ਲੈ ਕੇ ਸਰਕਾਰੇ ਦਰਬਾਰੇ ਕਈ ਵਾਰ ਮੀਟਿੰਗ ਹੋ ਚੁੱਕੀ ਹੈ, ਜਿਸ ਵਿਚ ਫਰਦ ਕੇਂਦਰ ਕੰਪਿਊਟਰ ਅਪਰੇਟਰਜ਼ ਐਸੋਸੀਏਸ਼ਨ ਦੀ ਮੰਗ ਤਨਖਾਹ ਬਾਬਤ ਅਤੇ ਬਰਖਾਸਤ ਸਾਥੀਆਂ ਨੂੰ ਮੁੜ ਬਹਾਲ ਕਰਨ ਸਬੰਧੀ ਸਹਿਮਤੀ ਬਣੀ ਸੀ। ਪਰੰਤੂ ਕਈ ਮਹੀਨੇ ਬੀਤ ਜਾਣ ਦੇ ਬਾਵਜੂਦ ਆਲਾ ਅਧਿਕਾਰੀਆਂ ਵੱਲੋਂ ਟਾਲ ਮਟੋਲ ਦਾ ਰਵੱਈਆ ਵਰਤਿਆ ਜਾ ਰਿਹਾ ਹੈ । ਐਸੋਸੀਏਸ਼ਨ ਨੇ ਦੱਸਿਆ ਕੇ ਮੌਜੂਦਾ CMS ਕੰਪਨੀ ਦਾ ਟੈਂਡਰ 31 ਮਾਰਚ ਨੂੰ ਖਤਮ ਹੋ ਚੁੱਕਾ ਹੈ, ਜਿਸ ਬਾਰੇ ਅਪਰੇਟਰਜ਼ ਨੂੰ ਕੰਪਨੀ ਵੱਲੋਂ ਹੀ ਸੂਚਿਤ ਕੀਤਾ ਗਿਆ ਸੀ । ਹੁਣ 1 ਅਪ੍ਰੈਲ ਤੋਂ ਫਰਦ ਕੇਂਦਰ ਦੇ ਕਰਮਚਾਰੀ ਕਿਸ ਹੈਸੀਅਤ ਨਾਲ ਤੇ ਕਿਸ ਮਹਿਕਮੇ ਅਧੀਨ ਕੰਮ ਕਰਨਗੇ, ਇਸ ਬਾਬਤ ਸਰਕਾਰ ਵੱਲੋਂ ਕੋਈ ਸੂਚਨਾ ਪ੍ਰਾਪਤ ਨਹੀਂ ਹੋਈ ਹੈ। ਉਕਤ ਧਾਂਦਲੀ ਵਿਰੋਧ ਕਰਦੇ ਹੋਏ ਫਰਦ ਕੇਂਦਰ ਯੂਨੀਅਨ ਮਿਤੀ 4 ਤੋਂ ਹੜਤਾਲ 'ਤੇ ਜਾ ਰਹੀ ਹੈ ਅਤੇ ਫਰਦ ਕੇਂਦਰ ਦਾ ਕੰਮ ਪੂਰਨ ਰੂਪ ਨਾਲ ਬੰਦ ਰਹੇਗਾ।

# ਪਰਾਲ਼ੀ ਦੀ ਸਾਂਭ-ਸੰਭਾਲ ਵਾਲੀ ਮਸ਼ੀਨਰੀ 'ਤੇ ਸਬਸਿਡੀ ਲੈਣ ਲਈ ਅਪਲਾਈ ਕਰਨ ਦਾ ਸੱਦਾ


ਬਰਨਾਲਾ, 1 ਅਪ੍ਰੈਲ (ਬਘੇਲ ਸਿੰਘ ਧਾਲੀਵਾਲ) : ਡਿਪਟੀ ਕਮਿਸ਼ਨਰ ਬਰਨਾਲਾ ਸ੍ਰੀ ਹਰਪ੍ਰੀਤ ਸਿੰਘ ਆਈਏਐੱਸ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਪੰਜਾਬ ਸਰਕਾਰ ਦੇ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਵੱਲੋਂ ਸਾਲ 2026-27 ਦੌਰਾਨ ਝੋਨੇ ਦੀ ਪਰਾਲੀ ਦੀ ਸਾਂਭ-ਸੰਭਾਲ ਕਰਨ ਵਾਲੀ ਆਧੁਨਿਕ ਮਸ਼ੀਨਰੀ 'ਤੇ ਸਬਸਿਡੀ ਦੇਣ ਲਈ ਅਰਜ਼ੀਆਂ ਦੀ ਮੰਗ ਕੀਤੀ ਗਈ ਹੈ। ਉਨ੍ਹਾਂ ਦੱਸਿਆ ਕਿ ਵਾਤਾਵਰਣ ਨੂੰ ਪ੍ਰਦੂਸ਼ਣ ਮੁਕਤ ਰੱਖਣ ਅਤੇ ਧਰਤੀ ਦੀ ਉਪਜਾਊ ਸ਼ਕਤੀ ਨੂੰ ਬਚਾਉਣ ਲਈ ਸਰਕਾਰ ਵੱਲੋਂ ਇਹ ਵਿਸ਼ੇਸ਼ ਉਪਰਾਲਾ ਕੀਤਾ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਇਛੁੱਕ ਕਿਸਾਨ ਅੱਜ 01 ਅਪ੍ਰੈਲ 2026 ਤੋਂ 24 ਅਪ੍ਰੈਲ 2026 (ਸ਼ਾਮ 5:00 ਵਜੇ) ਤੱਕ ਵਿਭਾਗ ਦੇ ਆਨਲਾਈਨ ਪੋਰਟਲ ਰਾਹੀਂ ਆਪਣੀਆਂ ਅਰਜ਼ੀਆਂ ਜਮ੍ਹਾਂ ਕਰਵਾ ਸਕਦੇ ਹਨ। ਉਨ੍ਹਾਂ ਦੱਸਿਆ ਕਿ ਇਸ ਸਕੀਮ ਅਧੀਨ ਸੁਪਰ ਐਸ.ਐਮ.ਐਸ., ਹੈਪੀ ਸੀਡਰ, ਸੁਪਰ ਸੀਡਰ, ਸਮਾਰਟ ਸੀਡਰ, ਜ਼ੀਰੋ ਟਿਲ ਡਰਿੱਲ, ਬੇਲਰ, ਰੇਕ, ਸਰਫੇਸ ਸੀਡਰ, ਪੈਡੀ ਸਟਰਾਅ ਸ਼ਰੈਡਰ/ਮਲਚਰ ਅਤੇ ਉਲਟਾਵੇਂ ਪਲਾਅ ਵਰਗੀਆਂ ਉੱਨਤ ਮਸ਼ੀਨਾਂ 'ਤੇ ਸਬਸਿਡੀ ਦਿੱਤੀ ਜਾਵੇਗੀ। ਡਿਪਟੀ ਕਮਿਸ਼ਨਰ ਨੇ ਸਪੱਸ਼ਟ ਕੀਤਾ ਕਿ ਵਿਅਕਤੀਗਤ ਕਿਸਾਨਾਂ ਦੇ ਨਾਲ-ਨਾਲ ਕਸਟਮ ਹਾਇਰਿੰਗ ਸੈਂਟਰ ਅਤੇ ਪੈਡੀ ਸਪਲਾਈ ਚੇਨ ਸੈਂਟਰ ਸਥਾਪਿਤ ਕਰਨ ਲਈ ਵੀ ਅਰਜ਼ੀਆਂ ਮੰਗੀਆਂ ਗਈਆਂ ਹਨ। ਓਹਨਾਂ ਜ਼ਿਲ੍ਹੇ ਦੇ ਕਿਸਾਨਾਂ ਨੂੰ ਅਪੀਲ ਕੀਤੀ ਕਿ ਉਹ ਖੇਤੀ ਖਰਚੇ ਘਟਾਉਣ ਅਤੇ ਵਾਤਾਵਰਣ ਪੱਖੀ ਖੇਤੀ ਅਪਣਾਉਣ ਲਈ ਇਸ ਸਕੀਮ ਦਾ ਵੱਧ ਤੋਂ ਵੱਧ ਲਾਭ ਉਠਾਉਣ। ਉਨ੍ਹਾਂ ਕਿਹਾ ਕਿ ਆਧੁਨਿਕ ਮਸ਼ੀਨਰੀ ਅਪਣਾ ਕੇ ਕਿਸਾਨ ਪਰਾਲੀ ਨੂੰ ਅੱਗ ਲਗਾਏ ਬਿਨਾਂ ਉਸ ਦਾ ਸੁਚੱਜਾ ਨਿਪਟਾਰਾ ਕਰ ਸਕਦੇ ਹਨ।


# ਡੀ.ਟੀ.ਐੱਫ. ਵਜ਼ੀਫ਼ਾ ਪ੍ਰੀਖਿਆ ਦੇ ਨਤੀਜੇ ਐਲਾਨੇ, 1 ਮਈ ਨੂੰ ਹੋਵੇਗਾ ਸਨਮਾਨ ਸਮਾਰੋਹ



ਬਰਨਾਲਾ, 1 ਅਪ੍ਰੈਲ (ਹਮੀਰ ਸਿੰਘ) : ਅਧਿਆਪਕ ਜਥੇਬੰਦੀ ਡੈਮੋਕ੍ਰੈਟਿਕ ਟੀਚਰਜ਼ ਫਰੰਟ (ਡੀਟੀਐੱਫ) ਬਰਨਾਲਾ ਵੱਲੋਂ ਗ਼ਦਰੀ ਬੀਬੀ ਗੁਲਾਬ ਕੌਰ ਦੀ ਸ਼ਹਾਦਤ ਸ਼ਤਾਬਦੀ ਨੂੰ ਸਮਰਪਿਤ 11ਵੀਂ ਡੀਟੀਐੱਫ ਵਜ਼ੀਫ਼ਾ ਪ੍ਰੀਖਿਆ ਦੇ ਨਤੀਜੇ ਐਲਾਨ ਦਿੱਤੇ ਗਏ ਹਨ। ਇਹ ਪ੍ਰੀਖਿਆ 25 ਜਨਵਰੀ ਨੂੰ ਆਯੋਜਿਤ ਕੀਤੀ ਗਈ ਸੀ। ਤਰਕਸ਼ੀਲ ਭਵਨ ਬਰਨਾਲਾ ਵਿਖੇ ਜ਼ਿਲ੍ਹਾ ਪ੍ਰਧਾਨ ਰਾਜੀਵ ਕੁਮਾਰ ਅਤੇ ਜ਼ਿਲ੍ਹਾ ਜਨਰਲ ਸਕੱਤਰ ਨਿਰਮਲ ਚੁਹਾਨਕੇ ਦੀ ਅਗਵਾਈ ਹੇਠ ਹੋਈ ਜ਼ਿਲ੍ਹਾ ਕਮੇਟੀ ਦੀ ਮੀਟਿੰਗ ਦੌਰਾਨ ਨਤੀਜਿਆਂ ਦਾ ਐਲਾਨ ਕੀਤਾ ਗਿਆ। ਇਸ ਮੌਕੇ ਜ਼ਿਲ੍ਹਾ ਪ੍ਰੈੱਸ ਸਕੱਤਰ ਸੁਖਦੀਪ ਤਪਾ ਅਤੇ ਪ੍ਰੀਖਿਆ ਸੰਚਾਲਕ ਕਮੇਟੀ ਦੇ ਆਗੂ ਬਲਜਿੰਦਰ ਪ੍ਰਭੂ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਪੰਜਵੀਂ, ਅੱਠਵੀਂ ਅਤੇ ਦਸਵੀਂ ਜਮਾਤ ਦੇ ਕੁੱਲ 2158 ਵਿਦਿਆਰਥੀਆਂ ਨੇ ਇਸ ਪ੍ਰੀਖਿਆ ਵਿੱਚ ਭਾਗ ਲਿਆ। ਪੰਜਵੀਂ ਜਮਾਤ ਵਿੱਚ ਸਰਕਾਰੀ ਸਕੂਲ ਕੈਟਾਗਰੀ ਵਿੱਚ ਖੁਸ਼ਦੀਪ ਕੌਰ (ਸਪ੍ਰਸ ਸੰਘੇੜਾ) ਪਹਿਲੇ, ਈਸ਼ਿਕਾ (ਗੁਰੂ ਤੇਗ ਬਹਾਦਰ ਸਪ੍ਰਸ ਹੰਢਿਆਇਆ) ਦੂਜੇ ਅਤੇ ਖੁਸ਼ਪ੍ਰੀਤ ਕੌਰ (ਸਪ੍ਰਸ ਗਾਗੇਵਾਲ) ਤੀਜੇ ਸਥਾਨ 'ਤੇ ਰਹੇ। ਪ੍ਰਾਈਵੇਟ ਸਕੂਲਾਂ ਵਿੱਚ ਵਾਨੀ ਅਤੇ ਦੀਵਾਂਸ਼ੀ (ਮਦਰ ਟੀਚਰ ਸਕੂਲ ਬਰਨਾਲਾ) ਨੇ ਕ੍ਰਮਵਾਰ ਪਹਿਲਾ ਤੇ ਦੂਜਾ ਸਥਾਨ ਹਾਸਲ ਕੀਤਾ, ਜਦਕਿ ਸੁਖਮਨਪ੍ਰੀਤ ਸਿੰਘ (ਸ਼ਿਵਾਲਿਕ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਤਪਾ) ਤੀਜੇ ਸਥਾਨ 'ਤੇ ਰਿਹਾ। ਅੱਠਵੀਂ ਜਮਾਤ ਵਿੱਚ ਸਰਕਾਰੀ ਸਕੂਲਾਂ ਵਿੱਚੋਂ ਬਲਕਰਨ ਸਿੰਘ (ਸਹਸ ਸਹਿਜੜਾ) ਪਹਿਲੇ, ਨੂਰਪ੍ਰੀਤ ਕੌਰ (ਸਹਸ ਕੁੱਬੇ) ਦੂਜੇ ਅਤੇ ਸਾਹਿਬਜੋਤ ਕੌਰ (ਸਮਿਸ ਰਾਜਗੜ੍ਹ) ਤੀਜੇ ਸਥਾਨ 'ਤੇ ਰਹੇ। ਪ੍ਰਾਈਵੇਟ ਸਕੂਲਾਂ ਵਿੱਚੋਂ ਮੇਹੁਲ ਗਰਗ (ਮਦਰ ਟੀਚਰ ਸਕੂਲ ਬਰਨਾਲਾ) ਪਹਿਲੇ, ਆਯਾਨ ਗੋਇਲ, ਮੇਹੁਲ ਗਰਗ ਅਤੇ ਪਰੀ ਰਾਣੀ ਨੇ ਸਾਂਝੇ ਤੌਰ 'ਤੇ ਦੂਜਾ, ਜਦਕਿ ਸਭੀ ਗੁਪਤਾ (ਸਰਵਹਿੱਤਕਾਰੀ ਵਿਦਿਆ ਮੰਦਰ ਬਰਨਾਲਾ) ਤੀਜੇ ਸਥਾਨ 'ਤੇ ਰਹੇ। ਦਸਵੀਂ ਜਮਾਤ ਵਿੱਚ ਸਰਕਾਰੀ ਸਕੂਲਾਂ ਵਿੱਚ ਅੰਜਲੀ (ਸਕੂਲ ਆਫ ਐਮੀਨੈਂਸ, ਬਰਨਾਲਾ) ਪਹਿਲੇ, ਸਤਨਾਮ ਸਿੰਘ (ਸਸਸਸ ਹਰੀਗੜ੍ਹ) ਦੂਜੇ ਅਤੇ ਗੁਨੀਤ ਸ਼ਰਮਾ (ਸਹਸ ਦਰਾਜ਼) ਤੀਜੇ ਸਥਾਨ 'ਤੇ ਰਹੇ। ਪ੍ਰਾਈਵੇਟ ਸਕੂਲਾਂ ਵਿੱਚ ਤਨਿਸ਼ਕਾ ਅਗਰਵਾਲ (ਮਦਰ ਟੀਚਰ ਸਕੂਲ ਬਰਨਾਲਾ) ਪਹਿਲੇ, ਇਨਾਇਤ (ਸੈਕਰਡ ਹਾਰਟ ਕਾਨਵੈਂਟ ਸਕੂਲ ਬਰਨਾਲਾ) ਦੂਜੇ ਅਤੇ ਦਿਸ਼ਾ (ਮਾਤਾ ਗੁਜਰੀ ਪਬਲਿਕ ਸਕੂਲ ਭਦੌੜ) ਤੀਜੇ ਸਥਾਨ 'ਤੇ ਰਹੀ। ਡੀਟੀਐੱਫ ਆਗੂਆਂ ਨੇ ਦੱਸਿਆ ਕਿ 1 ਮਈ ਨੂੰ ਮਜ਼ਦੂਰ ਦਿਹਾੜੇ ਦੇ ਮੌਕੇ 'ਤੇ ਸਾਰੇ ਜੇਤੂ ਵਿਦਿਆਰਥੀਆਂ ਨੂੰ ਨਗਦ ਇਨਾਮ, ਸਰਟੀਫਿਕੇਟ, ਟਰਾਫੀ ਅਤੇ ਪੜ੍ਹਨ ਸਮੱਗਰੀ ਦੇ ਕੇ ਸਨਮਾਨਿਤ ਕੀਤਾ ਜਾਵੇਗਾ। ਇਸ ਮੌਕੇ ਜ਼ਿਲ੍ਹਾ ਖ਼ਜ਼ਾਨਚੀ ਲਖਵੀਰ ਠੁੱਲੀਵਾਲ, ਬਲਾਕ ਪ੍ਰਧਾਨ ਸੱਤਪਾਲ ਬਾਂਸਲ, ਬਲਾਕ ਸਕੱਤਰ ਦਵਿੰਦਰ ਸਿੰਘ ਤਲਵੰਡੀ, ਰਘਵੀਰ ਕਰਮਗੜ੍ਹ, ਅੰਮ੍ਰਿਤ ਹਰੀਗੜ੍ਹ, ਪਲਵਿੰਦਰ ਸਿੰਘ ਠੀਕਰੀਵਾਲਾ, ਹੈੱਡ ਮਾਸਟਰ ਪ੍ਰਦੀਪ ਕੁਮਾਰ, ਵਰਿੰਦਰ ਕੁਮਾਰ, ਪਰਦੀਪ ਬਖਤਗੜ੍ਹ, ਕੁਲਦੀਪ ਸੰਘੇੜਾ, ਹਰਬਚਨ ਹੰਢਿਆਇਆ, ਸੁਨੀਲ ਕੁਮਾਰ, ਜਗਰੂਪ ਸਿੰਘ ਅਤੇ ਡੈਮੋਕ੍ਰੈਟਿਕ ਮੁਲਾਜ਼ਮ ਫੈਡਰੇਸ਼ਨ ਦੇ ਆਗੂ ਗੁਰਮੀਤ ਸੁਖਪੁਰ ਸਮੇਤ ਹੋਰ ਮੈਂਬਰ ਮੌਜੂਦ ਸਨ।

# ਐਸ.ਬੀ.ਐਸ. ਸਕੂਲ ਨੇ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਨਾਲ ਕੀਤੀ ਨਵੇਂ ਸੈਸ਼ਨ ਦੀ ਸ਼ੁਰੂਆਤ





ਬਰਨਾਲਾ, 1 ਅਪ੍ਰੈਲ (ਇਸ਼ੇਨ ਕੰਗ) : ਐਸ.ਬੀ.ਐਸ ਪਬਲਿਕ ਸਕੂਲ, ਸਰਜੀਤਪੁਰਾ ਵਿੱਚ ਨਵੇਂ ਅਕਾਦਮਿਕ ਸੈਸ਼ਨ 2026-27 ਦੀ ਸ਼ੁਰੂਆਤ ਬੜੇ ਧਾਰਮਿਕ ਅਤੇ ਉਤਸ਼ਾਹ ਭਰੇ ਮਾਹੌਲ ਵਿੱਚ ਕੀਤੀ ਗਈ। ਇਸ ਮੌਕੇ 'ਤੇ ਸਕੂਲ ਵਿੱਚ ਸ਼੍ਰੀ ਸੁਖਮਨੀ ਸਾਹਿਬ ਜੀ ਦਾ ਪਾਠ ਅਤੇ ਗੁਰਬਾਣੀ ਦਾ ਕੀਰਤਨ ਕੀਤਾ ਗਿਆ, ਜਿਸ ਵਿੱਚ ਸਕੂਲ ਦੀ ਮੈਨੇਜਮੈਂਟ, ਪ੍ਰਿੰਸੀਪਲ, ਵਾਈਸ ਪ੍ਰਿੰਸੀਪਲ, ਅਧਿਆਪਕਾਂ, ਵਿਦਿਆਰਥੀਆਂ ਅਤੇ ਮਾਪਿਆਂ ਨੇ ਸ਼ਰਧਾ ਨਾਲ ਹਾਜ਼ਰੀ ਭਰੀ। ਸਭ ਨੇ ਮਿਲ ਕੇ ਵਾਹਿਗੁਰੂ ਜੀ ਅੱਗੇ ਅਰਦਾਸ ਕੀਤੀ ਕਿ ਨਵਾਂ ਸੈਸ਼ਨ ਸਫਲਤਾ, ਤਰੱਕੀ ਅਤੇ ਖੁਸ਼ਹਾਲੀ ਨਾਲ ਭਰਪੂਰ ਹੋਵੇ। ਕੀਰਤਨ ਦੇ ਸੁਰੀਲੇ ਸੁਰਾਂ ਅਤੇ ਗੁਰਬਾਣੀ ਦੇ ਪਾਵਨ ਉਚਾਰਣ ਨਾਲ ਸਕੂਲ ਦਾ ਮਾਹੌਲ ਆਧਿਆਤਮਿਕ ਬਣ ਗਿਆ। ਇਸ ਮੌਕੇ 'ਤੇ ਬੱਚਿਆਂ ਨੂੰ ਗੁਰਬਾਣੀ ਦੇ ਸਿੱਖਿਆਤਮਕ ਮਤਲਬ ਬਾਰੇ ਵੀ ਜਾਣਕਾਰੀ ਦਿੱਤੀ ਗਈ, ਜਿਸ ਨਾਲ ਉਨ੍ਹਾਂ ਵਿੱਚ ਨੈਤਿਕ ਮੁੱਲਾਂ ਅਤੇ ਚੰਗੇ ਆਚਰਣ ਦੀ ਪ੍ਰੇਰਣਾ ਜਾਗੀ।ਪਾਠ ਉਪਰੰਤ ਵਿਦਿਆਰਥੀਆਂ ਨੂੰ ਨਵੀਆਂ ਕਲਾਸਾਂ ਵਿੱਚ ਅਧਿਆਪਕਾਂ ਵੱਲੋਂ ਖੁਸ਼ੀ ਅਤੇ ਪਿਆਰ ਨਾਲ ਸਵਾਗਤ ਕੀਤਾ ਗਿਆ। ਅਧਿਆਪਕਾਂ ਨੇ ਵਿਦਿਆਰਥੀਆਂ ਨੂੰ ਨਵੇਂ ਸੈਸ਼ਨ ਲਈ ਪ੍ਰੇਰਿਤ ਕਰਦੇ ਹੋਏ ਉਨ੍ਹਾਂ ਨੂੰ ਮਿਹਨਤ, ਅਨੁਸ਼ਾਸਨ ਦੀ ਮਹੱਤਤਾ ਬਾਰੇ ਦੱਸਿਆ। ਬੱਚਿਆਂ ਵਿੱਚ ਨਵੇਂ ਕਲਾਸਰੂਮ, ਨਵੇਂ ਵਿਸ਼ਿਆਂ ਅਤੇ ਨਵੀਆਂ ਕਿਤਾਬਾਂ ਨੂੰ ਲੈ ਕੇ ਖਾਸ ਉਤਸ਼ਾਹ ਦੇਖਣ ਨੂੰ ਮਿਲਿਆ। ਇਸ ਦੌਰਾਨ ਸਕੂਲ ਵਿੱਚ ਵੱਖ-ਵੱਖ ਸਮਾਜਿਕ ਅਤੇ ਰੌਚਕ ਗਤੀਵਿਧੀਆਂ ਦਾ ਆਯੋਜਨ ਵੀ ਕੀਤਾ ਗਿਆ। ਵਿਦਿਆਰਥੀਆਂ ਨੇ ਗਰੁੱਪ ਡਿਸਕਸ਼ਨ, ਡਰਾਇੰਗ, ਗੇਮਜ਼, ਸਾਂਝੇ ਗੀਤ ਅਤੇ ਹੋਰ ਕ੍ਰੀਏਟਿਵ ਐਕਟੀਵਿਟੀਆਂ ਵਿੱਚ ਭਾਗ ਲਿਆ। ਇਨ੍ਹਾਂ ਗਤੀਵਿਧੀਆਂ ਨਾਲ ਬੱਚਿਆਂ ਦੀ ਸਿਰਜਣਾਤਮਕਤਾ, ਆਤਮ-ਵਿਸ਼ਵਾਸ ਅਤੇ ਟੀਮ ਵਰਕ ਦੀ ਭਾਵਨਾ ਨੂੰ ਹੁੰਘਾਰਾ ਮਿਲਿਆ। ਵਾਈਸ ਪ੍ਰਿੰਸੀਪਲ ਡਾ. ਸੰਜੇ ਕੁਮਾਰ ਨੇ ਆਪਣੇ ਸੰਦੇਸ਼ ਵਿੱਚ ਕਿਹਾ ਕਿ ਨਵਾਂ ਸੈਸ਼ਨ ਵਿਦਿਆਰਥੀਆਂ ਲਈ ਨਵੀਆਂ ਉਮੀਦਾਂ ਅਤੇ ਮੌਕਿਆਂ ਦਾ ਦਰਵਾਜ਼ਾ ਖੋਲ੍ਹਦਾ ਹੈ। ਉਨ੍ਹਾਂ ਨੇ ਕਿਹਾ ਕਿ ਬੱਚਿਆਂ ਨੂੰ ਆਪਣਾ ਲਕਸ਼ ਨਿਰਧਾਰਤ ਕਰਕੇ ਮਨ ਲਾ ਕੇ ਪੜ੍ਹਾਈ ਕਰਨੀ ਚਾਹੀਦੀ ਹੈ ਅਤੇ ਆਪਣੇ ਅਧਿਆਪਕਾਂ ਦੀ ਰਹਿਨੁਮਾਈ ਵਿੱਚ ਅੱਗੇ ਵਧਣਾ ਚਾਹੀਦਾ ਹੈ। ਪ੍ਰਿੰਸੀਪਲ ਮੈਡਮ ਕਮਲਜੀਤ ਕੌਰ ਨੇ ਕਿਹਾ ਕਿ ਸਿੱਖਿਆ ਸਿਰਫ ਕਿਤਾਬੀ ਗਿਆਨ ਤੱਕ ਸੀਮਿਤ ਨਹੀਂ ਹੈ, ਸਗੋਂ ਇਹ ਵਿਅਕਤੀਗਤ ਵਿਕਾਸ ਅਤੇ ਚੰਗੇ ਚਰਿੱਤਰ ਦੀ ਨਿਰਮਾਣ ਲਈ ਵੀ ਮਹੱਤਵਪੂਰਨ ਹੈ। ਉਨ੍ਹਾਂ ਨੇ ਵਿਦਿਆਰਥੀਆਂ ਨੂੰ ਪ੍ਰੇਰਿਤ ਕੀਤਾ ਕਿ ਉਹ ਅਨੁਸ਼ਾਸਨ ਵਿੱਚ ਰਹਿੰਦੇ ਹੋਏ ਉੱਚੀਆਂ ਉਪਲਬੱਧੀਆਂ ਹਾਸਲ ਕਰਨ ਅਤੇ ਆਪਣੇ ਮਾਪਿਆਂ ਅਤੇ ਸਕੂਲ ਦਾ ਨਾਮ ਰੌਸ਼ਨ ਕਰਨ। ਅੰਤ ਵਿੱਚ ਸਕੂਲ ਪ੍ਰਬੰਧਕਾਂ ਵੱਲੋਂ ਸਭ ਨੂੰ ਨਵੇਂ ਸੈਸ਼ਨ ਦੀਆਂ ਵਧਾਈਆਂ ਦਿੱਤੀਆਂ ਗਈਆਂ ਅਤੇ ਇਹ ਆਸ ਪ੍ਰਗਟ ਕੀਤੀ ਗਈ ਕਿ ਇਹ ਸੈਸ਼ਨ ਸਾਰੇ ਵਿਦਿਆਰਥੀਆਂ ਲਈ ਸਫਲਤਾ, ਖੁਸ਼ੀ ਅਤੇ ਨਵੀਆਂ ਉਪਲੱਬਧੀਆਂ ਲੈ ਕੇ ਆਵੇਗਾ।

